
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

Monthly Issue "Atam Marg"

November 2007

ਆਤਮ ਮਾਰਗ



ਸਾਲ ਤੇਰ੍ਹਵਾਂ, ਮਹੀਨਾ ਨਵੰਬਰ, 2007
ਫਾਉਂਡਰ ਚੇਅਰਮੈਨ
ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ ਮਹਾਰਾਜ
ਚੇਅਰਪਰਸਨ
ਬੀਬੀ ਰਣਜੀਤ ਕੌਰ ਜੀ ਰਤਵਾੜਾ ਸਾਹਿਬ

SUBSCRIPTION FOREIGN (ਵਿਦੇਸ਼)

	Annual	Life
U.S.A.	50 US$	500 US$
U.K.	30 £	300 £
Aus.	80 $	800 $
Europ	50 Euro	500 Euro

Postal Address for 'ATAM MARG' Enquiry, Money Order, Cheque, Draft & correspondence
V.G.R.M Charitable Trust 'Atam Marg'
Gurdwara Ishar Parkash, Ratwara Sahib
(Near Chandigarh) P.O. Mullanpur Garibdas, Teh. Kharar,
Distt. S.A.S. Nagar (Mohali) 140901 Pb.

Office 'Atam Marg' Ph. No. - 0160-2255002, 2255009
Mobile - 9417214391,79

FOREIGN (ਵਿਦੇਸ਼) CONTACT NO.

U.S.A. - Baba Satnam Singh ji Atwal
Phone and Fax : 408-263-1844
Bhai Kuldeep Singh Sher Gill
Phone : 408-230-8319
Bibi Sukhvinder Kaur Bains
Phone : 403-270-3387
Canada - Bhai Sarmukh Singh Pannu
Phone - 604-433-0408
England - Bibi Gurbax Kaur / Jagtar Singh Jagi
Phone : 0121-200-2818
Fax : 0121-200-2879, **Raj Mobile** : 07968734058
Australia - Bhai Jiwan Singh ji
Phone : 03-943-65865, Fax : 03-943-65867

For more information please visit us on internet at:-
Email : atammarg@yahoo.co.in, contact@ratwarasahib.org
Website: www.ratwarasahib.org

ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ. ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

ਤੱਤਕਰਾ

1. ਬਾਰਾਮਾਹਾ 2
2.ਸੰਪਾਦਕੀ 3
3. ਚਉਥੈ ਪਹਿਰ ਸਬਾਹ ਕੇ 4
4. ਮਨੋਭਾਵਾਂ ਦੀ ਰਚਨਾਤਮਕ ਵਰਤੋਂ 12
5. ਸ੍ਰੀ ਗੁਰੂ ਨਾਨਕ ਦੇਵ ਜੀ 16
7. ਸੰਤ ਬਿਮਲਾ ਸਿੰਘ 33
6.ਮਾਨੁਖ ਤਨ ਦਾ ਪ੍ਰਯੋਜਨ 40
9. ਸਮੁੱਚੀ ਅਰੋਗਤਾ ਲਈ ਪਥ-ਪਰਦਰਸ਼ਕ 50
10. ਹਿਰਦੇ ਰੋਗ ਤੋਂ ਮੁਕਤੀ 61

SUBSCRIPTION - ਚੰਦਾ - (ਦੇਸ਼)

ਸਾਲਾਨਾ	ਜੀਵਨ ਕਾਲ	ਫੀ ਕਾਪੀ
200/-	2000/-	20/-
280/-	2080/-	(For outstation cheques)

ਸੰਪਰਕ ਨੰ. ਰਤਵਾੜਾ ਸਾਹਿਬ

ਰਤਵਾੜਾ ਸਾਹਿਬ	0160-2255001
ਪਰਮ ਸਤਿਕਾਰ ਯੋਗ ਬੀਜੀ	9417214381
ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ -	9417214378
ਜਥੇਦਾਰ ਅਮਰੀਕ ਸਿੰਘ ਖੇਤੀਬਾੜੀ ਇੰਚਾਰਜ	9417214383
ਜਰਨਲ - 9417214384, ਬੀ ਐਡ ਕਾਲਜ -	9417214382
ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ	9417214380
ਆਡੀਓ ਵੀਡੀਓ ਲਾਇਬ੍ਰੇਰੀ	9417214385
ਅਖੰਡਪਾਠ ਬੁਕਿੰਗ	9417214386
ਅਕਾਊਂਟੈਂਟ	9417214390
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ	0160-2255003

ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ
ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ
ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

ਜਾਰੀ ਕਰਤਾ - ਆਤਮ ਮਾਰਗ ਸਪਿਰਚੁਅਲ ਸਾਇੰਟਿਫਿਕ ਐਜ਼ੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.

ਬਾਰਹਮਾਹਾ
ਮੰਘਿਰਿ

ਗੁਰੂ ਅਰਜਨ ਦੇਵ ਜੀ ਦੇ ਰਾਗ ਮਾਝ ਵਿਚ ਉਚਾਰਨ ਕੀਤੇ ਬਾਰਹਮਾਹਾ ਅਤੇ ਗੁਰੂ ਨਾਨਕ ਦੇਵ ਜੀ ਦੇ ਰਾਗ ਤੁਖਾਰੀ ਵਿਚ ਉਚਾਰਨ ਕੀਤੇ ਬਾਰਹਮਾਹਾ ਵਿਚੋਂ ਮੰਘਰਿ ਮਹੀਨੇ ਦਾ ਪਾਠ ਅਤੇ ਸਰਲ ਅਰਥ।

ਬਾਰਹਮਾਹਾ ਮਾਂਝ ਮਹਲਾ ੫ ਘਰੁ ੪
(ਪੰਨਾ-135)

ਮੰਘਿਰਿ ਮਾਹਿ ਸੋਹੰਦੀਆ
ਹਰਿ ਪਿਰ ਸੰਗਿ ਬੈਠੜੀਆਹ॥
ਤਿਨ੍ ਕੀ ਸੋਭਾ ਕਿਆ ਗਣੀ
ਜਿ ਸਾਹਿਬਿ ਮੇਲੜੀਆਹ॥

ਮੱਘਰ ਦੇ ਠੰਡੇ ਮਿੱਠੇ ਮਹੀਨੇ ਵਿਚ ਉਹ ਜੀਵ ਰੂਪ ਇਸਤ੍ਰੀਆਂ ਸੋਹਣੀਆਂ ਲਗਦੀਆਂ ਹਨ ਜੋ ਹਰੀ-ਪਤੀ ਦੇ ਨਾਲ ਬੈਠੀਆਂ ਹੁੰਦੀਆਂ ਹਨ, ਉਸ ਦੀ ਸੰਗਤ ਮਾਣਦੀਆਂ ਹਨ। ਪਰ ਇਹ ਮਿਲਾਪ ਉਸ ਪ੍ਰਮਾਤਮਾ ਦੀ ਬਖਸ਼ਿਸ਼ ਹੈ। ਜਿਨ੍ਹਾਂ ਨੂੰ ਮਾਲਕ-ਪ੍ਰਭੂ ਨੇ ਆਪਣੇ ਨਾਲ ਮਿਲਾ ਲਿਆ ਹੈ, ਉਨ੍ਹਾਂ ਦੀ ਸੋਭਾ ਬਿਆਨ ਨਹੀਂ ਹੋ ਸਕਦੀ। ਪਤੀ-ਪ੍ਰਮੇਸ਼ੁਰ ਦਾ ਮਿਲਾਪ ਹੀ ਜਗਿਆਸੂ ਦੀ ਲੋਚਾ ਅਤੇ ਜੀਵਨ-ਆਦਰਸ਼ ਹੈ।

ਤਨੁ ਮਨੁ ਮਉਲਿਆ ਰਾਮ ਸਿਉ
ਸੰਗਿ ਸਾਧ ਸਹੇਲੜੀਆਹ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥

ਜਿਨ੍ਹਾਂ ਭਾਗਵਾਨ ਜੀਵ-ਇਸਤ੍ਰੀਆਂ ਨੂੰ ਸਤਿਸੰਗੀ ਸਹੇਲੀਆਂ ਦੀ ਸੰਗਤ ਵਿਚ ਰਹਿੰਦਿਆਂ ਪ੍ਰਭੂ ਮਿਲਾਪ ਪ੍ਰਾਪਤ ਹੁੰਦਾ ਹੈ, ਉਨ੍ਹਾਂ ਦਾ ਤਨ ਮਨ ਸਦਾ ਖਿੜਿਆ ਰਹਿੰਦਾ ਹੈ। ਉਹ ਵਿਸਮਾਦ ਅਤੇ ਅਨੰਦ ਵਿਚ ਵਿਚਰਦੀਆਂ ਹਨ ਪਰ ਜਿਹੜੀਆਂ ਜੀਵ ਇਸਤ੍ਰੀਆਂ ਪ੍ਰਭੂ ਪਿਆਰ ਵਾਲੇ ਸਤਿਸੰਗ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ, ਉਹ ਤਾਂ ਇਕੱਲੀ (ਛੁਟੜ) ਇਸਤ੍ਰੀ ਵਾਂਗ ਦੁਖੀ ਜੀਵਨ ਬਤੀਤ ਕਰਦੀਆਂ ਹਨ।

ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥

ਉਨ੍ਹਾਂ ਦੀ ਦੁਖ-ਭਰੀ ਕਹਾਣੀ ਬਹੁਤ ਲੰਮੀ ਹੁੰਦੀ ਹੈ, ਉਨ੍ਹਾਂ ਦੇ ਦੁਖਾਂ ਦਾ ਕਦੇ ਅੰਤ ਨਹੀਂ ਹੁੰਦਾ, ਉਨ੍ਹਾਂ ਦਾ ਕੁਲ ਜੀਵਨ ਵਿਕਾਰਾਂ ਦੇ ਦੁਖ ਭੋਗਦਾ ਹੈ ਅੰਤ ਜਮਾਂ ਦੇ ਵਸ ਪੈਂਦਾ ਹੈ।

ਜਿਨੀ ਰਾਵਿਆ ਪ੍ਰਭੁ ਆਪਣਾ
ਸੇ ਦਿਸਨਿ ਨਿਤ ਖੜੀਆਹ।।
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥

ਪਰ ਜਿਨ੍ਹਾਂ ਜਿਨ੍ਹਾਂ ਜੀਵ-ਇਸਤ੍ਰੀਆਂ ਨੇ ਪ੍ਰਭੂ-ਪਤੀ ਦਾ ਸਾਥ ਮਾਣਿਆ ਹੈ, ਉਹ ਵਿਕਾਰਾਂ ਤੋਂ ਸਦਾ ਸੁਚੇਤ ਰਹਿੰਦੀਆਂ ਹਨ ਅਤੇ ਸਦਾ ਪ੍ਰਭੂ ਦੇ ਸਨਮੁਖ ਵਿਸਮਾਦ ਅਵਸਥਾ ਵਿਚ ਵਿਚਰਦੀਆਂ ਦ੍ਰਿਸ਼ਟਮਾਨ ਹੁੰਦੀਆਂ ਹਨ। ਉਹ ਪ੍ਰਮਾਤਮਾ ਦੀ ਸਿਫਤਿ-ਸਾਲਾਹ ਵਿਚ ਸਦਾ ਰੰਗੀਆਂ ਰਹਿੰਦੀਆਂ ਹਨ, ਮਾਨੋ ਉਨ੍ਹਾਂ ਨੇ ਪ੍ਰਮਾਤਮਾ ਦੇ ਗੁਣਨਵਾਦ ਦੇ ਹੀਰੇ, ਮੋਤੀਆਂ, ਜਵਾਹਰ, ਲਾਲਾਂ ਦੇ ਹਾਰ ਗਲ ਵਿਚ ਪਾਏ ਹੋਏ ਹਨ ਤੇ ਸ਼ੋਭਨੀਕ ਹੋ ਕੇ ਸੰਸਾਰ ਵਿਚ ਵਿਚਰਦੀਆਂ ਹਨ।

ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥
ਮੰਘਿਰਿ ਪ੍ਰਭੂ ਆਰਾਧਣਾ ਬਹੁੜਿ ਨ ਜਨਮੜੀਆਹ॥

ਗੁਰੂ ਮਹਾਰਾਜ ਐਸੀਆਂ ਪ੍ਰਭ ਦਰ ਤੇ ਪ੍ਰਭ-ਰੰਗ-ਰਤੀਆਂ, ਪ੍ਰਭ ਮਿਲਾਪ ਵਿਚ ਵਿਸਮਾਦ ਮਾਣਦੀਆਂ ਜੀਵ ਇਸਤ੍ਰੀਆਂ ਦੇ ਚਰਨਾਂ ਦੀ ਧੂੜ੍ਹੀ ਮੰਗਦੇ ਹਨ। ਮੱਘਰ ਮਹੀਨੇ ਵਿਚ ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਜੋ ਜੀਵ ਪ੍ਰਭੂ ਦੀ ਸ਼ਰਨ ਵਿਚ ਰਹਿੰਦੇ ਹਨ, ਉਸ ਦਾ ਸਿਮਰਨ ਕਰਦੇ ਹਨ, ਉਹ ਮੁੜ ਜਨਮ ਮਰਣ ਦੇ ਗੇੜ ਵਿਚ ਨਹੀਂ ਪੈਂਦੇ।

ਤੁਖਾਰੀ ਛੰਤ ਮਹਲਾ ੧ (ਪੰਨਾ 1109)

ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ॥
ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ॥

ਮੱਘਰ ਦਾ ਮਹੀਨਾ ਉਨ੍ਹਾਂ ਜੀਵ ਇਸਤ੍ਰੀਆਂ ਲਈ ਕਿੰਨਾ, ਭਲਾ, ਚੰਗਾ ਸੁਹਾਵਣਾ ਤੇ ਸੁਭਾਇਮਾਨ ਹੈ ਜੋ ਹਰਿ-ਗੁਣ ਗਾਇਨ ਕਰਕੇ, ਪ੍ਰਭੂ-ਸਿਮਰਨ ਕਰਕੇ ਪ੍ਰਭੂ ਨੂੰ ਹਿਰਦੇ ਵਿਚ ਵਸਾ ਲੈਂਦੀਆਂ ਹਨ। ਗੁਣਵਾਨ ਜੀਵ-ਇਸਤ੍ਰੀ ਨੂੰ ਸਦਾ ਥਿਰ ਰਹਿਣ ਵਾਲਾ ਪ੍ਰਭੂ-ਪਤੀ ਪਿਆਰਾ ਲਗਦਾ, ਉਹ ਸਦਾ ਪ੍ਰਭੂ ਦੇ ਗੁਣ ਗਾਇਨ ਵਿਚ ਮਸਤ ਰਹਿੰਦੀ ਹੈ।

ਨਿਹਚਲੁ ਚਤੁਰੁ ਸੁਜਾਣੁ ਬਿਧਾਤਾ
ਚੰਚਲੁ ਜਗਤੁ ਸਬਾਇਆ॥
ਗਿਆਨੁ ਧਿਆਨੁ ਗੁਣ ਅੰਕਿ ਸਮਾਣੇ
ਪ੍ਰਭ ਭਾਣੇ ਤਾ ਭਾਇਆ॥

ਹੋਰ ਸਾਰਾ ਜਗਤ ਨਾਸ਼ਵੰਤ ਹੈ, ਮਰਣਸ਼ੀਲ ਹੈ, ਕੇਵਲ ਇਕ ਪ੍ਰਭੂ-ਪ੍ਰਮੇਸ਼ਰ ਹੀ ਨਿਹਚਲ ਹੈ, ਸਥਿਰ ਹੈ, ਚਤੁਰ ਹੈ, ਸਿਆਣਾ ਹੈ, ਸਿਰਜਣਹਾਰ (ਬਿਧਾਤਾ) ਹੈ। ਪ੍ਰਭੂ-ਪਿਆਰ ਵਾਲੀ ਇਸਤ੍ਰੀ ਨੂੰ ਪ੍ਰਭੂ ਦਾ ਸਹੀ ਗਿਆਨ, ਪੂਰੀ ਪਛਾਣ ਪ੍ਰਾਪਤ ਹੁੰਦੀ ਹੈ ਅਤੇ ਉਸ ਦੇ ਚਰਨਾਂ ਵਿਚ ਸੁਰਤਿ ਦਾ ਪੂਰਨ ਟਿਕਾਉ ਨਸੀਬ ਹੁੰਦਾ ਹੈ ਅਤੇ ਪ੍ਰਭੂ ਦੀ ਸਿਫਤਿ-ਸਾਲਾਹ ਦਾ ਗੁਣ ਗਾਇਨ ਉਸ ਦੇ ਹਿਰਦੇ ਵਿਚ ਆ ਵਸਦਾ ਹੈ ਅਤੇ ਪ੍ਰਭੂ ਦੀ ਰਜ਼ਾ ਅਨੁਸਾਰ ਇਹ ਸਭ ਕੁਝ ਉਸ ਜੀਵ ਇਸਤ੍ਰੀ ਨੂੰ ਚੰਗਾ ਲਗਣ ਲਗ ਪੈਂਦਾ ਹੈ।

ਗੀਤ ਨਾਦ ਕਵਿਤ ਕਵੇ
ਸੁਣਿ ਰਾਮ ਨਾਮਿ ਦੁਖੁ ਭਾਗੈ॥
ਨਾਨਕ ਸਾ ਧਨ ਨਾਹ ਪਿਆਰੀ
ਅਭ ਭਗਤੀ ਪਿਰ ਆਗੈ॥

ਪ੍ਰਭੂ ਦੀ ਸਿਫਤਿ-ਸਾਲਾਹ ਦੇ ਗੀਤ, ਬਾਣੀ, ਕਾਵਿ

(ਬਾਕੀ ਪੰਨਾ 11 ਤੇ)

ਸੰਪਾਦਕੀ

ਇਹ ਪਿਆਰੀ ਨਵੰਬਰ ਮਹੀਨੇ ਦੀ ਆਤਮ ਮਾਰਗ ਪਤ੍ਰਿੱਕਾ ਜਿਸ ਸਮੇਂ ਆਪ ਜੀ ਤੱਕ ਪਹੁੰਚੇਗੀ ਉਸ ਸਮੇਂ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਸੰਤ ਮਹਾਰਾਜ ਜੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਦੇ ਬਾਨੀ ਮਹਾਂਪੁਰਖਾਂ ਦੀ ਛੇਵੀਂ ਬਰਸੀ ਦੇ ਸਬੰਧ ਵਿੱਚ ਮਹਾਨ ਸੰਤ ਸੰਮੇਲਨ ਹੋ ਰਿਹਾ ਹੋਵੇਗਾ। ਮਹਾਂਪੁਰਸ਼ਾਂ ਦੀ ਪਾਵਨ ਯਾਦ ਅੰਦਰ ਦੇਸ਼ਾਂ ਵਿਦੇਸ਼ਾਂ ਤੋਂ ਸੰਗਤਾਂ ਗੁਰਦੁਆਰਾ ਰਤਵਾੜਾ ਸਾਹਿਬ ਪਹੁੰਚਕੇ ਤਨ ਮਨ ਧਨ ਨਾਲ ਸੇਵਾ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ ਹਨ। ਮਹਾਨ ਯੁੱਗ ਪੁਰਸ਼ਾਂ ਦੇ ਪਵਿੱਤਰ ਜੀਵਨ ਤੋਂ ਸਾਨੂੰ ਜੀਵਨ ਜਾਚ ਪ੍ਰਾਪਤ ਹੁੰਦੀ ਹੈ। ਇਸ ਤਰ੍ਹਾਂ ਦੇ ਮਹਾਂਪੁਰਸ਼ਾਂ ਦਾ ਜੀਵਨ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ। ਸਤਿ ਪੁਰਸ਼ਾਂ ਦੀ ਬਹੁਪੱਖੀ ਸਖਸ਼ੀਅਤ ਸਾਨੂੰ ਸਤਿ ਮਾਰਗ ਉਪਰ ਚਲਣ ਦੀ ਪ੍ਰੇਰਨਾ ਕਰਦੀ ਹੈ। ਸਾਲ ਦੇ ਚਾਰ ਦਿਨ 28 ਤੋਂ 31 ਅਕਤੂਬਰ ਦੇਸ਼ਾਂ ਅਤੇ ਵਿਦੇਸ਼ਾਂ ਦੀਆਂ ਸੰਗਤਾਂ ਰਤਵਾੜਾ ਸਾਹਿਬ ਪਹੁੰਚ ਕੇ ਮਹਾਂਪੁਰਸ਼ਾਂ ਦੁਆਰਾ ਕੀਤੇ ਪ੍ਰਉਪਕਾਰਾਂ ਨੂੰ ਯਾਦ ਕਰਦੀਆਂ ਹਨ। ਸਾਰਾ ਸਾਲ ਹੀ ਦੇਸ਼ਾਂ ਵਿਦੇਸ਼ਾਂ ਵਿੱਚ ਉਨ੍ਹਾਂ ਦੀ ਯਾਦ ਨੂੰ ਆਪੋ ਆਪਣੇ ਪਿਆਰ ਬੈਰਾਗ ਭਰੇ ਜਜ਼ਬਾਤਾਂ ਨਾਲ ਸਤਿਸੰਗ ਕਰਕੇ ਸ਼ਰਧਾ ਸਹਿਤ ਮਨਾਉਂਦੀਆਂ ਹਨ।

ਗੁਰਦੁਆਰਾ ਰਤਵਾੜਾ ਸਾਹਿਬ ਦੀ ਪਾਵਨ ਭੂਮੀ ਉਪਰ ਸਕੂਲ ਕਾਲਜ ਹਸਪਤਾਲ ਮਹਾਂਪੁਰਸ਼ਾਂ ਦੀ ਸਦੀਵੀ ਯਾਦ ਸਦਾ ਹੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਹੂਲਤਾਂ ਪ੍ਰਦਾਨ ਕਰਦੀਆਂ ਰਹਿਣਗੀਆਂ। ਰੂਹਾਨੀ ਸੇਧ ਪ੍ਰਦਾਨ ਕਰਨ ਵਾਸਤੇ ਸਤਿਪੁਰਸ਼ਾਂ ਨੇ ਆਪਣੇ ਸਰੀਰ ਕਾਲ ਸਮੇਂ ਹੀ ਅਨੇਕਾਂ ਰੂਹਾਨੀ ਪੁਸਤਕਾਂ ਦੀ ਰਚਨਾਂ ਕੀਤੀ ਹੈ। ਗੂਹਝ ਗੁਰਬਾਣੀ ਸਿਧਾਂਤ ਨੂੰ ਬਹੁਤ ਹੀ ਸਰਲ ਬੋਲੀ ਵਿੱਚ ਲਿਖਣ ਦੀ ਕ੍ਰਿਪਾਲਤਾ ਕੀਤੀ ਹੈ। ਹੁਣ ਵੀ ਹਰ ਸਾਲ ਮਹਾਂਪੁਰਸ਼ਾਂ ਦੇ ਅਨੁਭਵੀ ਪ੍ਰਵਚਨਾਂ ਦਾ ਵੱਖੋ ਵੱਖਰੇ ਵਿਸ਼ਿਆਂ ਉਪਰ ਸੰਗ੍ਰਹਿ ਕਰਕੇ ਪੁਸਤਕਾਂ ਦਾ ਰੂਪ ਟਰਸਟ ਵੱਲੋਂ ਦਿਤਾ ਜਾ ਰਿਹਾ ਹੈ। ਦੇਸ਼ ਦੀਆਂ ਪ੍ਰਾਂਤਕ ਭਾਸ਼ਾ ਦੇ ਨਾਲ ਇੰਟਰਨੈਸ਼ਨਲ ਭਾਸ਼ਾ ਅੰਗਰੇਜ਼ੀ ਵਿੱਚ ਅਨੁਵਾਦ ਕਰਵਾ ਕੇ ਸਰਬਸਾਂਝੀ ਗੁਰਬਾਣੀ ਸਿਧਾਂਤ ਨੂੰ ਪ੍ਰਸਾਰਣ ਦਾ ਮਹਾਨ ਉਪਰਾਲਾ ਇਸ ਸੰਸਥਾਂ ਵੱਲੋਂ ਕੀਤਾ ਜਾ ਰਿਹਾ ਹੈ। ਇਹ ਨਿਰੋਲ ਰੂਹਾਨੀ ਸੰਸਥਾਂ ਦੇ ਸੀਮਤ ਸਾਧਨ ਹੋਣ ਦੇ ਬਾਵਜੂਦ ਗੁਰਬਾਣੀ ਪ੍ਰੇਮੀਆਂ ਨੂੰ ਅੱਧੀ ਭੇਟਾ ਤੋਂ ਲੈ ਕੇ ਮੁਫਤ ਭੇਜਣ ਤੱਕ ਦੀ ਵੀ ਮਹਾਨ ਸੇਵਾ ਕੀਤੀ ਜਾ ਰਹੀ ਹੈ। ਲਾਇਬਰੇਰੀਆਂ, ਸੰਸਥਾਵਾਂ, ਸਾਧੂ ਸੰਤਾਂ ਦੀਆਂ ਸੰਪ੍ਰਦਾਵਾਂ ਅਤੇ ਧਾਰਮਿਕ ਸੰਸਥਾਨਾ ਨੂੰ ਗੁਰਬਾਣੀ ਪ੍ਰਚਾਰ ਹਿੱਤ ਮਾਸਿਕ ਮੈਗਜ਼ੀਨ ਹਿੰਦੀ ਅੰਗਰੇਜੀ ਪੰਜਾਬੀ ਵਿੱਚ ਭੇਜਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਨਿਰੋਲ ਰੂਹਾਨੀ ਸੰਸਥਾ ਦਾ ਰਾਜਨਿਤਕ ਖੇਤਰ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ। ਇਹ ਸਾਰਿਆਂ ਨੂੰ ਹੀ ਪਿਆਰ ਭਰੀ ਖਸ਼ਬੋਅ ਵੰਡਦੀ ਹੈ। ਇਸ ਸੰਸਥਾ ਦੀ ਵਿਸ਼ਵ ਵਿਆਪੀ ਸੋਚ ਹੋਣ ਕਾਰਨ ਜਾਤਾਂ, ਮਜ੍ਹਬਾਂ ਅਤੇ ਦੇਸਾਂ ਦੀਆਂ ਹੱਦਾਂ ਤੋਂ ਉਪਰ ਉਠ ਕੇ ਨਿਰੋਲ ਰੂਹਾਨੀਅਤ ਦਾ ਪ੍ਰਚਾਰ ਗੁਰਬਾਣੀ ਪ੍ਰਕਾਸ਼ ਅੰਦਰ ਹੀ ਰਹਿ ਕੇ ਕਰਨਾਂ ਹੈ। ਆਤਮ ਮਾਰਗ ਪਤ੍ਰਿਕਾ ਦੇ ਪਿਛਲੇ ਸਮੇਂ ਅੰਦਰ ਕੋਈ ਵੀ ਇੱਕ ਅੱਖਰ ਰਾਗ ਦਵੈਸ਼ ਵਾਲਾ ਕਦੇ ਵੀ ਪ੍ਰਕਾਸ਼ਿਤ ਨਹੀਂ ਕੀਤਾ ਗਿਆ ਹੈ। ਇਸੇ ਲਈ ਸਾਰੇ ਹੀ ਮਜ੍ਹਬਾਂ ਦੇ ਪ੍ਰੇਮੀ ਜਨ ਇਸ ਦੇ ਨਿਰੰਤਰ ਪਾਠਕ ਬਣ ਰਹੇ ਹਨ। ਸੰਸਾਰ ਦੇ ਵਿੱਚ ਕਦੇ ਵੀ ਵੱਖੋ ਵੱਖਰੇ ਧਰਮ ਨਹੀਂ ਹੋਇਆ ਕਰਦੇ ਹਨ। ਸਾਰਿਆਂ ਦਾ ਇੱਕ ਹੀ ਧਰਮ ਹੁੰਦਾ ਹੈ। ਮਜ੍ਹਬ, ਪੰਥ ਭਾਵ ਰਸਤਾ ਨਾਮ ਜਪ ਕੇ ਪਰਮ ਆਪੇ ਦੀ ਪਹਿਚਾਣ ਕਰਨਾ ਹੈ। ਇਸ ਲਈ ਧਰਮ ਇੱਕ ਹੈ ਅਤੇ ਮਜ੍ਹਬ ਵੱਖੋ ਵੱਖਰੇ ਹਨ। ਧਰਮ ਯੁਨੀਵਰਸਲ ਕਰੈਕਟਰ ਦਾ ਨਾਮ ਹੈ। ਜਿਸ ਵੀ ਇਨਸਾਨ ਦੇ ਅੰਦਰ ਦਿਆ ਇਤਿਆਦਿਕ ਦੇ ਸਤੋ ਗੁਣੀ ਦੈਵੀ ਗੁਣ ਹਲ ਉਸ ਨੂੰ ਹੀ ਧਰਮੀ ਪੁਰਸ਼ ਕਿਹਾ ਜਾਂਦਾ ਹੈ, ਭਾਵੇਂ ਕਿ ਉਹ ਇਨਸਾਨ ਕਿਸੇ ਵੀ ਮਜ੍ਹਬ ਨਾਲ ਸਬੰਧ ਰੱਖਦਾ ਹੈ। ਸਾਡੇ ਜੀਵਨ ਦੇ ਜਿਉਣ ਦਾ ਢੰਗ ਤਰੀਕਾ ਨਾਮ ਜਪਣਾ, ਕਿਰਤ ਕਰਨਾ, ਵੰਡ ਛਕਣ ਦੇ ਨਾਲ ਨਾਮ ਜਪ ਕੇ ਇਸ ਪਕ੍ਰਿਕਾ ਦੇ ਮੁੱਖ ਟਾਇਟਲ ਉਪਰ ਲਿਖਿਆ ਮੋਟੋ 'ਏਕੋ ਬ੍ਰਹਮੁ ਦੁਤੀਯ ਨਾਸਤਿ॥' ਤੱਕ ਅਵਸਥਾ ਪ੍ਰਾਪਤ ਕਰਨੀ ਹੈ। ਪ੍ਰਤੱਖ ਨੂੰ ਪ੍ਰਮਾਣ ਦੇਣ ਦੀ ਲੋੜ ਨਹੀਂ ਹੈ। ਜਿਵੇਂ ਕਿ ਪਿਛਲੇ ਸਮੇਂ ਤੋਂ ਲੈ ਕੇ ਹੁਣ ਤੱਕ ਇਸ ਪਤ੍ਰਿਕਾ ਰਾਹੀਂ ਭਰਾਤਰੀ ਪ੍ਰੇਮ ਪਿਆਰ ਦਾ ਉਪਦੇਸ਼ ਦਿਤਾ ਜਾਂਦਾ ਰਿਹਾ ਹੈ। ਹੁਣ ਵੀ ਸੰਗਤਾਂ ਦਿਲ ਤੋਂ ਮਹਾਂਪੁਰਸ਼ਾਂ ਨੂੰ ਯਾਦ ਕਰਦੀਆਂ ਹੋਈਆਂ ਵੱਖੋ ਵੱਖਰੇ ਦੇਸ਼ਾਂ, ਮਜ੍ਹਬਾਂ ਅਤੇ ਕੌਮਾਂ ਹੋਣ ਦੇ ਬਾਵਜੂਦ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਪਹੁੰਚੀਆਂ ਹਨ। ਮਹਾਂਪੁਰਸਾਂ ਦੀ ਬਰਸੀ ਸਮਾਗਮ ਸਮੇਂ ਸੰਸਾਰ-ਸੁ-ਪ੍ਰਸਿੱਧ ਸਾਧੂ ਸੰਤ ਸਵਾਮੀ ਯੋਗੀ ਜਨ ਵੀ ਰਤਵਾੜਾ ਸਾਹਿਬ ਪਹੁੰਚ ਕੇ ਅਦਵੈਤ ਸਿਧਾਂਤ ਦੇ ਪ੍ਰਵਚਨ ਕਰਕੇ ਨਾਮ ਬਾਣੀ ਨਾਲ ਜੋੜਨ ਦਾ ਮਹਾਨ ਉਪਰਾਲਾ ਕਰ ਰਹੇ ਹਨ। ਇਸ ਲਈ ਸਾਨੂੰ ਵੀ ਇਸ ਪਤ੍ਰਿਕਾ ਦੇ ਬਾਨੀ ਮਹਾਂਪੁਰਸ਼ਾਂ ਦੀ ਸਲਾਨਾ ਬਰਸੀ ਸਮੇਂ ਉਨਾਂ ਦੁਆਰਾ ਸੰਚਾਲਿਤ ਕੀਤੇ ਪ੍ਰਉਪਕਾਰੀ ਕਾਰਜਾਂ ਨੂੰ ਨਿਰੰਤਰ ਚਲਾਏ ਜਾਣ ਵਾਸਤੇ ਦ੍ਰਿੜ ਸੰਕਲਪ ਲੈਣਾ ਚਾਹੀਦਾ ਹੈ।

ਚਉਥੈ ਪਹਰਿ ਸਬਾਹ ਕੈ

ਸੁਰਤਿਆ ਉਪਜੈ ਚਾਉ

(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂ. ਮਿਸ਼ਨ

ਹੁਕਮਨਾਮਾ

ਸੋਰਠਿ ਮਹਲਾ ੩ ॥
ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ
ਜੁਗ ਚਾਰੇ ਭਰਮਾਈ ॥
ਹਮ ਦੀਨ ਤੁਮ ਜੁਗੁ ਜੁਗੁ ਦਾਤੇ
ਸਬਦੇ ਦੇਹਿ ਬੁਝਾਈ ॥ ੧ ॥
ਹਰਿ ਜੀਉ ਕ੍ਰਿਪਾ ਕਰਹੁ ਤੁਮ ਪਿਆਰੇ ॥
ਸਤਿਗੁਰੁ ਦਾਤਾ ਮੇਲਿ ਮਿਲਾਵਹੁ
ਹਰਿ ਨਾਮੁ ਦੇਵਹੁ ਆਧਾਰੇ ॥ ਰਹਾਉ ॥
ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ
ਪਾਇਆ ਨਾਮੁ ਅਪਾਰਾ ॥
ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ
ਕਿਲਬਿਖ ਕਾਟਣਹਾਰਾ ॥ ੨ ॥
ਸਬਦਿ ਮਰਹੁ ਫਿਰਿ ਜੀਵਹੁ ਸਦ ਹੀ
ਤਾ ਫਿਰਿ ਮਰਣੁ ਨ ਹੋਈ ॥
ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ
ਸਬਦੇ ਪਾਵੈ ਕੋਈ ॥ ੩ ॥
ਦਾਤੈ ਦਾਤਿ ਰਖੀ ਹਥਿ ਅਪਣੈ
ਜਿਸੁ ਭਾਵੈ ਤਿਸੁ ਦੇਈ ॥
ਨਾਨਕ ਨਾਮਿ ਰਤੇ ਸੁਖੁ ਪਾਇਆ
ਦਰਗਹ ਜਾਪਹਿ ਸੇਈ ॥ ੪ ॥ *ਅੰਗ - ੬੦੩*

ਸਾਧ ਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ

ਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਹੈ ਉਨ੍ਹਾਂ ਪ੍ਰੇਮੀਆਂ ਦੇ ਉਤੇ ਜਿਹੜੇ ਆਲਸ ਦਾ ਤਿਆਗ ਕਰਕੇ ਅੰਮ੍ਰਿਤ ਵੇਲੇ ਨੂੰ ਸੰਭਾਲਦੇ ਨੇ ਤੇ ਏਸ ਅੰਮ੍ਰਿਤ ਵੇਲੇ ਦੇ ਵਿਚ ਨਾਮ ਰੂਪੀ ਖੇਤੀ ਬੀਜਦੇ ਹਨੇ। ਮਹਾਰਾਜ ਜੀ ਦਾ ਫੁਰਮਾਨ ਹੈ ਕਿ ਅੰਮ੍ਰਿਤ ਵੇਲੇ ਦੀ ਖੇਤੀ ਬੀਜੀ ਹੋਈ -

ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ
ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ ॥
ਅੰਗ - ੭੩੪

ਐਨੀ ਵਧ ਜਾਂਦੀ ਹੈ ਕਿ ਉਹ ਖਤਮ ਹੀ ਨਹੀਂ ਹੁੰਦੀ, ਬਹੁਤ ਵੱਡਾ ਫਲ ਲਗਦਾ ਹੈ। 24 ਘੰਟਿਆਂ ਦੇ ਵਿਚੋਂ ਜੋ ਬ੍ਰਹਮ-ਮਹੂਰਤ ਹੈ ਜੋ ਦਿਨ ਚੜ੍ਹਨ ਤੋਂ ਸਵਾ ਤਿੰਨ ਘੰਟੇ ਪਹਿਲਾਂ ਦਾ ਸਮਾਂ ਹੈ ਉਸ ਦੇ ਵਿਚ ਨਾਮ ਬੀਜਿਆ ਹੋਇਆ, ਹਰੀ ਦਾ ਜਸ ਬੀਜਿਆ ਹੋਇਆ ਬਹੁਤ ਵੱਡਾ ਫਲ ਦਿੰਦਾ ਹੈ। ਸਮਾਂ ਤੁਰਿਆ ਜਾਂਦਾ ਹੈ, ਇਹ ਕਿਸੇ ਦਾ ਰੋਕਿਆ ਨਹੀਂ ਰੁਕਦਾ। ਕਿੰਨਾ ਚਿਰ ਹੋ ਗਿਆ ਇਸਨੂੰ ਕੋਈ ਨਹੀਂ ਜਾਣਦਾ ਕਿ time & space ਕਦੋਂ ਬਣੀ ਸੀ, ਉਹ ਕਿਹੜਾ ਸਮਾਂ ਹੈ ਜਿਸ ਤੋਂ ਪਹਿਲਾਂ ਛਿਨ ਪੈਦਾ ਹੋਇਆ ਜਾਂ ਐਉਂ ਸਮਝ ਲਓ ਕਿ ਸੰਸਾਰ ਰੂਪੀ ਘੜੀ ਦੇ ਵਿਚ ਜਦੋਂ ਪਹਿਲਾ ਸਕਿੰਟ ਹੋਇਆ, ਪਹਿਲੇ ਸਕਿੰਟ ਦੀ ਸੂਈ ਘੁੰਮੀ ਤਾਂ ਉਹ ਕਿਹੜਾ ਸਮਾਂ ਸੀ? ਮਹਾਰਾਜ ਜੀ ਕਹਿੰਦੇ ਕੋਈ ਨਹੀਂ ਜਾਣਦਾ -

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥
ਅੰਗ - ੪

ਸੋ ਸਮੇਂ ਨੂੰ ਕੋਈ ਰੋਕ ਨਹੀਂ ਸਕਦਾ, ਸਮਾਂ ਤੁਰਿਆ ਜਾਂਦਾ ਹੈ। ਬਚਪਨ ਤੋਂ ਜਵਾਨੀ ਆ ਜਾਂਦੀ ਹੈ, ਜਵਾਨੀ ਤੋਂ ਬੁਢੇਪਾ ਆ ਜਾਂਦਾ ਹੈ, ਬੁਢੇਪੇ ਤੋਂ ਅੱਗੇ ਖਤਮ ਹੋ ਜਾਂਦਾ ਹੈ। ਜੀਵ ਆਉਂਦੇ ਨੇ ਜਾਂਦੇ ਨੇ ਲੇਕਿਨ ਇਕ ਪ੍ਰਵਾਹ ਜਿਵੇਂ ਪਾਣੀ ਜਾਂਦਾ ਹੈ ਨਹਿਰ ਦਾ ਪੁਲ ਦੇ ਥੱਲੇ ਦੀ ਜਾਂ ਦਰਿਆ ਵਗ ਰਹੇ ਨੇ। ਜੋ ਲੰਘ ਗਿਆ ਸੋ ਲੰਘ ਗਿਆ ਮੁੜ ਕੇ ਨਹੀਂ ਆਉਂਦਾ। ਸਮੁੰਦਰ ਵਿਚੋਂ ਦੁਬਾਰਾ ਓਹੀ ਪਾਣੀ ਨਿਕਲ ਕੇ ਫੇਰ ਪਹਾੜ ਤੇ ਜਾਵੇ ਇਹ ਨਹੀਂ ਗੱਲ ਹੋਇਆ ਕਰਦੀ। ਸੋ ਪ੍ਰਵਾਹ ਚਲਿਆ ਜਾ ਰਿਹਾ ਹੈ ਸਮੇਂ ਦਾ, ਇਸ ਦੇ ਵਿਚ ਜੀਵ ਆਉਂਦੇ ਨੇ, ਸੋਝੀ ਵਾਲੇ ਵੀ ਆਉਂਦੇ ਨੇ, ਮਹਾਂਮੂਰਖ ਵੀ ਆਉਂਦੇ ਨੇ, ਪਾਪ ਕਰਨ ਵਾਲੇ ਵੀ ਆਉਂਦੇ ਨੇ, ਨਿੰਦਿਆ-ਚੁਗਲੀ, ਈਰਖਾ-ਬਖੀਲੀ ਕਰਕੇ ਆਪਣਾ ਜਨਮ ਬਰਬਾਦ ਕਰਨ ਵਾਲੇ ਵੀ ਆਉਂਦੇ ਨੇ, ਦੁਸ਼ਮਣੀਆਂ ਕਰਨ ਵਾਲੇ ਵੀ ਆਉਂਦੇ ਨੇ, ਕ੍ਰੋਧ ਕਰਨ ਵਾਲੇ ਵੀ ਆਉਂਦੇ ਨੇ, ਕ੍ਰੋਧ ਕਰਨ ਵਾਲੇ ਵੀ ਆਉਂਦੇ ਨੇ। ਸਮੇਂ ਲੰਘ ਜਾਂਦੇ ਨੇ, ਉਹ ਵੀ ਲੰਘ ਜਾਂਦੇ ਨੇ। ਸਮਾਂ ਹੂੰਝ ਦਿੰਦਾ ਹੈ ਬੜੇ-ਬੜੇ ਬਾਦਸ਼ਾਹਾਂ ਦੀਆਂ ਬਾਦਸ਼ਾਹੀਆਂ ਤੇ ਕਿਸੇ ਦੀ ਲਿਹਾਜ਼ ਨਹੀਂ ਕਰਦਾ। ਇਸ ਸਮੇਂ ਦੇ ਵਿਚੋਂ ਕੁਝ ਸਮਾਂ ਐਸਾ ਹੈ ਜਿਸਨੂੰ ਉਤਮ ਸਮਾਂ ਆਖਿਆ ਜਾਂਦਾ ਹੈ ਅੰਮ੍ਰਿਤ-ਵੇਲਾ। ਉਸ ਦਾ ਮਹਾਤਮ ਹੱਦ ਤੋਂ ਜ਼ਿਆਦਾ ਗਿਣਿਆ ਹੈ ਕਿਉਂਕਿ ਜੇ ਦੁਨੀਆਂ ਦੇ ਤਜਰਬੇ ਵੀ ਕਰੀਏ-

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਅੰਗ - ੬੯੫

ਸਾਲ ਦਾ ਸਮਾਂ ਲੰਘਦਾ ਹੈ, ਮੌਸਮ ਬਦਲਦੇ ਨੇ। ਕਦੇ ਜੀਰੀ (ਚੌਲ) ਬੀਜਣ ਦਾ ਸਮਾਂ ਆ ਜਾਂਦਾ ਹੈ, ਕਦੇ ਕਣਕ ਬੀਜਣ ਦਾ ਸਮਾਂ ਆ ਜਾਂਦਾ ਹੈ। ਸਮੇਂ ਦੇ ਨਾਲ ਫਰਕ ਪੈਂਦਾ

ਹੈ ਹਰ ਇਕ ਚੀਜ਼ ਦਾ। ਖੇਤੀ ਕਰਨ ਵਾਲੇ ਜਾਣਦੇ ਨੇ ਕਿ ਜੇ ਪਹਿਲੀ ਨਵੰਬਰ ਤੋਂ ਦੱਸ ਨਵੰਬਰ ਤੱਕ ਕਣਕ ਬੀਜ ਦਿਤੀ ਜਾਵੇ ਤਾਂ ਉਸਦਾ ਝਾੜ 20 ਕੁਵਿੰਟਲ ਦੇ ਕਰੀਬ ਚਲਿਆ ਜਾਂਦਾ ਹੈ। ਜੇ 10 ਨਵੰਬਰ ਤੋਂ 20 ਨਵੰਬਰ ਤੱਕ ਬੀਜੋ ਤਾਂ ਝਾੜ ਕੁਵਿੰਟਲ ਦੇ ਕਰੀਬ ਚਲਿਆ ਜਾਂਦਾ ਹੈ। ਜੇ 10 ਨਵੰਬਰ ਤੋਂ 20 ਨਵੰਬਰ ਤੱਕ ਬੀਜੋ ਤਾਂ ਝਾੜ ਦੋ ਕੁਵਿੰਟਲ ਘਟ ਜਾਂਦਾ ਹੈ, ਜੇ 20 ਤੋਂ ਬਾਅਦ ਬੀਜੋ 30 ਤੱਕ ਤਾਂ ਚਾਰ ਕੁਵਿੰਟਲ ਘੱਟ ਜਾਂਦਾ ਹੈ। ਉਸ ਤੋਂ ਬਾਅਦ ਬੀਜੋ ਤਾਂ 7 ਤੋਂ 8 ਕੁਵਿੰਟਲ ਇਕੱਠਾ ਹੀ ਘਟ ਜਾਂਦਾ ਹੈ, 10-12 ਕੁਵਿੰਟਲ ਤੋਂ ਵੱਧ ਫਸਲ ਨਹੀਂ ਹੁੰਦੀ ਕਿਉਂਕਿ ਜੋ ਅਸਲੀ ਸਮਾਂ ਸੀ ਬੀਜਣ ਦਾ, ਵੱਤ ਦਾ ਉਹ ਲੰਘ ਗਿਆ। ਇਸੇ ਤਰ੍ਹਾਂ ਦੇ ਨਾਲ ਵੱਤਰ ਦਾ ਫਰਕ ਹੋਇਆ ਕਰਦਾ ਹੈ। ਉਹ ਕੁਝ ਟਾਈਮ ਹੁੰਦਾ ਹੈ ਘੰਟਾ ਦੋ ਘੰਟੇ ਜੇ ਉਸਨੂੰ ਕੋਈ ਸੰਭਾਲ ਕੇ ਫਸਲ ਬੀਜ ਦੇਵੇ ਤਾਂ ਬਹੁਤ ਜ਼ਬਰਦਸਤ ਹੁੰਦੀ ਹੈ। ਜੇ ਵਿਚ ਦੀ ਹਵਾ ਲੰਘ ਜਾਵੇ, ਕਹਿੰਦਾ ਜੀ! ਵੱਤਰ ਲੰਘ ਗਿਆ, ਮੈਂ ਲੇਟ ਹੋ ਗਿਆ, ਖਾਦ ਲੈਣ ਚਲਿਆ ਗਿਆ ਸੀ ਸ਼ਹਿਰ, ਦੋ ਘੰਟੇ ਹਵਾ ਚਲ ਗਈ ਤੇ ਤੇ ਉਸ ਨੇ ਵੱਤਰ ਖੁਸ਼ਕ ਕਰ ਦਿਤੀ ਦਾਣਾ ਘਟ ਜਾਂਦਾ ਹੈ।

ਸੋ ਇਹ ਹਰ ਥਾਂ ਦੇ ਉਤੇ ਹੀ ਹੈ। ਬਚਪਨ ਦੇ ਅੰਦਰ ਜਿਸਨੂੰ ਲਗਨ ਲੱਗ ਗਈ ਪੜ੍ਹਾਈ-ਲਿਖਾਈ ਦੀ, ਕੰਮ ਸਿੱਖਣ ਦੀ ਉਹ ਕਰ ਜਾਂਦਾ ਹੈ। ਬੁਢਾਪੇ ਵਿਚ ਆ ਕੇ ਨਹੀਂ ਸਿੱਖ ਸਕਦਾ, ਜਵਾਨੀ ਵਿਚ ਆ ਕੇ ਉਹ ਲਗਨ ਨਹੀਂ ਲਗਦੀ ਜਿਹੜੀ ਬਚਪਨ ਵਿਚ ਲਗਦੀ ਹੈ। ਇਸੇ ਤਰ੍ਹਾਂ ਦੇ ਨਾਲ ਜਿਸਨੇ ਇਸ ਭਵਜਲ ਦੇ ਵਿਚੋਂ ਨਿਕਲਣਾ ਹੈ ਕਿਉਂਕਿ ਇਸ ਦੇ ਵਿਚ ਗੇੜੇ ਖਾ ਰਹੇ ਹਾਂ ਅਸੀਂ ਬਹੁਤ ਦੇਰ ਦੇ, ਛੱਡ ਨਹੀਂ ਰਹੇ ਇਸ ਧਰਤੀ ਨੂੰ। ਇਥੇ ਆ ਕੇ ਬੇਅੰਤ ਕਿਸਮ ਦੇ ਰੂਪ ਧਾਰਦੇ ਹਾਂ -

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥
ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬

ਜਦੋਂ ਇੱਥੇ ਆਉਂਦੇ ਹਾਂ ਤਾਂ ਮਹਾਰਾਜ ਜੀ ਮਾਰਗ ਦਰਸ਼ਨ ਕਰਦੇ ਨੇ ਕਿ ਪਿਆਰਿਆ! ਤੈਨੂੰ ਬਹੁਤ ਵੱਡੇ ਚੱਕਰ ਪੈ ਚੁੱਕੇ ਨੇ। ਹਰਟ ਦੀਆਂ ਟਿੰਡਾਂ ਵਾਂਗ ਤੂੰ ਗੇੜੇ ਖਾਂਦਾ ਹੈ। ਇਕ ਸਮਾਂ ਆਉਂਦਾ ਹੈ ਜਿਸ ਵਕਤ ਟਿੰਡ ਸਭ ਤੋਂ ਉਪਰ ਹੁੰਦੀ ਹੈ ਤੇ ਜੇ ਕੋਈ ਡੱਡੂ ਵਗੈਰਾ ਉਸ ਟਿੰਡ ਦੇ ਵਿਚ ਬੈਠਾ ਹੋਵੇ, ਜਦੋਂ ਟਿੰਡ ਉਪਰ ਹੋ ਕੇ ਪਾਣੀ ਡੁਲ੍ਹਦਾ ਹੈ ਉਸ ਵੇਲੇ ਜੇ ਪਾਣੀ ਦੇ ਨਾਲ ਪੜਛੇ ਦੇ ਵਿਚ ਆ ਜਾਂਦਾ ਹੈ ਤਾਂ ਉਸ ਵੇਲੇ ਬਾਹਰ ਨਿਕਲਣ ਦਾ ਉਸਨੂੰ ਮੌਕਾ ਮਿਲ ਜਾਂਦਾ ਹੈ ਜੇ ਨਾਲ ਚਿੰਬੜਿਆ ਰਹੇ ਮੁੜ ਕੇ ਫੇਰ ਥੱਲੇ ਨੂੰ ਚਲਿਆ ਜਾਂਦਾ ਹੈ। ਇੱਥੇ ਨਾ ਪੜ੍ਹਿਆ-ਲਿਖਿਆ ਦਾ ਲਿਹਾਜ਼ ਹੈ, ਨਾ ਵੱਡਿਆਂ ਦਾ ਲਿਹਾਜ਼ ਹੈ, ਨਾ ਅਨਪੜ੍ਹਾਂ ਦਾ ਲਿਹਾਜ਼ ਹੈ, ਸਾਰਿਆਂ ਵਾਸਤੇ ਇਕੋ ਹੀ ਅਸੂਲ ਕੰਮ ਕਰਦਾ ਹੈ, 83 99 999 ਜੂਨਾਂ ਦੇ ਵਿਚੋਂ ਲੰਘ ਕੇ ਸਾਡਾ ਜੀਵ-ਆਤਮਾ ਏਸ ਵੇਲੇ ਮਨੁੱਖ ਦੇ ਜਾਮੇ ਵਿਚ ਹੈ। ਇਸ ਨੂੰ ਖਬਰਦਾਰ ਕਰਨ ਵਾਸਤੇ ਪ੍ਰਮੇਸ਼ਰ ਨੇ ਮਹਾਂਪੁਰਸ਼ਾਂ ਦੀਆਂ ਡਿਊਟੀਆਂ ਲਾਈਆਂ ਹੋਈਆਂ ਨੇ -

ਜਨਮ ਮਰਣ ਦੁਹਹੂ ਮਹਿ ਨਾਹੀ
ਜਨ ਪਰਉਪਕਾਰੀ ਆਏ ॥ ਅੰਗ - ੭੪੯

ਉਨ੍ਹਾਂ ਨੇ ਬੇਅੰਤ ਆਪਣੇ ਅਨੁਭਵ ਲਿਖ ਦਿਤੇ ਜੋ ਪਿਛੋਂ ਕੋਈ ਵੇਦ ਕਹਾਏ, ਕੋਈ ਸ਼ਾਸਤਰ ਕਹਾਏ, ਕੋਈ ਸਿਮ੍ਰਤੀਆਂ ਕਹਾਈਆਂ, ਕੋਈ ਕੁਰਾਨ ਸ਼ਰੀਫ ਕਹਾਏ, ਤੌਰੇਤ ਕਹਾਈ, ਅੰਜੀਲ ਬਣੀ, ਬਾਈਬਲ ਬਣੀ, ਗੁਰੂ ਗ੍ਰੰਥ ਸਾਹਿਬ ਮਹਾਰਾਜ, ਇਨ੍ਹਾਂ ਵਿਚ ਆਦਮੀ ਨੂੰ ਖਬਰਦਾਰ ਕੀਤਾ ਜਾਂਦਾਹੈ, ਤਰੀਕਾ ਦੱਸਿਆ ਜਾਂਦਾ ਹੈ ਕਿ ਤੂੰ ਕਿਵੇਂ ਲੰਘ ਸਕਦਾ ਹੈ। ਕੋਈ ਤਰੀਕਾ ਹੈ, ਸਾਨੂੰ ਤਾਂ ਪਤਾ ਨਹੀਂ ਹੈ ਜੇ ਨਾ ਪਤਾ ਹੋਵੇ ਫੇਰ ਆਦਮੀ ਲੰਘਦਾ ਨਹੀਂ ਹੈ। ਉਸ ਦੇ ਜਿੰਨੇ ਵੀ ਉਪਰਾਲੇ ਨੇ ਉਹ ਸਾਰੇ ਹੀ ਗਲਤ ਹੋ ਜਾਂਦੇ ਨੇ ਕਿਉਂਕਿ ਪਹੁੰਚ ਨਹੀਂ ਸਕਦੇ ਬਗੈਰ ਦੱਸੇ ਤੋਂ। ਸੋ ਇਸ ਦੇ ਬਾਰੇ ਮਹਾਂਪੁਰਸ਼ ਬਚਪਨ ਤੋਂ ਹੀ ਦੱਸਣਾ ਸ਼ੁਰੂ ਕਰ ਦਿੰਦੇ ਨੇ। ਉਚੀਆਂ ਆਵਾਜ਼ਾਂ ਦੇ ਕੇ ਸੰਸਾਰ ਨੂੰ ਦੱਸਦੇ ਨੇ ਕਿ -

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥
ਅੰਗ - ੧੨

ਸੰਤਾਂ ਦੀ ਸੰਗਤ ਵਿਚ ਮਿਲ ਕੇ ਕੇਵਲ ਨਾਮ ਜਪ ਹੋਰ ਗੱਲ ਨਾ ਕਰ ਕਿਉਂਕਿ ਤੂੰ ਵਾਸ਼ਨਾ ਦਾ ਬੰਨ੍ਹਿਆ ਹੋਇਆ ਹੈਂ। ਜਿਹੋ ਜਿਹੀਆਂ ਵਾਸ਼ਨਾਵਾਂ ਤੇਰੀਆਂ ਬਣ ਜਾਣਗੀਆਂ ਓਹੋ ਜਿਹਾ ਤੈਨੂੰ ਫਲ ਮਿਲ ਜਾਏਗਾ। ਜੇ ਤੇਰੀ ਵਾਸ਼ਨਾ ਸਾਰੀ ਜ਼ਿੰਦਗੀ ਜ਼ਮੀਨਾਂ-ਜਾਇਦਾਦਾਂ, ਫੈਕਟਰੀਆਂ ਆਦਿ ਵਿਚ ਰਹੀ ਤਾਂ ਤੂੰ ਸਰੀਰ ਤਾਂ ਛੱਡ ਜਾਏਂਗਾ ਪਰ ਤੇਰਾ ਜਿਹੜਾ ਜੀਵ ਆਤਮਾ ਹੈ ਉਸ ਨੇ ਕਿਤੇ ਨਹੀਂ ਜਾਣਾ ਇਹ ਇੱਥੇ ਹੀ ਅਵਿਅਕਤ ਰੂਪ ਦੇ ਵਿਚ ਦੁੱਖ ਪਾਏਗਾ। ਸਰੀਰ ਇਸ ਨੂੰ ਮਿਲਣਾ ਕੋਈ ਨਹੀਂ ਹੈ ਤੇ ਉਸਨੂੰ ਲੋਕ ਭੂਤ-ਪ੍ਰੇਤ, ਜਿੰਨ ਖਵੀਸ ਆਦਿ ਕਹਿੰਦੇ ਨੇ। ਆਪ ਵੀ ਦੁਖੀ ਹੁੰਦਾ ਹੈ ਨਾਲ ਦੂਜਿਆਂ ਨੂੰ ਵੀ ਦੁਖੀ ਕਰਦਾ ਹੈ, ਉਸਨੂੰ ਕੋਈ ਸੋਝੀ ਨਹੀਂ ਹੁੰਦੀ। ਉਹ ਅਤਿ ਦੇ ਦੁੱਖ ਵਿਚ ਪਿਆ ਹੁੰਦਾ ਹੈ -

ਪ੍ਰੇਤ ਪਿੰਜਰ ਮਹਿ ਦੁਖ ਘਨੇਰੇ ॥ ਅੰਗ - ੧੦੨੯

ਵਾਸ਼ਨਾਵਾਂ ਤੰਗ ਕਰਦੀਆਂ ਨੇ, ਪਰਿਵਾਰ ਦਾ ਮੋਹ ਤੰਗ ਕਰਦਾ ਹੈ, ਪਰਿਵਾਰ ਤਾਂ ਨੇੜੇ ਨਹੀਂ ਆਉਣ ਦਿੰਦਾ। ਇਕ ਬਜ਼ੁਰਗ ਆ ਜਾਵੇ, ਬੋਲ ਪਵੇ ਕਿਸੇ ਦੇ ਵਿਚ ਉਦੋਂ ਹੀ ਦੌੜਦੇ ਨੇ ਸਾਧੂ-ਮਹਾਂਪੁਰਸ਼ਾਂ ਕੋਲ ਕਿ ਮਹਾਰਾਜ ਦੁਖੀ ਹੋ ਗਏ ਸਾਡਾ ਤਾਂ ਬਜ਼ੁਰਗ ਤੁਰਿਆ ਫਿਰਦਾ ਹੈ। ਜਦੋਂ ਉਸ ਦਾ ਕੋਈ ਉਧਾਰ ਨਾ ਕਰੇ ਤਾਂ ਫੇਰ ਉਹ ਪਸ਼ੂ ਮਾਰਨੇ ਸ਼ੁਰੂ

ਕਰ ਦਿੰਦਾ ਹੈ ਫੇਰ ਉਸ ਤੋਂ ਬਾਅਦ ਘਾਟੇ ਪਾਉਣੇ ਸ਼ੁਰੂ ਕਰ ਦਿੰਦਾ ਹੈ, ਬਾਲ-ਬੱਚਿਆਂ ਨੂੰ ਤੰਗ ਕਰਦਾ ਹੈ, ਘਰ ਵਿਚ ਕਲੇਸ਼ ਪਾ ਦਏਗਾ ਕਿਉਂਕਿ ਦਿਮਾਗ ਤੇ ਅਸਰ ਪਾਉਂਦਾ ਹੈ ਉਹ। ਕਾਰਨ ਕੀ ਹੋਇਆ ਕਸੂਰ ਕਿਸੇ ਦਾ ਨਹੀਂ ਪਰ ਉਹ ਜੋ ਚਾਹੁੰਦਾ ਹੈ ਕਿ ਮੇਰੀ ਕਲਿਆਣ ਕਰਾਓ, ਮੇਰੀ ਗਤੀ ਕਰਾਓ। ਜਦੋਂ ਸੰਤ ਹਾਕਾਂ ਮਾਰ-ਮਾਰ ਕੇ ਕਹਿੰਦੇ ਸਨ ਕਿ ਤੇਰੀ ਗਤੀ ਨਹੀਂ ਹੋਣੀ, ਤੂੰ ਬਹੁਤ ਦੁਖੀ ਹੋ ਜਾਏਂਗਾ -

ਅੰਤਿ ਕਾਲਿ ਜੋ ਮੰਦਰ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ਅੰਗ - ੫੨੬

ਸਾਰੀ ਜ਼ਿੰਦਗੀ ਪੈਸਾ-ਪੈਸਾ ਕਰਦੇ ਦੀ ਲੰਘ ਗਈ ਅੰਤ ਦੇ ਵੇਲੇ ਵੀ ਜੇ ਖਿਆਲ ਪੈਸੇ ਵਿਚ ਰਹਿ ਗਿਆ ਤਾਂ ਕਹਿੰਦੇ ਸੱਪ ਬਣ ਜਾਏਗਾ। ਸੋ ਇਸ ਤਰ੍ਹਾਂ ਨਖਿੱਧ ਜੂਨੀਆਂ ਵਿਚ ਆਪਣੇ-ਆਪ ਨੂੰ ਲੈ ਜਾਂਦਾ ਹੈ -

ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥
ਅੰਗ - ੨੭੯

ਸੰਤਾਂ ਦੇ ਨਾਲ ਈਰਖਾ ਕਰਦਾ ਹੈ, ਨਿੰਦਿਆ ਕਰਦਾ ਹੈ। ਸੰਤ ਕਿਸੇ ਤੋਂ ਨਾ ਕੁਝ ਲੈਣ, ਨਾ ਕਿਸੇ ਤੋਂ ਕੁਝ ਮੰਗਣ ਪਰ ਉਨ੍ਹਾਂ ਨੂੰ ਅਕਾਰਨ ਦੁਖੀ ਕਰਦਾ ਹੈ ਤਾਂ ਕਹਿੰਦੇ ਕੀ ਹੁੰਦਾ ਹੈ? ਕਹਿੰਦੇ ਜਿਹੜੇ ਤ੍ਰਿਗਦ ਜੂਨ ਨੇ ਨਾਹ - ਕੁੱਤੇ, ਗਿੱਦੜ ਵਗੈਰਾ ਇਨ੍ਹਾਂ ਦੇ ਸਿਰਾਂ ਵਿਚ ਕੀੜੇ ਪੈਂਦੇ ਨੇ, ਗਲ ਕੇ ਕਹਿੰਦੇ ਉਹ ਕੀੜਾ ਬਣਦਾ ਹੈ ਸੰਤਾਂ ਨੂੰ ਦੁਖੀ ਕਰਕੇ, ਸੰਤਾਂ ਦੀ ਨਿੰਦਿਆ ਕਰਕੇ। ਸੱਪ ਦੀ ਜੂਨੀ ਮਿਲਦੀ ਹੈ। ਆਪਣੇ-ਆਪ ਹੀ ਆਪਣੇ ਆਪ ਨੂੰ ਬਣਾ ਲੈਂਦਾ ਹੈ ਓਹੋ-ਜਿਹਾ। ਸੋ ਇਹ ਬੀਜਣ ਦਾ ਸਮਾਂ ਹੈ, ਸੰਭਲਣ ਦਾ ਸਮਾਂ ਹੈ ਮਹਾਰਾਜ ਜੀ ਕਹਿੰਦੇ ਹੁਣ ਤੂੰ ਵੇਲਾ ਸੰਭਾਲ ਲੈ ਜੇ ਹੁਣ ਨਾ ਵੇਲਾ ਸੰਭਾਲਿਆ ਤਾਂ ਤੇਰੇ ਹੱਥ ਨਹੀਂ ਆਉਣਾ, ਪਛਤਾਵੇਂਗਾ। ਤੈਨੂੰ ਸਰੀਰ ਮਿਲਿਆ ਹੈ ਗੁਰੂ ਦੀ ਸੇਵਾ ਕਰਨ ਵਾਸਤੇ ਤੇ ਭਗਤੀ ਕਰਨ ਵਾਸਤੇ -

ਗੁਰ ਸੇਵਾ ਤੇ ਭਗਤਿ ਕਮਾਈ ॥
ਤਬ ਇਹ ਮਾਨਸ ਦੇਹੀ ਪਾਈ ॥ ਅੰਗ - ੧੧੫੯

ਇਹ ਮਾਨਸ ਦੇਹੀ, ਜਿਹੜੇ ਤੂੰ ਕਹਿੰਦਾ ਹੈਂ ਕਿ ਮੈਂ ਪੈਸੇ ਕਮਾਉਂਦਾ ਹਾਂ, ਇਹ ਤਾਂ ਤੇਰੀ ਪ੍ਰਾਲਬਧ ਵਿਚ ਲਿਖੇ-ਲਿਖਾਏ ਨੇ, ਦਰਗਾਹ ਤੋਂ ਤੂੰ ਉਸ ਤੋਂ ਵੱਧ ਨਹੀਂ ਕਰ ਸਕਦਾ। ਤੇਰੇ ਕਰਮ ਲਿਖੇ ਹੋਏ ਨੇ ਜਦੋਂ ਤੂੰ ਦਰਗਾਹ 'ਚੋਂ ਚੱਲਿਆ ਹੈਂ ਸੰਸਾਰ ਵਾਸਤੇ, ਪਹਿਲੇ ਦਿਨ ਭੇਜਿਆ ਹੈਂ ਉਸ ਵੇਲੇ ਤੇਰੇ ਮਸਤਕ ਵਿਚ ਲੇਖ ਲਿਖੇ ਗਏ ਨੇ। ਜਿਹੜੇ ਤੂੰ ਕਰਮ ਕਰਕੇ ਆਇਆ ਹੈਂ ਉਨ੍ਹਾਂ ਦਾ ਫਲ ਭੋਗਣਾ ਹੈ ਤੂੰ। ਕੌਣ ਇਸਨੂੰ ਮਿਲੇਗਾ, ਕੌਣ ਇਸ ਦਾ ਪਤੀ ਹੋਏਗਾ, ਕੌਣ ਪਤਨੀ ਹੋਏਗੀ, ਕਿਹੜੇ ਪੁੱਤਰ ਹੋਣਗੇ, ਕਿਹੜੇ-ਕਿਹੜੇ ਨੇ ਲੇਖਾ ਲੈਣਾ ਹੈ, ਕਿਹੜੇ-ਕਿਹੜੇ ਨੇ ਦੇਣਾ ਹੈ ਉਹ ਸਾਰਾ ਕੁਝ ਲਿਖਿਆ ਜਾਂਦਾ ਹੈ। ਇਨ੍ਹਾਂ ਨੂੰ ਪ੍ਰਾਲਬਧ ਕਰਮ ਕਹਿੰਦੇ ਨੇ। ਜਿਵੇਂ ਕੋਈ ਅਰਬ ਮੀਲ ਤੋਂ ਜੇ ਬਾਣ ਚਲਾ ਦੇਵੇ, ਤੀਰ ਚਲਾ ਦੇਵੇ, ਕਿਸੇ ਤੀਰ ਦੀ ਤਾਂ ਗਤੀ ਲੱਖ ਮੀਲ ਦੀ, ਕਿਸੇ ਦੀ ਹੋਵੇ ਦਸ ਹਜ਼ਾਰ ਮੀਲ ਦੀ ਉਹ ਆਪਣੇ ਸਮੇਂ ਸਿਰ ਆਈ ਜਾਂਦੇ ਨੇ। ਜਿਸ ਵਲ ਨੂੰ ਸੇਧ ਕੇ ਛੱਡੇ ਨੇ ਉਨ੍ਹਾਂ ਦੇ ਉਤੇ ਸਮੇਂ-ਸਮੇਂ ਸਿਰ ਲੱਗੀ ਜਾਂਦੇ ਨੇ। ਕੋਈ ਸਾਡੇ 10 ਸਾਲ ਦੇ ਦੇ ਲਗਦਾ ਹੈ, ਕੋਈ 20 ਸਾਲ ਦੇ, ਕੋਈ 15 ਦੇ ਉਹ ਸਮੇਂ ਦੇ ਨਾਲ ਕਰਮ ਆ ਕੇ ਫੜਦੇ ਨੇ। ਉਨ੍ਹਾਂ ਨਾਲ ਸਾਨੂੰ ਦੁੱਖ ਤੇ ਸੁੱਖ ਮਿਲਦਾ ਹੈ। ਕਰਮ ਅਸੀਂ ਫੇਰ ਕਰਦੇ ਹਾਂ ਪਿਛਲੇ ਮੁਕਦੇ ਨਹੀਂ ਹਨ ਫੇਰ ਬੰਨ੍ਹੇ ਜਾਂਦੇ ਹਾਂ। ਸੋ ਇਸ ਤਰ੍ਹਾਂ ਦੇ ਨਾਲ ਇਕ ਚੱਕਰ ਚੱਲ ਪੈਂਦਾ ਹੈ ਜਿਹੜਾ ਖਤਮ ਨਹੀਂ ਹੁੰਦਾ। ਨਾ ਕਰਮ ਖਤਮ ਹੁੰਦੇ ਨੇ, ਉਹ ਭੋਗੇ ਨਹੀਂ ਜਾਂਦੇ ਨਵੇਂ ਅਸੀਂ ਬੀਜਣ ਤੋਂ ਨਹੀਂ ਹਟਦੇ, ਇਕ ਜਨਮ 'ਚ ਨਹੀਂ ਬੀਜਾਂਗੇ ਪਹਿਲਾਂ ਦੇ ਹੀ ਬਹੁਤ ਬੀਜੇ ਹੋਏ ਨੇ ਜੋ ਸੰਚਤ ਕਰਮ ਨੇ। ਸੋ ਇਸ ਦਾ ਕੋਈ ਇਲਾਜ ਹੋਣਾ ਚਾਹੀਦਾ ਹੈ। ਇਹ ਤਾਂ ਮੁਕਦਾ ਹੀ ਨਹੀਂ ਹੈ ਸਫਰ। ਮਹਾਰਾਜ ਜੀ ਕਹਿੰਦੇ ਇਕ ਇਲਾਜ ਹੈ। ਜੇ ਤੇਰੇ ਅੰਦਰ ਨਾਮ ਪ੍ਰਗਟ ਹੋ ਜਾਵੇ ਉਹ ਕਰੋੜਾਂ ਹੀ ਕਰਮਾਂ ਦਾ ਨਾਸ਼ ਕਰ ਦਿੰਦਾ ਹੈ, ਜਿੰਨੇ ਸੰਚਤ ਕਰਮ ਨੇ ਉਨ੍ਹਾਂ ਸਾਰਿਆਂ ਨੂੰ ਦਗਧ ਕਰ ਦਿੰਦਾ ਹੈ, ਉਹ ਫਲ ਦੇਣ ਤੋਂ ਹਟ ਜਾਂਦੇ ਨੇ। ਜਿਹੜੇ ਪ੍ਰਾਲਬਧ ਕਰਮ ਨੇ ਇਹ ਤੂੰ ਭੋਗ ਲੈ। ਹੁਣ ਤੇਰੇ ਹੱਥ ਵਿਚ ਹੈ, ਮਾੜੇ ਕਰਮ ਨਾ ਕਰੀਂ-

ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥
ਅੰਗ - ੯੧੮

ਉਹ ਤੇਰੇ ਹੱਥ ਵਿਚ ਹੈ ਹੁਣ ਇਹੋ ਜਿਹਾ ਕਰਮ ਨਾ ਕਰ, ਜਿਸਨੂੰ ਕਰਨ ਦੇ ਨਾਲ ਤੈਨੂੰ ਫੇਰ ਪਛਤਾਉਣਾ ਪੈ ਜਾਵੇ, ਫੇਰ ਲੇਖਾ ਦੇਣਾ ਪੈ ਜਾਵੇ। ਲੇਖੇ ਤੋਂ ਬਗੈਰ ਛੁਟਕਾਰਾ ਨਹੀਂ ਹੁੰਦਾ।

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥
ਅੰਗ - ੯੫੩

ਉਹ ਤਾਂ ਕੀਤੇ ਹੋਏ ਕਰਮਾਂ ਦਾ ਜਵਾਬ ਸਾਨੂੰ ਦੇਣਾ ਹੀ ਪੈਣਾ ਹੈ ਫੇਰ ਅਸੀਂ ਬਹੁਤ ਔਖੇ ਹੁੰਦੇ ਹਾਂ। ਮਹਾਰਾਜ ਜੀ ਕਹਿੰਦੇ ਇਹੋ ਜਿਹਾ ਕਰਮ ਨਾ ਕਰ -

ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮਡੇ ਵਿਸਾਰਿ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥
ਅੰਗ - ੧੩੮੧

ਇਹੋ ਜਿਹੇ ਮਾੜੇ ਕਰਮ ਕਰ ਲਏ ਉਹ ਜਦੋਂ ਤੈਨੂੰ ਪੁੱਛੇ ਜਾਣਗੇ, ਉਦੋਂ ਉਹ ਤੈਨੂੰ ਦਿਖਾਏ ਜਾਣਗੇ ਜਿਵੇਂ ਵੀਡੀਓ ਫਿਲਮ ਦਿਖਾਈ ਜਾਂਦੀ ਹੈ ਉਸ ਵੇਲੇ ਤੂੰ ਸ਼ਰਮਿੰਦਾ ਹੋਏਂਗਾ ਕਿ ਮੈਂ ਇਹ ਕਰਮ ਕਾਹਦੇ ਵਾਸਤੇ ਕਰੇ ਸੰਸਾਰ ਤੋਂ ਤਾਂ ਮੈਂ ਆ ਗਿਆ ਤੇ ਮੈਨੂੰ ਹੁਣ ਇਹ ਲੇਖਾ ਦੇਣਾ ਪੈ ਰਿਹਾ ਹੈ।

ਸੋ ਇਸ ਕਰਕੇ ਸਾਧ-ਸੰਗਤ ਜੀ! ਇਹ ਸਾਰਾ ਕੁਝ ਜੋ

ਹੈ ਇਹ ਸਾਡੇ ਗਲੋਂ ਲਹੇ ਕਿਵੇਂ? ਕੋਈ ਤਰੀਕਾ ਹੈ? ਮਹਾਰਾਜ ਜੀ ਕਹਿੰਦੇ ਜਿਹੜੇ ਸਤਿਗੁਰੂ ਦੀ ਸ਼ਰਨ ਵਿਚ ਨਹੀਂ ਆਉਂਦੇ ਉਨ੍ਹਾਂ ਨੂੰ ਬਹੁਤਾ ਦੁੱਖ ਲਗਦਾ ਹੈ ਕਿਉਂਕਿ ਉਹ ਆਪ-ਹੁਦਰੇ ਨੇ, ਮਨਮੁਖ ਕਹਾਉਂਦੇ ਨੇ ਉਹ। ਮਨਮੁਖ ਜਿਹੜੇ ਨੇ ਉਹ ਦੁੱਖ ਬੀਜਦੇ ਨੇ, ਦੁੱਖ ਖਾਂਦੇ ਨੇ।

ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥
ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥
ਅੰਗ - ੯੪੭

ਨਿੰਦਿਆ ਕਰਦਾ ਹੈ, ਨਿੰਦਿਆ ਕਰਨ ਨੂੰ ਚਾਰ ਉਂਗਲ ਦੀ ਜ਼ੁਬਾਨ ਹੈ। ਨਿੰਦਿਆ ਕਰ ਤਾਂ ਦਿਤੀ ਮਨਮੁਖ ਨੇ..., ਗੁਰਮੁਖ ਨਹੀਂ ਕਿਸੇ ਦੀ ਨਿੰਦਿਆ ਕਰਦੇ। ਗੁਰਮੁਖ ਹਮੇਸ਼ਾ ਇਹ ਕਹਿੰਦਾ ਹੈ -

ਹਮ ਨਹੀ ਚੰਗੇ ਬੁਰਾ ਨਹੀ ਕੋਇ ॥
ਪ੍ਰਣਵਤਿ ਨਾਨਕੁ ਤਾਰੇ ਸੋਇ ॥ ਅੰਗ - ੭੨੯

ਕਬੀਰ ਸਭ ਤੇ ਹਮ ਬੁਰੇ
ਹਮ ਤਜਿ ਭਲੋ ਸਭੁ ਕੋਇ ॥
ਜਿਨਿ ਐਸਾ ਕਰਿ ਬੁਝਿਆ ਮੀਤੁ ਹਮਾਰਾ ਸੋਇ ॥
ਅੰਗ - ੧੩੬੪

ਉਹ ਨਿੰਦਿਆ ਤਾਂ ਕਰੇ ਜੇ ਉਹ ਆਪਣੇ-ਆਪ ਨੂੰ ਚੰਗਾ ਸਮਝਦਾ ਹੋਵੇ। ਉਹ ਕਹਿੰਦਾ ਮੈਂ ਤਾਂ ਸਾਰਿਆਂ ਨਾਲੋਂ ਮਾੜਾ ਹਾਂ। ਸੋ ਇਸ ਕਰਕੇ ਗੁਰਮੁਖ ਤੋਂ ਨਿੰਦਿਆ ਨਹੀਂ ਹੁੰਦੀ, ਮਨਮੁੱਖ ਨਿੰਦਿਆ ਕਰਦਾ ਹੈ ਗੁਰੂ ਦੇ ਹੁਕਮ ਨੂੰ ਪਿੱਠ ਦੇ ਕੇ ਨਿੰਦਿਆ ਕਰਦਾ ਹੈ ਉਸ ਦੇ ਨਾਲ ਹੋਏਗਾ ਕੀ ਕਹਿੰਦੇ -

ਨਿੰਦਾ ਭਲੀ ਕਿਸੈ ਕੀ ਨਾਹੀ
ਮਨਮੁਖ ਮੁਗਧ ਕਰੰਨਿ ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥
ਅੰਗ - ੭੫੫

ਘੋਰ ਨਰਕ ਦੇ ਵਿਚ ਲੈ ਜਾਏਗੀ, ਚਾਰ ਉਂਗਲ ਦੀ ਜ਼ੁਬਾਨ ਕਿਉਂਕਿ ਨਿੰਦਿਆ ਕਰ ਲਈ ਇਹ ਮਨੁੱਖ ਦੇ ਕਰਮ ਨੇ। ਈਰਖਾ ਕਰਨੀ - ਈਰਖਾ ਕਰਨ ਨਾਲ ਸਭ ਕੁਝ ਜਾਇਆ ਹੋ ਜਾਂਦਾ ਹੈ -

ਜਿਸੁ ਅੰਦਰਿ ਤਾਤਿ ਪਰਾਈ ਹੋਵੈ
ਤਿਸ ਕਾ ਕਦੇ ਨ ਹੋਵੀ ਭਲਾ ॥ ਅੰਗ - ੩੦੮

ਉਸ ਦਾ ਕਦੇ ਵੀ ਭਲਾ ਨਹੀਂ ਹੁੰਦਾ ਈਰਖਾ ਕਰਨ ਵਾਲੇ ਦਾ। ਸੋ ਇਹ ਚੀਜ਼ਾਂ ਬੀਜਦਾ ਹੈ ਤੇ ਬੀਜ ਕੇ ਮਨਮੁਖ ਦੁਖ ਬੀਜ ਲੈਂਦਾ ਹੈ ਤੇ ਦੁੱਖ ਦੀ ਹੀ ਫਸਲ ਲਗਦੀ ਹੈ ਉਹ ਦੁੱਖ ਦੀ ਫਸਲ ਜਦੋਂ ਵੱਢਣੀ ਪੈਂਦੀ ਹੈ ਫੇਰ ਰੋਂਦਾ ਹੈ।

ਮਨਮੁਖੁ ਦੁਖ ਕਾ ਖੇਤੁ ਹੈ
ਦੁਖੁ ਬੀਜੇ ਦੁਖੁ ਖਾਇ ॥
ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥
ਅੰਗ - ੯੪੭

ਦੁਖ ਵਿਚ ਹੀ ਪੈਦਾ ਹੁੰਦਾ ਹੈ ਦੁੱਖ ਭੋਗਣ ਵਾਸਤੇ, ਦੁੱਖ ਦੇ ਵਿਚ ਫੇਰ ਮਰ ਜਾਂਦਾ ਹੈ ਅੱਗੇ ਫੇਰ ਦੁਖ ਭੋਗਦਾ ਹੈ, ਜੰਮਦਾ-ਮਰਦਾ ਰਹਿੰਦਾ ਹੈ -

ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥
ਅੰਗ - ੪੫੦

ਮਨਮੁਖਿ ਆਵੈ ਮਨਮੁਖਿ ਜਾਵੈ ॥
ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
ਜਿਤਨੇ ਨਰਕ ਸੇ ਮਨਮੁਖਿ ਭੋਗੈ
ਗੁਰਮੁਖਿ ਲੇਪੁ ਨ ਮਾਸਾ ਹੇ ॥ ਅੰਗ - ੧੦੨੩

ਇਹ ਉਹ ਬੰਦੇ ਨੇ ਜਿਹੜੇ ਮਨ ਦੇ ਪਿਛੇ ਲਗ ਕੇ ਗੁਰੂ ਪੀਰ ਦੇ, ਮਹਾਂਪੁਰਸ਼ ਦੇ, ਕਿਸੇ ਦੇ ਨਹੀਂ ਬਣਦੇ ਆਪ ਹੁਦਰਾ ਜੀਵਨ ਬਤੀਤ ਕਰਦੇ ਨੇ। ਇੱਕ ਉਹ ਨੇ ਜਿਨ੍ਹਾਂ ਨੂੰ ਇਹ ਸੋਝੀ ਆ ਜਾਂਦੀ ਹੈ ਕਿ ਮੈਂ ਸਤਿਗੁਰੂ ਦਾ ਬਣ ਜਾਵਾਂ ਤੇ ਉਹ ਗੁਰੂ ਦਾ ਬਣ ਜਾਂਦਾ ਹੈ। ਗੁਰੂ ਦਾ ਬਣ ਕੇ ਉਸ ਦੇ ਹੁਕਮ ਦੇ ਅੰਦਰ ਸਵੈ-ਅਨੁਸਾਸ਼ਨ ਵਿਚ ਆਉਂਦਾ ਹੈ। ਜੋ ਹੁਕਮ ਦਿਤੇ ਹੋਏ ਨੇ ਗੁਰੂ ਮਹਾਰਾਜ ਨੇ -

ਵਵਾ ਵੈਰ ਨ ਕਰੀਐ ਕਾਹੂ-----

ਵੈਰ ਨਹੀਂ ਕਿਸੇ ਨਾਲ ਵੀ ਕਰਨਾ, ਉਹ ਸੱਚੇ ਦਿਲ ਨਾਲ ਕਹਿੰਦਾ ਹੈ ਜਦੋਂ ਵੀ ਅਰਦਾਸ ਕਰਦਾ ਹੈ ਕਿ -

ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਕਾ ਭਲਾ।

ਕਦੇ ਵੈਰ ਦੀ ਗੱਲ ਮਨ ਵਿਚ ਨਹੀਂ ਰੱਖਦਾ -

ਫਰੀਦਾ ਬੁਰੇ ਦਾ ਭਲਾ ਕਰਿ
ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥
ਅੰਗ - ੧੩੮੨

ਬੁਰੇ ਦਾ ਵੀ ਬੁਰਾ ਨਹੀਂ ਕਰਦਾ, ਬੁਰੇ ਨਾਲ ਬੁਰਿਆਈ ਨਹੀਂ ਕਰਦਾ -

ਬੁਰੇ ਨਾਲ ਬੁਰਿਆਈ ਕਰਦੇ, ਮਾਫ ਕਰਨ ਕਈ ਸਿਆਣੇ।
ਬੁਰੇ ਨਾਲ ਭਲਿਆਈ ਕਰਨੀ ਇਹ ਗੁਰੂ ਨਾਨਕ ਜਾਣੇ।

ਇਹ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਵਿਚ ਹੈ ਕਿ ਬੁਰਿਆਂ ਦੇ ਨਾਲ ਵੀ ਭਲਿਆਈ ਕਰਨੀ। ਕਹਿੰਦੇ -

.....ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥
ਅੰਗ - ੧੩੮੨

ਬੁਰੇ ਦਾ ਵੀ ਭਲਾ ਕਰਦਾ ਹੈ ਉਹ ਬੁਰਿਆਈ ਕਰਦਾ ਹੀ ਨਹੀਂ ਕਿਸੇ ਨਾਲ ਤੇ ਹੁੰਦਾ ਕੀ ਹੈ ਕਿ ਦੇਹੀ ਰੋਗੀ ਨਹੀਂ ਹੁੰਦੀ ਤੇ ਸਾਰੀਆਂ ਬਰਕਤਾਂ ਉਸ ਦੀ ਝੋਲੀ ਵਿਚ ਪੈ ਜਾਂਦੀਆਂ ਨੇ। ਸੋ ਜਦੋਂ ਗੁਰੂ ਧਾਰਨ ਕਰਦਾ ਹੈ..., ਮਹਾਰਾਜ ਜੀ ਕਹਿੰਦੇ ਦੋਵੇਂ ਜੀਵਨ ਨੇ ਇਕ ਤਾਂ ਉਹ ਜੀਵਨ ਹੈ -

ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ
ਜੁਗ ਚਾਰੇ ਭਰਮਾਈ ॥ ਅੰਗ - ੬੦੩

ਗਿਣਤੀ-ਮਿਣਤੀ ਤੋਂ ਬਾਹਰ ਦੁਖ ਹੋ ਗਿਆ ਸਤਿਗੁਰੂ ਦੇ ਨਾਲ ਨਾ ਮਿਲਣ ਤੇ, ਸਤਿਗੁਰੂ ਧਾਰਨ ਨਹੀਂ ਕਰਿਆ ਤੇ ਉਸ ਦੇ ਹੁਕਮ ਨਹੀਂ ਮੰਨੇ, ਨਾ ਮੰਨਣ ਦੇ ਨਾਲ ਬਹੁਤਾ ਦੁੱਖ ਹੋਇਆ, ਨਿਗੁਰਾ ਪੁਰਸ਼ ਹੈ। ਨਿਗੁਰੇ ਪੁਰਸ਼ ਦਾ ਆਉਣਾ ਜਾਣਾ ਨਹੀਂ ਖਤਮ ਹੋਇਆ ਕਰਦਾ ਸੰਸਾਰ ਤੋਂ ਸਦਾ ਹੀ ਜੰਮਦਾ ਤੇ ਮਰਦਾ ਰਹੇਗਾ -

ਸੋ ਨਿਗੁਰਾ ਜੋ ਮਰਿ ਮਰਿ ਜੰਮੈ
ਨਿਗੁਰੇ ਆਵਣ ਜਾਵਣਿਆ ॥ ਅੰਗ - ੧੧੭

ਉਹ ਜੰਮ ਪੈਂਦਾ ਹੈ ਮਰ ਜਾਂਦਾ ਹੈ, ਜੰਮ ਪੈਂਦਾ ਹੈ ਮਰ ਜਾਂਦਾ ਹੈ। ਅੰਨ੍ਹੀ ਲੋਕਾਈ ਹੈ ਨਿਗੁਰਿਆਂ ਦੀ। ਸੋ ਗੁਰੂ ਵਾਲਾ ਹੋ ਕੇ ਫੇਰ ਗੁਰੂ ਦੀ ਸੇਵਾ ਕਰਦਾ ਹੈ। ਗੁਰੂ ਇਹ ਨਹੀਂ ਕਹਿੰਦਾ ਕਿ ਤੂੰ ਮੇਰੀਆਂ ਮੁੱਠੀਆਂ-ਚਾਪੀਆਂ ਕਰ ਜਾਂ ਮੈਨੂੰ ਪੱਖਾ ਝੱਲ। ਗੁਰੂ ਕਹਿੰਦਾ ਹੈ ਕਿ ਤੂੰ ਮੇਰੇ ਬਚਨ ਨੂੰ ਮੰਨ। ਸੇਵਾ ਇਹੀ ਹੈ-

ਆਗਿਆ ਸਮ ਨਹੀ ਸਾਹਿਬ ਸੇਵਾ।

ਆਗਿਆ ਦੇ ਵਿਚ ਰਹਿੰਦਾ ਹੈ ਤੇ ਸੇਵਾ ਕਰਦਾ ਹੈ ਉਸ ਦੇ ਮੁਤਾਬਿਕ ਜੀਵਨ ਬਤੀਤ ਕਰਦਾ ਹੈ ਫੇਰ ਉਸਨੂੰ ਤਾਂ ਸੁਖ ਦੀ ਪ੍ਰਾਪਤੀ ਹੋਣੀ ਸ਼ੁਰੂ ਹੋ ਜਾਂਦੀ ਹੈ। ਜਿਹੜਾ ਦੂਸਰਾ ਹੁੰਦਾ ਹੈ -

ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ
ਜੁਗ ਚਾਰੇ ਭਰਮਾਈ ॥ ਅੰਗ - ੬੦੩

ਚਾਰੇ ਜੁੱਗਾਂ ਦੇ ਵਿਚ ਭਰਮਦਾ ਫਿਰਦਾ ਹੈ, ਕਿਸੇ ਜੁਗ ਵਿਚ ਪੈਦਾ ਹੋ ਗਿਆ, ਕੁੱਤਾ-ਬਿੱਲਾ ਬਣ ਗਿਆ ਕਿਤੇ ਸੂਰ ਬਣ ਗਿਆ, ਸੱਪ ਬਣ ਗਿਆ, ਕਿਤੇ ਕੁਝ ਬਣ ਗਿਆ ਕਿਤੇ ਕੁਝ ਬਣ ਗਿਆ, ਫਿਰਦੇ-ਫਿਰਦੇ ਨੂੰ ਫੇਰ ਮਨੁੱਖ ਦੀ ਦੇਹੀ ਕਦੇ ਪ੍ਰਾਪਤ ਹੋ ਜਾਂਦੀ ਹੈ, ਕਿਤੇ-ਕਿਤੇ ਪ੍ਰਾਪਤ ਹੋ ਜਾਂਦੀ ਹੈ ਕਰੋੜਾਂ ਸਾਲਾਂ ਬਾਅਦ। ਕਹਿੰਦੇ ਹੁਣ ਤੇਰੀ ਵਾਰੀ ਆ ਗਈ।

ਗੁਰ ਸੇਵਾ ਤੇ ਭਗਤਿ ਕਮਾਈ ॥
ਤਬ ਇਹ ਮਾਨਸ ਦੇਹੀ ਪਾਈ ॥
ਇਸ ਦੇਹੀ ਕਉ ਸਿਮਰਹਿ ਦੇਵ ॥
ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥
ਭਜਹੁ ਗੋਬਿੰਦ ਭੂਲਿ ਮਤ ਜਾਹੁ ॥
ਮਾਨਸ ਜਨਮ ਕਾ ਏਹੀ ਲਾਹੁ ॥ ਅੰਗ - ੧੧੫੯

ਇਸ ਨੂੰ ਦੇਵਤਾ ਲੋਕ ਵੀ ਸਵਰਗ ਵਿਚ ਬੈਠੇ ਲੋਚਦੇ ਨੇ, ਉਹ ਤੈਨੂੰ ਮਿਲੀ ਹੋਈ ਹੈ ਉਹ ਤੂੰ ਬਰਬਾਦ ਕਰਦਾ ਹੈਂ। ਸੁੱਤਾ ਪਿਆ ਰਹਿੰਦਾ ਹੈਂ, ਬਾਣੀ ਤੂੰ ਨਹੀਂ ਪੜ੍ਹਦਾ, ਗੁਰੂ ਵਾਲਾ ਤੂੰ ਨਹੀਂ ਬਣਦਾ, ਭੂਤਾਂ-ਪ੍ਰੇਤਾਂ ਵਰਗੀ ਜ਼ਿੰਦਗੀ ਬਤੀਤ ਕਰਦਾ ਹੈਂ ਤੇਰੇ ਨਾਲ ਭੂਤ-ਪ੍ਰੇਤ ਜੁੜੇ ਰਹਿੰਦੇ ਨੇ। ਤੇਰੇ ਉਤੇ ਮਿਹਰਾਂ ਨਹੀਂ ਹੁੰਦੀਆਂ, ਬਖਸ਼ਿਸ਼ਾਂ ਨਹੀਂ ਹੁੰਦੀਆਂ, ਨਸ਼ਿਆਂ ਦੇ ਵਿਚ ਜੀਵਨ ਬਤੀਤ ਕਰਦਾ ਹੈ। ਸੋ ਜਦੋਂ ਇਹ ਦੇਹੀ ਤੈਨੂੰ ਮਿਲ ਗਈ ਤਾਂ ਮਹਾਰਾਜ ਜੀ ਕਹਿੰਦੇ ਹੁਣ ਤੂੰ ਅਸਲੀ ਕੰਮ ਕਰ ਤੇ ਪਹਿਲਾਂ ਤਾਂ ਤੂੰ ਇਸ ਦੀ ਮਹੱਤਤਾ ਜਾਣ ਕਿ ਇਹ ਕਿੰਨੀ ਕੀਮਤੀ ਹੈ -

ਕਬੀਰ ਮਾਨਸ ਜਨਮੁ ਦੁਲੰਭੁ ਹੈ
ਹੋਇ ਨ ਬਾਰੈ ਬਾਰ ॥ ਅੰਗ - ੧੩੬੬

ਇਹ ਵਾਰੀ-ਵਾਰੀ ਆਉਂਦਾ ਨਹੀਂ ਹੱਥ ਵਿਚ ਤੇ ਦੁਰਲੱਭ ਚੀਜ਼ ਹੈ ਜੋ ਕਿਸੇ ਪੈਸੇ ਨਾਲ ਨਹੀਂ ਮਿਲਦੀ, ਕਿਸੇ ਕਰਮ ਨਾਲ ਨਹੀਂ ਮਿਲਦੀ, ਅਚਾਨਕ ਵਾਹਿਗੁਰੂ ਦੇ ਦਿੰਦਾ ਹੈ -

ਜਿਉ ਬਨ ਫਲ ਪਾਕੇ ਭੁਇ ਗਿਰਹਿ
ਬਹੁਰਿ ਨ ਲਾਗਹਿ ਡਾਰ ॥ ਅੰਗ - ੧੩੬੬

ਜੇ ਗਿਰ ਗਿਆ ਫਲ ਦਰਖਤ ਤੋਂ ਫੇਰ ਜ਼ੋਰ ਲਾ ਲਓ ਟਹਿਣੀ ਨਾਲ ਵੀ ਨਹੀਂ ਜੁੜਦਾ, ਗਲ ਜਾਏਗਾ। ਇਸੇ ਤਰ੍ਹਾਂ ਜਦੋਂ ਮਾਨਸ ਜਨਮ ਸਾਡਾ ਲੰਘ ਗਿਆ ਤਾਂ ਕੀ ਖੱਟਿਆ ਅਸੀਂ? ਸੰਸਾਰ ਬਣਾਇਆ, ਵੱਡੇ-ਵੱਡੇ ਕੰਮ ਕੀਤੇ, ਵੱਡੀਆਂ-ਵੱਡੀਆਂ ਜਾਇਦਾਦਾਂ ਬਣਾਈਆਂ, ਬਣਾ ਲਈਆਂ ਤਾਂ ਠੀਕ ਹੈ ਪਰ ਤੂੰ ਅਸਲੀ ਕੰਮ ਵੀ ਕਰ ਜਿਸ ਕੰਮ ਨੂੰ ਤੂੰ ਕਰਨ ਵਾਸਤੇ ਆਇਆ ਹੈਂ। ਸੋ ਉਹ ਮਹਾਰਾਜ ਜੀ ਕਹਿੰਦੇ -

ਭਜਹੁ ਗੋਬਿੰਦ ਭੂਲਿ ਮਤ ਜਾਹੁ ॥
ਮਾਨਸ ਜਨਮ ਕਾ ਏਹੀ ਲਾਹੁ ॥ ਅੰਗ - ੧੧੫੯

ਤੂੰ ਗੋਬਿੰਦ ਨੂੰ ਭਜ, ਤੂੰ ਉਸ ਦੇ ਵਲ ਨੂੰ ਤੁਰ, ਚੱਲ ਓਸ ਪਾਸੇ ਨੂੰ ਰਸਤੇ ਦੇ ਵਿਚ ਤੇ -

ਜਬ ਲਗੁ ਜਰਾ ਰੋਗੁ ਨਹੀ ਆਇਆ ॥
ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥
ਜਬ ਲਗੁ ਬਿਕਲ ਭਈ ਨਹੀ ਬਾਨੀ ॥
ਭਜਿ ਲੇਹਿ ਰੇ ਮਨ ਸਾਰਿਗਪਾਨੀ ॥
ਅੰਗ - ੧੧੫੯

ਜਿੰਨਾ ਚਿਰ ਬੁਢਾਪੇ ਦਾ ਰੋਗ ਨਹੀਂ ਲੱਗਿਆ। ਬੁਢਾਪੇ ਵਿਚ ਨਹੀਂ ਨਾਮ ਜਪ ਹੁੰਦਾ, ਬੜਾ ਮੁਸ਼ਕਲ ਹੈ ਕਿਉਂਕਿ ਐਨੀਆਂ -

ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥
ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥
ਅੰਗ - ੧੪੯

ਮਨ ਦੀਆਂ ਵਾਸ਼ਨਾਵਾਂ ਐਨੀਆਂ ਖਿੰਡ ਗਈਆਂ, ਹਜ਼ਾਰਾਂ ਦੀ ਤਾਦਾਦ ਵਿਚ ਫੈਲ ਗਈਆਂ ਹੁਣ ਮਨ ਜਦੋਂ ਭਜਨ ਕਰਨ ਲਗਦਾ ਹੈ ਤਾਂ ਗੋਤਾ ਖਾਂਦਾ ਹੈ ਫੇਰ ਉਸ ਦੇ ਵਿਚ ਹੀ ਚਲਿਆ ਜਾਂਦਾ ਹੈ, ਰੋਕਿਆ ਹੋਇਆ ਰੁਕਦਾ ਨਹੀਂ ਹੈ। ਬੈਠਦਾ ਹੈ, ਪਾਠ ਕਰਦਾ ਹੈ ਪਰ ਮਨ ਨਹੀਂ ਟਿਕਦਾ, ਕਿਉਂ ਨਹੀਂ ਟਿਕਦਾ? ਕਿਉਂਕਿ ਵਾਹਿਗੁਰੂ ਨਾਲ ਅਜੇ ਕੋਈ ਸੇਧ ਨਹੀਂ ਪਾਈ ਐਵੇਂ ਸੌਦੇਬਾਜ਼ੀ ਕਰ ਰਿਹਾ ਹੈ, ਆਪਣੇ ਹਿਤ ਵਾਸਤੇ ਕਰ ਰਿਹਾ ਹੈ ਕਿ ਮੈਨੂੰ ਆਰਾਮ ਆ ਜਾਵੇ, ਮੈਂ ਸੁਖੀ ਹੋ ਜਾਵਾਂ, ਐਉਂ ਨਹੀਂ ਕਹਿੰਦਾ ਕਿ ਮੈਂ ਵਾਹਿਗੁਰੂ ਨਾਲ ਪਿਆਰ ਕਰਾਂ। ਜਿੰਨਾ ਚਿਰ ਪਿਆਰ ਨਹੀਂ ਕਰਦਾ ਓਨਾਂ ਚਿਰ ਕਦੇ ਵੀ ਮਨ ਨਹੀਂ ਟਿਕੇਗਾ। ਸੋ ਮਨ ਨਾ ਟਿਕਣ

ਕਰਕੇ ਇਸ ਦੇ ਜੋ ਉਪਰਾਲੇ ਨੇ ਉਨ੍ਹਾਂ ਨੂੰ ਫਲ ਨਹੀਂ ਲਗਦਾ, ਓਨਾਂ ਜਿੰਨਾ ਲਗਣਾ ਚਾਹੀਦਾ ਹੈ। ਸੋ ਮਹਾਰਾਜ ਜੀ ਕਹਿੰਦੇ ਕਿ ਫੇਰ ਬੁਢਾਪੇ ਵੇਲੇ ਤੇਰੇ ਖਿਆਲ ਐਨੇ ਫੈਲ ਜਾਣੇ ਨੇ....,ਹੁਣ ਤਾਂ ਤੂੰ ਇਕੱਲਾ ਹੀ ਹੈਂ, ਤੈਨੂੰ ਮਾਂ-ਬਾਪ ਦੀ ਜ਼ਿੰਮੇਵਾਰੀ ਨਹੀਂ, ਅਜੇ ਉਹ ਆਪਣੇ ਕੰਮ ਕਰ ਰਹੇ ਨੇ ਫੇਰ ਜ਼ਿੰਮੇਵਾਰੀਆਂ ਤੇਰੇ ਸਿਰ ਤੇ ਆ ਜਾਣੀਆਂ ਨੇ, ਫੇਰ ਮਨ ਦੀਆਂ ਮਤਾਂ ਖਿੰਡ ਜਾਣੀਆਂ ਨੇ, ਫੇਰ ਬੇਅੰਤ ਗਹਿਰੇ ਰਸਤੇ ਬਣ ਜਾਣੇ ਨੇ, ਉਨ੍ਹਾਂ ਵਿਚੋਂ ਮਨ ਦੇ ਬਾਹਰ ਨਹੀਂ ਆਉਣਾ –

ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥
ਅੰਗ - ੧੪੬

ਕਹਿੰਦੇ ਗੋਤੇ ਖਾਂਦਾ ਹੈ ਫੇਰ ਨਿਕਲਦਾ ਨਹੀਂ ਹੈ। ਸੋ ਇਸ ਤਰ੍ਹਾਂ ਦੇ ਨਾਲ ਕਹਿੰਦੇ –

ਜਬ ਲਗੁ ਜਰਾ ਰੋਗੁ ਨਹੀ ਆਇਆ ॥
ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥
ਜਬ ਲਗੁ ਬਿਕਲ ਭਈ ਨਹੀ ਬਾਨੀ ॥
ਭਜਿ ਲੇਹਿ ਰੇ ਮਨ ਸਾਰਿਗਪਾਨੀ ॥ ਅੰਗ -੧੧੫੯

ਜਿਵੇਂ ਬਬੀਹਾ ਬਰਸਾਤ ਦੇ ਮਹੀਨੇ 'ਚ ਪਿਰਹੁੰ-ਪਿਰਹੁੰ ਕਰਦਾ ਹੈ ਇਸੇ ਤਰ੍ਹਾਂ ਕਹਿੰਦੇ ਤੂੰ ਵੀ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰੀ ਜਾਹ, ਇਸ ਤਰ੍ਹਾਂ ਭਾਈ –

ਅਬ ਨ ਭਜਸਿ ਭਜਸਿ ਕਬ ਭਾਈ ॥
ਆਵੈ ਅੰਤੁ ਨ ਭਜਿਆ ਜਾਈ ॥
ਜੋ ਕਿਛੁ ਕਰਹਿ ਸੋਈ ਅਬ ਸਾਰੁ ॥
ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥ ਅੰਗ - ੧੧੫੯

ਸੋ ਇਸ ਸ਼ਬਦ ਦੇ ਅੰਦਰ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ –

ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ
ਜੁਗ ਚਾਰੇ ਭਰਮਾਈ ॥
ਹਮ ਦੀਨ ਤੁਮ ਜੁਗੁ ਜੁਗੁ ਦਾਤੇ
ਸਬਦੇ ਦੇਹਿ ਬੁਝਾਈ ॥ ਅੰਗ - ੬੦੩

ਉਹ ਸ਼ਬਦ ਕਿਹੜਾ ਹੈ ਇਸ ਦੀ ਸੋਝੀ ਜਿੰਨੀ ਦੇਰ ਤੱਕ ਅਭਿਆਸ ਵਿਚ ਨਹੀਂ ਪੈਂਦਾ ਆਦਮੀ ਓਨਾ ਚਿਰ ਨਹੀਂ ਪਤਾ ਲਗਦਾ। ਸਾਡਾ ਸਮਾਂ ਦੁਨੀਆਂ ਵਿਚ ਲੰਘਦਾ ਜਾਂਦਾ ਹੈ, ਕਾਰੋਬਾਰਾਂ ਵਿਚ ਲੰਘਦਾ ਜਾਂਦਾ ਹੈ ਤੇ ਕਹਿੰਦਾ ਹੈ ਕਿ 'ਮੈਂ' ਕਰਦਾ ਹਾਂ, ਮੈਂ ਨਹੀਂ ਕਰਦਾ ਇਹ ਤਾਂ ਤੇਰੇ ਮੱਥੇ ਵਿਚ ਲਿਖੇ ਪਏ ਨੇ, ਤੂੰ ਕਰਨੇ ਹੀ ਕਰਨੇ ਨੇ, ਤੇਰੇ ਸਰੀਰ ਨੇ ਹਰਕਤ ਕਰਨੀ ਹੀ ਹੈ, ਬੈਠ ਨਹੀਂ ਸਕਦਾ ਬੈਠ ਕੇ ਦੇਖ ਲੈ ਕਿ ਮੈਂ ਨਹੀਂ ਕੁਝ ਕਰਦਾ ਜੀ, ਜੇ ਕਦੇ ਬੈਠ ਸਕੇ ਕਿਉਂਕਿ ਉਹ ਅਵਸਥਾ ਨਹੀਂ ਆਈ। ਜਦੋਂ ਉਹ ਅਵਸਥਾ ਆ ਗਈ, ਨਾਮ ਆ ਗਿਆ ਫੇਰ ਕੁਝ ਵੀ ਨਾ ਕਰ –

ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ
ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ - ੬੪੯

ਪ੍ਰਾਲਬਧ ਆਪਣੇ-ਆਪਣੇ ਹੀ ਆਉਣੀ ਸ਼ੁਰੂ ਹੋ ਜਾਂਦੀ ਹੈ। ਅਸੀਂ ਅਜੇ ਪ੍ਰਾਲਬਧ ਦੇ ਅਧੀਨ ਹੋ ਕੇ ਇਸ ਦੇ ਵਾਸਤੇ ਹੀ ਸਾਰਾ ਯਤਨ ਕਰਦੇ ਹਾਂ ਜਿਹੜੀ ਪ੍ਰਮੇਸ਼ਰ ਨੇ ਪਹਿਲਾਂ ਹੀ ਮੱਥੇ ਵਿਚ ਲਿਖੀ ਪਈ ਹੈ। ਜਿਹੜੀ ਚੀਜ਼ ਅਸੀਂ ਕਰਨੀ ਸੀ ਆ ਕੇ –

ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥
ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥
ਅੰਗ - ੧੪੨੮

ਸਰੀਰ ਨੇ ਬਿਨਸ ਜਾਣਾ ਹੈ ਸਦਾ ਨਹੀਂ ਰਹਿਣਾ, ਚਲੇ ਜਾਣਾ ਹੈ ਲੇਕਿਨ ਜੇ ਅਖੀਰ ਤੇ ਜਾ ਕੇ ਸਮਝ ਆਈ ਕਿ ਕੀ ਕਹਿੰਦੇ ਰਹੇ ਗੁਰੂ ਮਹਾਰਾਜ! ਫੇਰ ਤਾਂ ਸਮਾਂ ਲੰਘ ਗਿਆ ਫੇਰ ਤਾਂ ਨਾ ਕੋਈ ਸਾਧਨ ਹੋਵੇ ਨਾ ਸਾਨੂੰ ਓਸ ਦੀ ਪ੍ਰਾਪਤੀ ਹੋਵੇ। ਸੋ ਅਸੀਂ ਗੰਭੀਰ ਨਹੀਂ ਹਾਂ ਇਸ ਮਾਮਲੇ ਵਿਚ ਕਿ ਅਸੀਂ ਸ਼ਬਦ ਤੱਕ ਕਿਵੇਂ ਪਹੁੰਚੀਏ। ਨਾ ਗੰਭੀਰ ਹੋਣ ਕਰਕੇ ਅੱਧ ਪਚੱਦਾ (ਅਧੂਰਾ) ਹੈ, ਫੇਰ ਵੀ ਕਿਸਮ ਸਾਡੀ ਚੰਗੀ ਹੈ ਕਿ ਸਾਨੂੰ ਸਤਿਸੰਗ ਮਿਲੀ ਜਾਂਦਾ ਹੈ, ਸੇਵਾ ਕਰਦੇ ਹਾਂ, ਕਾਫੀ ਤੁਰੇ ਹੋਏ ਹਾਂ ਪਰ ਜੋ ਮੰਜ਼ਲ ਹੈ ਉਹ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਮੈਂ ਪਹੁੰਚਣਾ ਕਿੱਥੇ ਹੈ। ਜਦੋਂ ਤੱਕ ਉਸ ਮੰਜ਼ਲ ਤੇ ਧਿਆਨ ਨਹੀਂ ਟਿਕਦਾ, ਮਹਾਰਾਜ ਉਸਨੂੰ ਸ਼ੇਰ ਬਿਰਤੀ ਕਹਿੰਦੇ ਨੇ ਕਿ ਸ਼ੇਰ ਬਿਰਤੀ ਧਾਰਨ ਕਰੋ। ਪਹਿਲਾਂ ਨਿਸ਼ਾਨਾ ਸਾਮ੍ਹਣੇ ਰੱਖੋ।

ਅਰਜਨ ਜਿਸ ਵਕਤ ਉਬਲਦੇ ਕੜਾਹੇ ਦੇ ਕੋਲ ਖੜ੍ਹਾ ਹੈ ਉਹ ਕੜਾਹੇ ਦੇ ਤੇਲ ਦੇ ਵਿਚ ਦੇਖ ਰਿਹਾ ਹੈ ਉਸਨੂੰ ਕੁਝ ਨਹੀਂ ਨਜ਼ਰ ਆਉਂਦਾ ਉਹ ਨਿਸ਼ਾਨੇ ਨੂੰ ਤੱਕ ਰਿਹਾ ਹੈ। ਨਿਸ਼ਾਨਾ ਹੈ ਮੱਛੀ ਦੀ ਅੱਖ, ਉਸ ਦੇ ਅੱਗੇ ਇਕ ਚੱਕਰ ਘੁੰਮ ਰਿਹਾ ਹੈ ਉਸ ਦੇ ਵਿਚ ਥੋੜ੍ਹੀ-ਥੋੜ੍ਹੀ ਦੇਰ ਬਾਅਦ ਮੱਛੀ ਦੀ ਅੱਖ ਦਿਸਦੀ ਹੈ। ਉਸ ਨੂੰ ਸਭ ਕੁਝ ਭੁੱਲ ਗਿਆ ਨਾ ਆਪਣਾ-ਆਪ ਯਾਦ ਹੈ ਨਾ ਕੜਾਹਾ ਯਾਦ ਹੈ, ਕੋਈ ਚੀਜ਼ ਨਹੀਂ ਯਾਦ। ਨਾ ਉਹ ਚੱਕਰ ਯਾਦ ਹੈ, ਕੇਵਲ ਮੱਛੀ ਦੀ ਅੱਖ ਰਹਿ ਗਈ ਸਾਮ੍ਹਣੇ, ਉਸਦੇ ਵਿਚ ਨਿਸ਼ਾਨਾ ਮਾਰਿਆ। ਮਸ਼ਹੂਰ ਹੈ ਇਹ ਸਾਨੂੰ ਸਮਝਣ ਵਾਸਤੇ ਕਿ ਜਦੋਂ ਤੱਕ ਨਿਸ਼ਾਨਾ ਸਾਡੇ ਸਮਝ 'ਚ ਨਹੀਂ ਆਉਂਦਾ ਬਾਕੀ ਸਾਰੀਆਂ ਚੀਜ਼ਾਂ ਭੁੱਲ ਨਹੀਂ ਜਾਂਦੀਆਂ, ਨਿਸ਼ਾਨਾ ਨਹੀਂ ਆਉਂਦਾ, ਓਨੀਂ ਦੇਰ ਤੱਕ ਪ੍ਰਾਪਤੀ ਬੜੀ ਔਖੀ ਹੋ ਜਾਂਦੀ ਹੈ। ਸਾਧ-ਸੰਗਤ ਜੀ! ਫੇਰ ਵੀ ਬਹੁਤ ਵਧੀਆ ਹੈ ਕਿ ਸਤਿਸੰਗ ਵਿਚ ਆ ਜਾਂਦੇ ਹੋ, ਅੰਮ੍ਰਿਤ ਵੇਲੇ ਦੇ ਫਲ ਪ੍ਰਾਪਤ ਕਰਦੇ ਹੋ ਪਰ ਰਸਤਾ ਬੜਾ ਲੰਮਾ ਹੈ। ਨੇੜੇ ਤੋਂ ਨੇੜੇ ਹੈ ਦੂਰ ਤੋਂ ਦੂਰ ਹੈ। ਗਫਲਤ ਕਰੇ ਨਾ ਸੋਝੀ 'ਚ ਆਵੇ ਤਾਂ ਦੂਰ ਬੜਾ ਹੈ ਜੇ ਸੋਝੀ ਆ ਜਾਵੇ ਤਾਂ ਨੇੜੇ ਤੋਂ ਨੇੜੇ ਹੈ ਬਹੁਤ ਛੇਤੀ ਪ੍ਰਾਪਤ ਹੋ ਜਾਂਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

ਮਿਲ ਕੇ ਕਰਹੁ ਕਹਾਣੀਆਂ.....।

ਪ੍ਰਭਜੋਤ ਕੌਰ

ਬੜੀ ਤੇਜ਼ ਰਫਤਾਰ ਦੇ ਨਾਲ ਸਮਾਂ ਲੰਘਦਾ ਜਾ ਰਿਹਾ ਹੈ। ਪਿਛੇ ਵਲ ਨੂੰ ਨਿਗ੍ਹਾਹ ਮਾਰਦੀ ਹਾਂ ਤਾਂ ਕੱਲ ਦੀਆਂ ਬਾਤਾਂ ਜਿਹੀਆਂ ਲਗਦੀਆਂ ਨੇ। ਪਰ ਛੇ ਸਾਲ ਲੰਘ ਗਏ, ਆਪਾਂ ਸਾਰਿਆਂ ਨੂੰ ਉਸ ਸਰੀਰ ਤੋਂ ਵਿਛੜਿਆਂ, ਜਿਨਾਂ ਦੀ ਮਿੱਠੀ ਪਿਆਰੀ ਯਾਦ ਫਿਰ ਤੋਂ ਮਨਾਈ ਗਈ ਹੈ। ਉਹੀ ਸਮੇਂ ਮੁੜ-ਮੁੜ ਆਉਣਗੇ ਤੇ ਇਹ ਸਿਲਸਿਲਾ ਜਾਰੀ ਰਹੇਗਾ। ਬਹੁਤ ਸਾਰੇ ਸਰੀਰ ਹੋਰ ਵੀ ਚਲੇ ਗਏ। ਪਰ ਉਨ੍ਹਾਂ ਦੀ ਸਮ੍ਰਿਤੀ ਕੋਈ ਨਹੀਂ ਹੁੰਦੀ। ਕੋਈ ਯਾਦ ਨਹੀਂ ਕਰਦਾ। ਇਹੀ ਫਰਕ ਹੈ ਉਨ੍ਹਾਂ ਅਮਰ ਪੂਜਨੀਯ ਅਭੇਦ ਪੁਰਸ਼ਾਂ ਦਾ। ਕਿੰਨੇ ਪ੍ਰੇਮੀਆਂ ਨੇ ਆਨੰਦ ਮਾਣਿਆ ਉਹ ਸੁਨਿਹਰੀ ਘੜੀਆਂ ਦਾ, ਉਨ੍ਹਾਂ ਸੁਨਿਹਰੀ ਪਲਾਂ ਦਾ ਜੋ ਆਪ ਜੀ ਦੀ ਹਜ਼ੂਰੀ ਵਿਚ ਬੀਤੇ। ਲੱਖਾਂ-ਲੱਖਾਂ ਦੇ ਇਕੱਠ ਤੇ ਕਿਸੇ ਦਾ ਸਾਹ ਤੱਕ ਵੀ ਨਹੀਂ ਸੀ ਸੁਣਦਾ ਹੁੰਦਾ। ਛੋਟੇ-ਛੋਟੇ ਬੱਚੇ, ਬਜ਼ੁਰਗ, ਭੈਣਾਂ, ਵੀਰ, ਮਾਈ-ਭਾਈ ਸਭ ਸਾਵਧਾਨਾ ਹੋ ਕੇ ਬੈਠਦੇ। ਘੰਟਿਆਂ ਬੱਧੀ ਸਤਿਸੰਗ ਹੁੰਦਾ, ਵੀਚਾਰਾਂ ਹੁੰਦੀਆਂ। ਇਕ ਬੈਕੁੰਠ ਵਰਗਾ ਅਨੁਭਵ ਰਿਹਾ। ਕਿਸੇ ਨੂੰ ਪੁੱਛ ਲਵੋ, ਜਵਾਬ ਇਕੋ ਹੀ ਮਿਲਦਾ ਕਿ ਸੰਤ ਮਹਾਰਾਜ ਜੀ ਨਾਲ ਤਾਂ ਸਮਾਂ ਕੁਝ ਹੋਰ ਹੀ ਸੀ। ਇਹ ਸੱਚ ਹੈ, ਦੋ ਦਿਹਾਕੇ ਅੱਖ ਫਿਰਕੇ ਹੀ ਲੰਘ ਗਏ। ਪਤਾ ਹੀ ਨਾਂ ਲੱਗਿਆ। ਐਨੀ ਸ਼ਾਂਤੀ ਮਿਲੀ, ਐਨਾ ਅਨੰਦ ਮਿਲਿਆ ਕਿ ਆਲੇ-ਦੁਆਲੇ ਦੀ ਕੋਈ ਖਬਰ ਨਹੀਂ ਸੀ ਹੁੰਦੀ। ਹੁਣ ਤਾਂ ਮੈਂ ਦੇਖਦੀ ਹਾਂ ਇਕੱਠ ਬਹੁਤੇ ਰਹਿ ਗਏ ਤੇ ਉਹ ਜਗਿਆਸਾ ਅੰਦਰੋਂ ਘਟਦੀ ਜਾ ਰਹੀ ਹੈ। ਐਸਾ ਹੋਣਾ ਵੀ ਸੁਭਾਵਿਕ ਹੁੰਦਾ ਹੈ। ਉਤਮ ਜਗਿਆਸੂ ਕੇਵਲ ਤੱਤ ਬੇਤਾ ਸਾਧੂ ਹੀ ਪੈਦਾ ਕਰ ਸਕਦਾ ਹੈ। ਖਿੰਡੀਆਂ ਹੋਈਆਂ ਸੁਰਤੀਆਂ-ਬਿਰਤੀਆਂ ਦੇ ਉਲਝੇ ਹੋਏ ਤਾਣੇ-ਬਾਣੇ ਕੋਈ ਬੀਤਰਾਗ ਅਵਸਥਾ ਵਾਲਾ ਮਹਾਤਮਾ ਹੀ ਸੁਲਝਾ ਸਕਦਾ ਹੈ। ਹਰ ਇਕ ਦੇ ਵਸ ਦੀ ਬਾਤ ਨਹੀਂ ਹੁੰਦੀ।

ਕਿਉਂਕਿ ਆਪ ਜੀ ਦਾ ਸਮਾਧੀਲੀਨ ਦਿਹਾੜਾ ਮਨਾਇਆ ਗਿਆ ਹੈ। ਮਨਾਇਆ ਜਾਣਾ ਹੈ, ਉਸ ਦੇ ਸਬੰਧ ਵਿਚ ਹੀ ਕੁਝ ਕੁ ਬਾਤਾਂ ਆਪ ਜੀ ਨਾਲ ਸਾਂਝੀਆਂ ਕਰਾਂਗੀ। ਇਕ ਬਚਨ ਆਪ ਜੀ ਹਮੇਸ਼ਾ ਕਰਦੇ ਹੁੰਦੇ ਕਿ ਸਾਧਸੰਗਤ ਜੀ! ਮੈਂ ਕਿਤੇ ਜਾਣਾ ਨਹੀਂ। ਹੁਣ ਮੈਂ ਤੁਹਾਡੇ ਸਾਮ੍ਹਣੇ ਬੈਠਾ ਤੁਹਾਨੂੰ ਦੇਖਦਾ ਫਿਰ ਉਪਰੋਂ ਦੇਖਿਆ ਕਰੂੰਗਾ। ਇਹ ਤਾਂ ਸੀ ਆਪ ਜੀ ਦੇ ਬਚਨ। ਉਧਰ ਜਦੋਂ ਆਪ ਜੀ ਨੇ ਸਰੀਰ ਛੱਡਿਆ, ਥੋੜ੍ਹੇ ਸਮੇਂ ਬਾਅਦ ਕਾਫੀ ਤਬਦੀਲੀ ਆਈ। ਅਕਸਰ ਹੀ ਜਦੋਂ ਐਨਾ ਜਗਿਆਸੂਆਂ ਦੇ ਧੇਅ ਸੰਸਾਰ ਦੇ ਰੰਗ-ਮੰਚ ਤੋਂ ਆਪਣੇ ਸਰੀਰ ਅਲੋਪ ਕਰਦੇ ਨੇ, ਐਸੀ ਖਲਬਲੀ ਪੈਦਾ ਹੁੰਦੀ ਹੈ ਕਿ ਥੰਮਣ ਦਾ ਨਾਂ ਨਹੀਂ ਲੈਂਦੀ। ਸ਼ਾਇਦ ਇਹ ਵੀ ਇਕ ਵਾਹਿਗੁਰੂ ਜੀ ਦੀ ਕਲਾ ਹੈ ਸਾਨੂੰ ਸਮਝਾਉਣ ਲਈ ਕਿ ਕਿਦਾਂ ਪਰਮੇਸ਼ਰ ਦੇ ਪਿਆਰੇ ਸੰਸਾਰ ਨੂੰ ਥੰਮ ਕੇ ਰੱਖਦੇ ਹਨ। ਸੋ ਆਪ ਜੀ ਦੇ ਸਰੀਰ ਜਾਣ ਦੇ ਬਾਅਦ ਕਾਫੀ ਕੁਝ ਐਸਾ ਵਾਪਰਿਆ ਕਿ ਇਨਸਾਨ ਡੋਲ ਜਾਂਦਾ ਸੀ ਕਿ ਹੁਣ ਕੀ ਹੋਏਗਾ, ਪਰ ਕੋਈ ਐਸੀ ਸੱਤਿਆ ਹੈ ਆਪ ਜੀ ਦੀ ਕਿ ਇਨਸਾਨ ਹੈਰਾਨ ਰਹਿ ਜਾਂਦਾ, ਸਭ ਕੁਝ ਐਸਾ ਬਾਖੂਬੀ ਸਮੇਟ ਦਿੰਦੇ ਹਨ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਇਹ ਤਾਂ ਸੀ ਇਕ ਸੰਸਾਰਿਕ ਪੱਖ ਪਰ ਦੂਸਰੇ ਪਾਸੇ ਹਨ ਉਹ ਸਾਰੇ ਪ੍ਰੇਮੀ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਸੁਨਹਿਰੀ ਸਾਲ, ਉਸ ਮਹਾਨ ਯੁਗਪੁਰਸ਼ਾਂ ਦੇ ਚਰਨਾਂ ਵਿਚ ਬਤੀਤ ਕੀਤੇ ਹਨ। ਉਹ ਪਿਆਰ ਉਹ ਬਖਸ਼ਿਸ਼ਾਂ ਤੇ ਉਹ ਆਨੰਦ ਲਏ ਜਿਨ੍ਹਾਂ ਦੀ ਕੋਈ ਕੀਮਤ ਨਹੀਂ ਹੈ। ਉਨ੍ਹਾਂ ਸਭ ਪ੍ਰੇਮੀਆਂ ਦੀ ਮਨੋਦਸ਼ਾ ਜਾਂ ਦਿਲ ਦੇ ਹਾਲ ਦਾ ਜ਼ਿਕਰ ਕਰਨਾ ਬਹੁਤ ਔਖਾ ਹੈ। ਇਕ ਚੁੱਪ ਸਾਧ ਕੇ ਸਭ ਆਪੋ-ਆਪਣੇ ਫਰਜ਼ ਅਦਾ ਕਰ ਰਹੇ ਹਨ ਪਰ ਸਭ ਦੇ ਅੰਦਰ ਰੋਂਦੇ ਨੇ। ਐਸੀ ਕਰਾਰੀ ਚੋਟ ਮਿਲੀ ਕਿ ਅੱਜ ਤੱਕ ਵੀ ਕੋਈ ਸੰਭਲਦਾ ਨਜ਼ਰ ਨਹੀਂ ਆ ਰਿਹਾ। ਸਮਾਂ ਅੱਗੇ ਨੂੰ ਜਾ ਰਿਹਾ ਹੈ ਪਰ ਇਨ੍ਹਾਂ ਪ੍ਰੇਮੀਆਂ ਦੇ ਦਿਲ ਬੰਨ੍ਹੇ ਪਏ ਨੇ ਉਸ ਬੀਤ ਚੁੱਕੇ ਸਮੇਂ ਦੇ ਨਾਲ। ਜੋ ਇਨ੍ਹਾਂ ਆਪਣੇ ਪਿਆਰੇ ਦੇ ਚਰਨਾਂ 'ਚ ਬਤੀਤ ਕੀਤਾ। ਆਪ ਜੀ ਦਾ ਪਿਆਰ ਕੈਸਾ ਹੈ ਕਿ ਬਿਖਰਨ ਨਹੀਂ ਦੇ ਰਿਹਾ। ਹਰ ਪਲ ਜ਼ਿੰਦਗੀ ਦੇ ਰਿਹਾ ਹੈ। ਜ਼ਿੰਦਗੀ ਹੀ ਨਹੀਂ ਦੇ ਰਿਹਾ, ਰਾਖੀ ਵੀ ਕਰ ਰਿਹਾ ਹੈ। ਹੁਣ ਐਸੇ ਪਿਆਰ ਬਾਰੇ ਕੀ ਲਿਖਾਂ?

ਅਕਤੂਬਰ 2001 ਸਾਲਾਨਾ ਸਮਾਗਮ ਤੋਂ ਸ਼ਾਇਦ ਇਕ ਹਫਤਾ ਬਾਅਦ ਦੀ ਗੱਲ ਹੈ। ਆਪ ਜੀ ਨੇ ਦੀਵਾਨ ਲਾਇਆ ਤੇ ਕੁਟੀਆ ਤੇ ਚਲੇ ਗਏ। ਸਬੱਬ ਐਸਾ ਹੋਇਆ ਕਿ ਅਸੀਂ ਕੁਝ ਕੁ ਜਣੇ ਵੀ ਪਿਛੇ ਹੀ ਰਤਵਾੜਾ ਸਾਹਿਬ, ਆਪ ਜੀ ਦੀ ਕੁਟੀਆ ਤੇ ਜਾ ਪਹੁੰਚੇ। ਉਥੇ ਆਪ ਜੀ ਆਰਾਮ ਕਰਨ ਲਗ ਪਏ। ਵਾਤਾਵਰਣ ਵੀ ਐਨਾ ਸੁਹਾਵਣਾ ਹੋ ਗਿਆ ਕਿ ਜਿਥੇ ਵੀ ਚਲੇ ਜਾਂਦੇ ਸੀ, ਬੈਠ ਜਾਂਦੇ ਸੀ। ਮਾਨੋਂ ਪ੍ਰਕਿਰਤੀ ਆਪ ਜੀ ਦੇ ਹਿਸਾਬ ਨਾਲ ਹੀ ਬਦਲ ਜਾਂਦੀ ਸੀ। ਸ਼ਾਮ ਦਾ ਸਮਾਂ ਸੀ, ਹਰੇ ਭਰੇ ਦਰਖਤਾਂ ਦੀ ਛਾਂ ਥੱਲੇ ਆਪ ਜੀ ਸੁਭਾਇਮਾਨ, ਨਾਲ ਇਕ ਡਾਕਟਰ ਤੇ ਦੋ ਸਿੰਘ, ਸਭ ਆਪ ਜੀ ਦੀ ਮੁੱਠੀ ਚਾਪੀ ਵਿਚ ਲੱਗੇ ਸਨ। ਆਪ ਜੀ ਧਿਆਨ 'ਚ ਬੈਠ ਗਏ। ਨੇਤਰ ਬੰਦ ਕਰ ਲਏ, ਕੁਝ ਮਿੰਟਾਂ ਬਾਦ ਖੋਲੇ। ਫਿਰ ਸਭ ਤੇ ਦਇਆ ਦ੍ਰਿਸ਼ਟੀ ਪਾਈ। ਪੂਰੇ ਜਲਾਲ 'ਚ ਆ ਕੇ ਕਹਿਣ ਲੱਗੇ। ਨਾਲ ਸੱਜਾ ਹੱਥ ਉਠਾ ਕੇ ਉਂਗਲੀ ਨਾਲ ਸਾਰਿਆਂ ਵਲ ਇਸ਼ਾਰਾ ਕਰ ਰਹੇ ਸੀ ਕਿ ਮੈਂ ਨਾ ਤੁਹਾਡੇ ਸਾਰਿਆਂ ਕਰਕੇ ਬੈਠਾ ਹਾਂ, ਨਹੀਂ ਤਾਂ ਮੈਨੂੰ ਕੋਈ ਲੋੜ ਨਹੀਂ, ਐਵੇਂ ਪੁਰਾਣਾ ਖੱਲੜ ਚੁੱਕੀ ਫਿਰਦੇ ਹਾਂ। ਇਕ ਦਮ ਸਨਾਟਾ ਛਾ ਗਿਆ। ਕੋਈ ਵੀ ਕੁਝ ਨਾ ਬੋਲੇ। ਪਰ ਸਾਰੇ ਹੀ ਪ੍ਰੇਮੀ ਮਨ ਹੀ ਮਨ ਅਰਦਾਸਾਂ ਕਰਨ ਕਿ ਸੰਤ ਮਹਾਰਾਜ ਜੀ ਆਪ ਜੀ ਦਾ ਸਰੀਰ ਜਲਦੀ ਅੱਛਾ ਹੋ ਜਾਏ। ਆਪ ਜੀ ਦੀ ਸਿਹਤ ਠੀਕ ਹੋ ਜਾਏ ਤੇ ਫਿਰ ਦੁਬਾਰਾ ਸੰਗਤਾਂ ਨੂੰ ਪਹਿਲਾਂ

ਵਾਂਗ ਦਰਸ਼ਨ ਦੇਵੋ। ਸਾਰੀਆਂ ਸੰਗਤਾਂ ਨੇ ਦੇਸ਼ਾਂ-ਵਿਦੇਸ਼ਾਂ ਵਿਚ ਬੈਠੇ ਕਿੰਨੀ ਬਾਣੀ ਪੜ੍ਹੀ, ਕਿੰਨੀਆਂ ਅਰਦਾਸਾਂ ਕੀਤੀਆਂ ਪਰ ਰੰਗ ਰਤੇ ਦੀ ਰੰਗਣ ਵਿਚ ਰੰਗੇ ਇਹ ਅਭੇਦ ਪੁਰਸ਼ ਆਪਣੀ ਹੀ ਮੌਜ ਵਿਚ ਸੰਸਾਰ ਵਿਚ ਵਿਚਰਦੇ ਸਨ, ਆਪਣੀਆਂ ਬੇਪਰਵਾਹੀਆਂ ਵਿਚ ਹੀ ਰਹਿੰਦੇ ਹਨ। ਸੋ ਆਖਰ ਉਹ ਘੜੀ ਆਣ ਬਹੁੜੀ ਜਿਸ ਬਾਰੇ ਸੋਚਣ ਤੋਂ ਵੀ ਅਸੀਂ ਸਭ ਡਰਦੇ ਸੀ। ਆਪ ਜੀ ਦੀ ਉਹ ਇਕ ਬੇਪਰਵਾਹੀ, ਸੰਗਤਾਂ ਲਈ ਕਹਿਰ ਹੋ ਗਈ। ਬਹੁਤ ਅਸਹਿ ਸਦਮਾ ਸੀ, ਜਿਸਦਾ ਗਮ ਅੱਜ ਤੱਕ ਨਹੀਂ ਮੁੱਕਿਆ, ਵਧਦਾ ਹੀ ਜਾ ਰਿਹਾ ਹੈ। ਹਰ ਰੋਜ਼ ਦਾ ਚੜ੍ਹਨ ਨਾਲਾ ਸੂਰਜ ਮਾਨੋਂ ਉਸ ਘੜੀ ਤੋਂ ਹੋਰ ਦੂਰ-ਹੋਰ ਦੂਰ ਕਰਦਾ ਪ੍ਰਤੀਤ ਹੁੰਦਾ ਹੈ। ਮਨ ਲੋਚਦਾ ਹੈ, ਸੰਗਤ ਵੀ ਬਹੁਤ ਉਦਾਸ ਹੋਈ ਫਿਰਦੀ ਹੈ, ਪਰ ਇਸ ਭਾਣੇ ਅੱਗੇ ਕਿਸੇ ਦਾ ਕੋਈ ਜ਼ੋਰ ਨਹੀਂ ਚਲਦਾ। ਪਿਆਰ ਦਾ ਕੋਈ ਰੂਪ ਤਾਂ ਨਹੀਂ ਹੈ ਪਰ ਉਹ ਕਈ ਰੂਪਾਂ ਵਿਚ ਸੰਸਾਰ ਤੇ ਖੁਦ ਨੂੰ ਜ਼ਾਹਿਰ ਕਰਦਾ ਰਹਿੰਦਾ ਹੈ।

ਰਤਵਾੜਾ ਸਾਹਿਬ ਵਿਖੇ ਇਸ ਵਰ੍ਹੇ ਵੀ ਆਪ ਜੀ ਦੀ ਪਿਆਰੀ ਯਾਦ ਮਿਤੀ 28 ਤੋਂ 31 ਅਕਤੂਬਰ ਨੂੰ ਮਨਾਈ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਛਤਰ ਛਾਇਆ, ਅਤਿ ਪੂਜਨੀਯ ਬੀਜੀ ਦੀ ਬਖਸ਼ਿਸ਼ ਸਦਕਾ, ਸਤਿਕਾਰਯੋਗ ਬਾਬਾ ਹਰਪਾਲ ਸਿੰਘ ਜੀ ਦੀ ਦੇਖ-ਰੇਖ ਹੇਠ ਸਾਰੇ ਪ੍ਰੋਗਰਾਮ ਉਲੀਕੇ ਗਏ ਸਨ। ਵੱਡਾ ਉਪਰਾਲਾ ਹੈ, ਸੰਗਤਾਂ ਨੂੰ ਨਾਮ ਨਾਲ ਜੋੜਨ ਦਾ। ਬਾਕੀ, ਆਪਣੇ ਪਿਆਰੇ ਦੀ ਯਾਦ, ਉਹਦੇ ਪਿਆਰ ਦੇ ਅੰਦਰ ਬੰਨ੍ਹੇ ਹਜ਼ਾਰਾਂ ਜਗਿਆਸੂ ਕਿਸੇ ਨਿਉਤੇ ਦੀ ਉਡੀਕ ਨਹੀਂ ਕਰਦੇ। ਵਹੀਰਾਂ ਘੱਤ ਕੇ ਪਹੁੰਚੇ ਹਨ। ਐਸੇ ਸਮੇਂ ਬਾਰ-ਬਾਰ ਹੱਥ ਨਹੀਂ ਆਉਂਦੇ। ਸਮਾਗਮ ਦਾ ਨਾਮ ਸੁਣ ਕੇ ਆਦਮੀ ਦੇ ਮਨ 'ਚ ਕਿੱਡੀ ਆਸ ਪੈਦਾ ਹੋ ਜਾਂਦੀ ਹੈ ਕਿ ਉਥੇ ਸਾਰੇ ਪ੍ਰੇਮੀਆਂ ਦੇ ਦਰਸ਼ਨ ਹੋਣਗੇ ਤੇ ਆਪਣੇ ਪਿਆਰੇ ਦੀਆਂ ਕਿੰਨੀਆਂ ਬਾਤਾਂ ਹੋਣਗੀਆਂ। ਇਕ ਕੋਈ ਐਵੇਂ ਜਿਹੀਆਂ ਗੱਲਾਂ ਨਹੀਂ ਹਨ, ਸਾਕਾਰ ਯਾਦਾਂ ਹਨ। ਮੈਂ ਕਿਸੇ ਪ੍ਰੇਮੀ ਦੇ ਜਦ ਵੀ ਦਰਸ਼ਨ ਕਰਦੀ ਹਾਂ, ਚਾਅ ਚੜ੍ਹ ਜਾਂਦਾ ਹੈ, ਮਨ ਵਿਚ ਆਸ ਲਗ ਜਾਂਦੀ ਹੈ ਕਿ ਇਹ ਮੈਨੂੰ ਸੰਤ ਮਹਾਰਾਜ ਜੀ ਦੀ ਕੋਈ ਗੱਲ ਜ਼ਰੂਰ ਸੁਣਾਏਗਾ। ਗੁਰਬਾਣੀ ਅੰਦਰ ਸਤਿਗੁਰੂ ਜੀ ਦਾ ਪਵਿੱਤਰ ਫੁਰਮਾਨ ਹੈ -

ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ
ਸੋ ਭਾਈ ਸੋ ਮੇਰਾ ਬੀਰ ॥ ਅੰਗ - ੮੬੨

ਸੋ ਉਨ੍ਹਾਂ ਪਿਆਰੀਆਂ ਯਾਦਾਂ ਨੂੰ ਫਿਰ ਤੋਂ ਚਿਤਰਿਆ ਜਾਵੇਗਾ ਸਤਿਸੰਗ ਦੇ ਰੂਪ ਅੰਦਰ। ਇਨ੍ਹਾਂ ਦਾ ਵੱਡਾ ਭਾਰਾ ਅਸਰ ਹੁੰਦਾ ਹੈ। ਸੰਤ ਮਹਾਰਾਜ ਜੀ ਫੁਰਮਾਉਂਦੇ ਹੁੰਦੇ ਕਿ ਜਿਹਨੂੰ ਇਨਸਾਨ ਯਾਦ ਕਰਦਾ ਰਹਿੰਦਾ ਹੈ, ਜਿਹਦੀ ਯਾਦ 'ਚ ਜੁੜ ਜਾਂਦਾ ਹੈ, ਉਹ ਵਰਗਾ ਹੀ ਹੋ ਜਾਂਦਾ ਹੈ ਤੇ ਆਪਾਂ ਤਾਂ ਇਹ ਸਭ ਅੱਖੀਂ ਦੇਖਿਆ ਹੈ। ਆਪ ਜੀ ਨੇ ਵੱਡੇ ਮਹਾਰਾਜ ਜੀ (ਧੰਨ ਧੰਨ ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ) ਦੀ ਯਾਦ ਅੰਦਰ ਆਪਣਾ ਸਾਰਾ ਜੀਵਨ ਬਤੀਤ ਕੀਤਾ। ਅਰ ਕਿੰਨੀਆਂ ਸੰਗਤਾਂ ਨੂੰ ਆਪ ਜੀ ਦੇ ਸਰੀਰ 'ਚੋਂ ਵੱਡੇ ਸੰਤ ਮਹਾਰਾਜ ਜੀ ਦੇ ਦਰਸ਼ਨ ਹੋਏ। ਸੋ ਕਹਿਣ ਤੋਂ ਭਾਵ ਇਨ੍ਹਾਂ ਯਾਦਾਂ ਵਿਚ ਬਹੁਤ force ਛੁਪਿਆ ਹੋਇਆ ਹੈ। ਕੋਈ ਆਪ ਜੀ ਦੀ ਬਾਤ ਸੁਣਾ ਰਿਹਾ ਹੋਵੇ, ਸਮੇਂ ਦਾ ਪਤਾ ਹੀ ਨਹੀਂ ਲਗਦਾ। ਘੰਟੇ ਬੀਤ ਜਾਂਦੇ ਹਨ। ਆਦਮੀ ਨਾਂ ਥੱਕਦਾ ਹੈ, ਨਾ ਭੁੱਖ-ਪਿਆਸ ਦਾ ਖਿਆਲ ਰਹਿੰਦਾ ਹੈ। ਪਿਆਰ ਦੀ ਤਾਕਤ ਹੈ ਕਿ ਖਿਆਲ ਨੂੰ ਬੰਨ੍ਹ ਦਿੰਦਾ ਹੈ ਤੇ ਖਿਆਲ ਦਾ ਟਿਕਾਉ ਦੇ ਘਰ 'ਚ ਆਉਣਾ ਹੀ ਭਗਤੀ ਹੈ ਫਿਰ ਉਥੇ ਅਨੰਦ ਹੈ, ਸੁਖ ਹੈ, ਸ਼ਾਂਤੀ ਹੈ, ਬੈਕੁੰਠ ਹੈ। ਬਾਕੀ ਸ਼ਰਧਾ ਭਾਵਨਾ ਨਾਲ ਜਦ ਵੀ ਕੋਈ ਸਤਿਪੁਰਸ਼ਾਂ ਵਲ ਨੂੰ ਇਕ ਕਦਮ ਪੁੱਟਦਾ ਹੈ, ਉਹਦਾ ਫਲ ਬੇਅੰਤ ਹੈ। ਇਹੀ ਇਕ ਨਿਮਾਣੀ ਸ਼ਰਧਾਂਜਲੀ ਹੈ, ਉਸ ਯੁੱਗ ਪੁਰਸ਼ ਦੇ ਚਰਨਾਂ ਅੰਦਰ, ਜਿਨ੍ਹਾਂ ਦੀ ਬਦੌਲਤ ਲੱਖਾਂ ਹੀ ਪ੍ਰਾਣੀਆਂ ਦੀ ਜ਼ਿੰਦਗੀ ਵਿਚ ਇਨਕਲਾਬ ਆਏ। ਆਪ ਜੀ ਸਾਰੇ ਸੰਸਾਰ ਨੂੰ ਪਿਆਰ ਦੇ ਕਲਾਵੇ 'ਚ ਲੈ ਕੇ, ਨਾਮ ਦਾ ਛਿੱਟਾ ਦਿਤਾ ਤਾਂ ਕਿ ਸੰਸਾਰ ਨੂੰ ਸੇਧ ਮਿਲ ਸਕੇ। ਵਲਵਲੇ ਬਹੁਤ ਹਨ, ਗੁਰੂ ਮਹਾਰਾਜ ਜੀ ਨੇ ਚਾਹਿਆ, ਆਉਣ ਵਾਲੇ ਸਮਿਆਂ ਅੰਦਰ ਆਪ ਜੀ ਨਾਲ ਸਾਂਝੇ ਕਰਨ ਦਾ ਯਤਨ ਕਰਾਂਗੀ। ਐਡੇ ਵੱਡੇ ਮਹਾਤਮਾ ਬਾਰੇ ਕੁਝ ਵੀ ਕਹਿਣਾ, ਲਿਖਣਾ ਮੇਰੀ ਬੁੱਧੀ ਤੋਂ ਪਰ੍ਹੇ ਹੈ ਪਰ ਮੈਂ ਵੀ ਆਪ ਜੀ ਦੇ ਬਚਨ ਦੀ ਬੰਨ੍ਹੀ ਹਾਂ।

ਬਾਕੀ ਪਰਮ ਪੂਜਨੀਯ ਬੀਜੀ ਹਨ, ਉਨਾਂ ਹੀ ਮਹਾਂਬਲੀ ਸਰੀਰ, ਉਹੀ ਘਾਲ-ਕਮਾਈ, ਉਹੀ ਪਿਆਰ। ਸਾਰਿਆਂ ਦੇ ਚਰਨਾਂ 'ਚ ਬੇਨਤੀ ਹੈ ਕਿ ਸਾਰੇ ਹੀ ਅਰਦਾਸ ਕਰੀਏ ਤਾਂ ਜੋ ਵਾਹਿਗੁਰੂ ਜੀ ਬੀਜੀ ਨੂੰ ਸਿਹਤਯਾਬੀ ਬਖਸ਼ਣ, ਲੰਮੀ ਆਯੂ ਬਖਸ਼ਣ ਤਾਂ ਕਿ ਆਪਾਂ ਸੰਤ ਮਹਾਰਾਜ ਜੀ ਦਾ ਪਿਆਰ ਵੀ ਇਨ੍ਹਾਂ ਤੋਂ ਸਦਾ ਏਸੇ ਤਰ੍ਹਾਂ ਹੀ ਲੈਂਦੇ ਰਹੀਏ। ਦੂਸਰਾ 'ਆਤਮ ਮਾਰਗ' ਮੈਗਜ਼ੀਨ ਹੈ, ਆਓ ਸਾਰੇ ਇਸ ਦੇ ਪ੍ਰਸਾਰ ਲਈ ਵਚਨਬੱਧ ਹੋਈਏ। ਇਨ੍ਹਾਂ ਬੇਨਤੀਆਂ ਨਾਲ ਹੀ ਆਪਣੀ ਵਿਚਾਰ ਸੰਕੋਚਦੀ ਹਾਂ ਤੇ ਆਸ ਕਰਦੀ ਹਾਂ ਕਿ ਆਪ ਜੀ ਹਮੇਸ਼ਾ ਵਾਂਗ ਆਪਣਾ ਪੂਰਾ ਸਹਿਯੋਗ ਦੇਵੋਗੇ।

(ਪੰਨਾ 2 ਦਾ ਬਾਕੀ)

ਆਦਿ ਸੁਣ ਸੁਣਾ ਕੇ ਪ੍ਰਭੂ ਦੇ ਨਾਮ ਵਿਚ ਜੁੜ ਕੇ ਉਸ ਦਾ ਸਾਰਾ ਦੁਖ ਦਰਦ ਦੂਰ ਹੋ ਜਾਂਦਾ ਹੈ।

ਗੁਰੂ ਜੀ ਫੁਰਮਾਂਦੇ ਹਨ ਕਿ ਐਸੀ ਜੀਵ ਇਸਤ੍ਰੀ ਪ੍ਰਭੂ-ਪਤੀ ਨੂੰ ਪਿਆਰੀ ਲਗਣ ਲਗ ਪੈਂਦੀ ਹੈ ਅਤੇ ਉਹ ਆਪਣਾ ਦਿਲੀ ਪਿਆਰ ਪ੍ਰਭੂ ਦੇ ਅੱਗੇ ਭੇਟ ਕਰ ਦਿੰਦੀ ਹੈ। ਪੂਰਨ ਸਮਰਪਨ ਹੀ ਪ੍ਰਭੂ ਪਿਆਰ ਅਤੇ ਪ੍ਰਭੂ ਮਿਲਾਪ ਵਿਚ ਸਹਾਈ ਸਿੱਧ ਹੁੰਦਾ ਹੈ।

****

ਮਨੋਭਾਵਾਂ ਦੀ ਰਚਨਾਤਮਕ ਵਰਤੋਂ
(Creative Use of Emotions))

ਡਾ. ਸਵਾਮੀ ਰਾਮ ਜੀ
ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ

ਅਧਿਆਇ 3

ਪ੍ਰੇਰਣਾ ਤੋਂ ਪ੍ਰਤੱਖ ਅਨੁਭਵ ਤੱਕ

Those who love the truth in each thing are to be called lovers of wisdom and not lovers of opinion plato.

ਪਲੈਟੋ ਕਹਿੰਦਾ ਹੈ

ਜਿਹੜੇ ਸੱਚ ਨੂੰ ਪਿਆਰ ਕਰਦੇ ਹਨ ਹਰ ਇਕ ਚੀਜ਼ ਵਿਚ ਸਤਿ ਦੀ ਖੋਜ ਕਰਦੇ ਹਨ ਉਨ੍ਹਾਂ ਨੂੰ ਗਿਆਨ ਦੇ ਪਿਆਰੇ ਕਹੇ ਜਾਂਦੇ ਹਨ, ਅਨੁਮਾਨ ਦੇ ਪਿਆਰੇ ਨਹੀਂ।

ਜੀਵਨ ਸਿਖਣਾ ਹੈ ਸਿੱਖ ਦਾ ਸਭ ਤੋਂ ਪੁਰਾਤਨ ਤਰੀਕਾ ਜਿਹੜਾ ਮਨੁਖਤਾ ਵਰਤਦੀ ਆਈ ਹੈ ਉਹ ਹੈ ਪ੍ਰੇਰਣਾ ਜਦੋਂ ਬੱਚਾ ਵੱਡਾ ਹੋ ਜਾਂਦਾ ਹੈ ਸਿੱਖਣਾ ਸ਼ੁਰੂ ਕਰਦਾ ਹੈ ਉਹ ਆਪਣੇ ਮਾਤਾ ਪਿਤਾ ਦੀ ਪ੍ਰੇਰਣਾ ਨਾਲ ਹੀ ਸਿੱਖਦਾ ਹੈ, ਭੈਣ ਭਰਾ ਦੀ ਪ੍ਰੇਰਨਾ ਨਾਲ ਸਿਖਦਾ ਹੈ, ਮਿਤਰਾਂ ਦੀ, ਗੁਆਂਢੀਆਂ ਦੀ ਪ੍ਰੇਰਣਾ ਨਾਲ ਸਿਖਦਾ ਹੈ, ਜਾਂ ਹੋਰ ਜਿਹੜਾ ਵੀ ਉਸ ਦੇ ਸੰਪਰਕ ਵਿਚ ਆਉਂਦਾ ਹੈ, ਉਸ ਤੋਂ ਸਿਖਦਾ ਹੈ। ਪ੍ਰੇਰਣਾ ਸਭ ਤੋਂ ਵੱਧ ਸਿੱਖਣ ਦਾ ਪ੍ਰਭਾਵਿਤ ਤਰੀਕਾ ਹੈ, ਵਿਸ਼ਵਾਸ਼ ਬਨਾਉਣ ਦਾ ਇਰਾਦੇ ਦਾ, ਆਪਣੇ ਬਾਰੇ ਵੀ ਤੇ ਸੰਸਾਰ ਦੇ ਬਾਰੇ ਵੀ ਪਰ ਜਿਹੜਾ ਅਨੁਭਵ ਅਸੀਂ ਪ੍ਰੇਰਣਾ ਤੋਂ ਲੈਂਦੇ ਹਾਂ ਉਹ ਅਨੁਭਵ ਬਿਨਾਂ ਮਿਲਾਵਟ ਤੋਂ ਨਹੀਂ ਹੁੰਦਾ। ਉਸ ਅਨੁਭਵ ਨਾਲ ਤੁਹਾਡੇ ਅੰਦਰ ਦੀ ਸ਼ਾਂਤੀ ਨਹੀਂ ਹੁੰਦੀ। ਪ੍ਰੇਰਣਾ ਕੇਵਲ ਅਪ੍ਰਤੱਖ ਅਨੁਭਵ ਦਿੰਦੀ ਹੈ ਜਿਹੜਾ ਅਸੀਂ ਆਪਣੇ ਵਾਤਾਵਰਣ ਤੋਂ ਅਤੇ ਵਿਦਿਆਕ ਸੰਸਥਾਵਾਂ ਤੋਂ ਲੈਂਦੇ ਹਾਂ। ਇਹ ਸਾਰੇ ਗਿਆਨ ਸੰਚਾਰ ਦੇ ਬੜੇ ਹੀ ਮਹੱਤਵਪੂਰਣ ਸਾਧਨ ਹਨ ਜਿਹੜੇ ਸੰਸਾਰ ਵਿਚ ਲੋੜੀਂਦੇ ਹਨ ਪਰ ਜੀਵਨ ਦੇ ਉਦੇਸ਼ ਇਹ ਸੰਪੂਰਨ ਨਹੀਂ ਕਰ ਸਕਦੇ ਆਮ ਤੌਰ ਤੇ ਅਸੀਂ ਹੋਰ ਵਧੇਰੇ ਦੇਖਣਾ ਚਾਹੁੰਦੇ ਹਾਂ, ਜਾਨਣਾ ਚਾਹੁੰਦੇ ਹਾਂ, ਸੁਣਨਾ ਚਾਹੁੰਦੇ, ਸਮਝਣਾ ਚਾਹੁੰਦੇ ਹਾਂ। ਅਸੀਂ ਵਾਦ ਵਿਵਾਦ ਕਰਦੇ ਹਾਂ, ਦਲੀਲ ਦਿੰਦੇ ਹਾਂ, ਚਿੰਤਨ ਕਰਦੇ ਹਾਂ, ਬਹੁਤ ਵਾਰੀ ਸਲਾਹ ਰੱਦ ਵੀ ਕਰ ਦਿੰਦੇ ਹਾਂ ਤਾਂ ਜੋ ਅਸੀਂ ਆਪਣੇ ਆਪ ਪਤਾ ਕਰੀਏ।

ਜਦੋਂ ਮਨ, ਬੁੱਧੀ, ਹਉਮੈ ਪ੍ਰਤੱਖ ਅਨੁਭਵ ਨਹੀਂ ਕਰਦੇ ਉਦੋਂ ਤੱਕ ਇਹ ਸਾਰੇ ਸੰਪੂਰਣ ਉਚੇਰਾ ਗਿਆਨ ਪ੍ਰਾਪਤੀ ਦੇ ਜੰਤਰ ਨਹੀਂ ਬਣ ਸਕਦੇ, ਕੋਈ ਵੀ ਮਨੁੱਖ ਆਪਣੇ ਮਨ ਦੀ ਸੀਮਾ ਤੋਂ ਬਾਹਰ ਯਥਾਰਥ ਲਈ ਸੁਚੇਤ ਨਹੀਂ ਹੋ ਸਕਦਾ। ਪ੍ਰਤੱਖ ਅਨੁਭਵ ਹੀ ਸਭ ਤੋਂ ਉਤਮ ਹੈ, ਸਤਿ ਹੈ ਇਹ ਹੀ ਕੇਵਲ ਮਨੁੱਖ ਦੀ ਜਗਿਆਸਾ, ਅੰਤਰ ਗਿਆਨ ਤੇ ਅੰਤਰ ਖੋਜ ਨੂੰ ਤ੍ਰਿਪਤ ਕਰ ਸਕਦਾ ਹੈ। ਨਿਸ਼ਚਿਤ ਹੀ ਉਚੇਰੇ ਗਿਆਨ ਦਾ ਸਰੋਤ ਹੈ ਹੰ ਪਰ ਉਹ ਆਉਂਦਾ ਪ੍ਰਤੱਖ ਅਨੁਭਵ ਨਾਲ ਹੀ ਹੈ। ਜਿਹੜਾ ਗਿਆਨ ਇਸ ਤਰ੍ਹਾਂ ਪ੍ਰਤੱਖ ਅਨੁਭਵ ਨਾਲ ਆਉਂਦਾ ਹੈ ਉਹ ਸ਼ੁੱਧ ਹੁੰਦਾ ਹੈ ਬਿਨਾਂ ਕਿਸੇ ਮਿਲਾਵਟ ਦੇ ਹੁੰਦਾ ਹੈ ਇਸ ਪ੍ਰਕਾਰ ਦੇ ਗਿਆਨ ਨੂੰ ਹੀ ਸਾਰੀ ਮਾਨਵਤਾ ਲੋਚਦੀ ਹੈ।

ਸਲਾਹ ਸਕਾਰਾਤਮਕ ਵੀ ਹੋ ਸਕਦੀ ਹੈ ਨਕਾਰਾਤਮਕ ਸਲਾਹ ਦੂਸਰੇ ਨੂੰ ਨਿਰਾਸ ਕਰ ਦਿੰਦੀ ਹੈ ਨਿਰ ਉਤਸ਼ਾਹ ਕਰ ਦਿੰਦੀ ਹੈ ਸਿਖਣ ਦੀ ਸਾਰੀ ਪ੍ਰਤਿਕ੍ਰਿਆ ਹੀ ਅਯੋਗ ਹੋ ਜਾਂਦੀ ਹੈ। ਸਭ ਤੋਂ ਵੱਧ ਸਪਸ਼ਟ ਉਦਾਹਰਣ ਜਿਹੜੇ ਨਕਾਰਾਤਮਕ ਸੁਝਆ ਦਾ ਸਾਨੂੰ ਮਿਲਦਾ ਹੈ ਉਹ ਹੈ ਸ੍ਰੀ ਭਗਵਤ ਗੀਤਾ ਦਾ ਜਦੋਂ ਸੰਜੇ ਅਰਜਨ ਨੂੰ ਜਾ ਕੇ ਸੁਨੇਹਾ ਦਿੰਦਾ ਹੈ, ਜਿਹੜਾ ਨਕਾਰਾਤਮਕ ਹੈ ਉਸਨੂੰ ਸੁਣ ਕੇ ਅਰਜਨ ਕੰਬਣ ਲਗ ਪੈਂਦਾ ਹੈ ਉਹ ਡਰ ਜਾਂਦਾ ਹੈ। ਨਕਾਰਤਮਕ ਸੁਝਾਅ ਬਹੁਤ ਸ਼ਕਤੀਸ਼ਾਲ ਹੋ ਸਕਦੇ ਹਨ, ਬਹੁਤ ਪ੍ਰਭਾਵਿਕ ਹੋ ਸਕਦੇ ਹਨ ਐਨੇ ਜ਼ਿਆਦਾ ਕਿ ਅਰਜਨ ਵਰਗਾ ਯੋਧਾ ਵੀ ਉਨ੍ਹਾਂ ਨਾਲ ਹਿੱਲ ਸਕਦਾ ਹੈ ਆਪਣੀ ਵਿਵੇਕ ਛੱਡ ਸਕਦਾ ਹੈ। ਇਹੋ ਜਿਹੀਆਂ ਨਕਾਰਾਤਮਕ ਸਲਾਹਾਂ ਨਿਸ਼ਚਿਤ ਹੀ ਸਿੱਖਣ ਦੀ ਪ੍ਰਕ੍ਰਿਆ ਹਨ, ਏਨਾ ਹੀ ਨਹੀਂ ਇਹ ਹਰ ਇਕ ਉਸ ਮਨੁੱਖ ਦੀ ਜੜ੍ਹ ਵਿਚ ਹੋਣਗੀਆਂ ਜਿਹੜਾ ਮਾਨਸਿਕ ਪੱਖੋਂ ਅਸੰਤੁਲਿਤ ਹੈ ਜਿਹੜਾ ਸਾਧਾਰਣ ਨਹੀਂ ਹੈ।

ਸੁਝਾਅ ਦੋ ਪ੍ਰਕਾਰ ਦੇ ਹੁੰਦੇ ਹਨ ਇਕ ਹੁੰਦਾ ਹੈ, ਆਪਣੇ ਆਪ ਨੂੰ ਸੁਝਾਅ ਦੇਣਾ ਜਿਸਨੂੰ auto suggestion ਕਹਿੰਦੇ ਹਨ, ਦੂਸਰਾ ਹੈ ਦੂਸਰਿਆਂ ਕੋਲੋਂ suggestion ਮਨੋਵਿਗਿਆਨ ਦੇ ਬਾਨੀ, ਮੋਢੀ ਜਿਹੜੇ ਪੱਛਮ ਵਿਚ ਹੋਏ ਹਨ ਜਿਵੇਂ ਕਿ Charcot, Adlev, James, Freud ਤੇ ਹੋਰ ਬਹੁਤ ਸਾਰੇ ਉਹ ਦਸਦੇ ਨੇ ਕਿ ਸੁਝਾਅ ਸਲਾਹ ਲਾਭਦਾਇਕ ਹੋ ਸਕਦੀ ਹੈ, ਕਈ ਥਾਂ ਤੇ ਹੋ ਸਕਦੀ ਹੈ ਕਈਆਂ ਲਈ ਹੋ ਸਕਦੀ ਹੈ ਪਰ ਇਕ ਸੀਮਾ ਤਕ ਹੀ, ਇਹੋ ਕਾਰਣ ਹੈ ਕਿ ਉਨ੍ਹਾਂ ਦੀ ਖੋਜ ਦਾ ਪੂਰਾ ਪਾਸਾ ਹੀ ਪਲਟ ਗਿਆ ਸੀ, ਖੋਜ ਦੂਸਰੇ ਪਾਸਿਆਂ ਵਲ ਸ਼ੁਰੂ ਹੋ ਗਈ ਸੀ ਦੂਸਰੇ ਤਰੀਕੇ ਦੂਸਰੀ ਚਿਕਿਤਸਾ ਵਲ। ਸਕਾਰਾਤਮਕ ਸੁਝਾਅ, ਦੂਸਰਿਆਂ ਤੋਂ ਸਕਾਰਾਤਮਕ ਸੁਝਾਅ ਮਿਲਿਆ ਨਿਸਚਿਤ ਹੀ ਪ੍ਰੇਰਣਾਦਾਇਕ ਹੁੰਦਾ ਹੈ ਪਰ ਉਹ ਤੁਹਾਨੂੰ ਪ੍ਰਤੱਖ ਅਨੁਭਵ ਨਹੀਂ ਦੇ ਸਕਦਾ। ਵਾਸਤਵ ਵਿਚ ਪ੍ਰਤੱਖ ਅਨੁਭਵ ਹੀ ਮਨੁੱਖ ਦੀ ਭੁੱਖ ਹੈ, ਮਨੁੱਖ ਦੇ ਮਨ ਦੀ ਭੁੱਖ ਉਸ ਦੇ ਹਿਰਦੇ ਦੀ ਭੁੱਖ ਹੈ।

ਪ੍ਰੇਰਣਾ ਕਿਵੇਂ ਸਾਨੂੰ ਪ੍ਰਭਾਵਿਤ ਕਰਦੀ ਹੈ?

ਪੈਦਾ ਹੋਣ ਤੋਂ ਬਾਅਦ ਭਾਂਤ-ਭਾਂਤ ਦੀ ਪ੍ਰੇਰਣਾ ਸਾਡੇ ਉਤੇ ਪ੍ਰਭਾਵ ਪਾਉਣਾ ਸ਼ੁਰੂ ਕਰ ਦਿੰਦੀ ਹੈ, ਇਹ ਪ੍ਰੇਰਣਾ ਇਸੇ ਤਰ੍ਹਾਂ ਹੀ ਚਾਰੋਂ ਪਾਸਿਓਂ ਚਲਦੀ ਰਹਿੰਦੀ ਹੈ, ਕੋਈ ਸਾਨੂੰ ਕਿਧਰ ਖਿਚਦਾ ਹੈ ਕੋਈ ਕਿਧਰ, ਸਾਨੂੰ ਵੱਖ-ਵੱਖ ਦਿਸ਼ਾ ਦੇ ਅਨੁਭਵਾਂ ਵਲ ਖਿਚਦੇ ਰਹਿੰਦੇ ਹਨ।

ਜਦੋਂ ਤੋਂ ਅਸੀਂ ਸਵੇਰੇ ਉਠਦੇ ਹਾਂ ਉਦੋਂ ਤੋਂ ਹੀ ਪ੍ਰੇਰਣਾ ਕੰਮ ਕਰਨ ਲਗ ਪੈਂਦੀ ਹੈ ਮਿਸਾਲ ਵਜੋਂ ਜੇ ਤੁਸੀਂ ਸਵੇਰੇ ਉਠਣ ਲਈ ਰੇਡੀਓ ਵਾਲਾ ਅਲਾਰਮ ਲਗਾਇਆ ਹੋਇਆ ਹੈ ਤਾਂ ਜਿਵੇਂ ਹੀ ਤੁਹਾਡਾ ਅਲਾਰਮ ਵਜੇਗਾ ਹੋ ਸਕਦਾ ਹੈ ਨਾਲ ਹੀ ਤੁਸੀਂ ਖਬਰ ਸੁਣੋ। ਸੱਤ ਬੰਦੇ ਮਾਰੇ ਗਏ, ਕਿਸੇ ਜਗ੍ਹਾ ਲੜਾਈ ਲਗ ਗਈ ਜਾਂ ਲਗਣ ਦੀ ਸੰਭਾਵਨਾ ਹੈ ਜਾਂ ਹੋ ਸਕਦਾ ਹੈ ਕੋਈ ਗਾਣਾ ਆ ਰਿਹਾ ਹੋਵੇ, ਕੋਈ ਪਿਆਰ ਭਰਿਆ ਗੀਤ ਆ ਰਿਹਾ ਹੋਵੇ, ਉਸ ਦੇ ਪਿਛੋਂ ਕੋਈ ਐਡਵਰਟਿਜ਼ਮੈਂਟ ਆ ਰਿਹਾ ਹੋਵੇ, ਉਸ ਵਿਚ ਉਹ ਦਸ ਰਿਹਾ ਹੋਵੇ ਕੋਈ ਨਵੀ ਪਿਕਚਰ ਆ ਰਹੀ ਹੈ, ਉਸਨੂੰ ਜ਼ਰੂਰ ਦੇਖਣਾ ਫੇਰ ਜਦੋਂ ਤੁਸੀਂ ਬਿਸਤਰੇ ਵਿਚੋਂ ਉਠਦੇ ਹੋ ਤਾਂ ਤੁਹਾਨੂੰ ਕੋਈ ਕੁਝ ਕਹਿੰਦਾ ਹੈ ਉਹ ਪ੍ਰੇਰਣਾ ਦਾ ਇਕ ਹੋਰ ਪਾਸਾ ਹੁੰਦਾ ਹੈ, ਉਹ ਬੰਦਾ ਤੁਹਾਨੂੰ ਕਹਿੰਦਾ ਹੈ ਤੁਸੀਂ ਬੜੇ ਹੀ ਸੋਹਣੇ ਲਗ ਰਹੇ ਹੋ, ਜੇ ਠੰਢ ਹੈ ਤੁਸੀਂ ਨੰਗੇ ਪੈਰ ਤੁਰ ਰਹੇ ਹੋ ਉਹ ਬੰਦਾ ਤੁਹਾਨੂੰ ਕਹਿੰਦਾ ਹੈ ਨੰਗੇ ਪੈਰ ਨਾ ਚੱਲੋ ਠੰਢ ਲਗ ਜਾਏਗੀ। ਫੇਰ ਤੁਸੀਂ ਤਿਆਰ ਹੁੰਦੇ ਹੋ ਤੇ ਕੰਮ ਤੇ ਜਾਣ ਲਈ ਕਾਰ ਵਿਚ ਬੈਠਦੇ ਹੋ, ਕਾਰ ਦਾ ਰੇਡੀਓ ਚਲਾਉਂਦੇ ਹੋ ਤਾਂ ਉਹ ਕਹਿ ਰਿਹਾ ਹੁੰਦਾ ਹੈ ਆਹ ਪੀਓ, ਇਸਨੂੰ ਪੀਣ ਨਾਲ ਤੁਸੀਂ ਜਵਾਨ ਹੋ ਜਾਓਗੇ, ਸੋਹਣੇ ਲਗੋਗੇ। ਫੇਰ ਕੋਈ ਗਾਣਾ ਹੁੰਦਾ ਹੈ ਉਹ ਦਸਦਾ ਹੈ ਕਿਵੇਂ ਸੋਚੋ ਕੀ ਮਹਿਸੂਸ ਕਰੋ। ਫੇਰ ਦੁਪਹਿਰ ਨੂੰ ਤੁਹਾਡਾ ਦੋਸਤ ਆਉਂਦਾ ਹੈ ਉਹ ਕਹਿੰਦਾ ਹੈ ਚੱਲੋ ਬਾਹਰ ਜਾ ਕੇ ਕਿਤੇ ਚੰਗੀ ਰੋਟੀ ਖਾਈਏ। ਤੁਹਾਨੂੰ ਪਤਾ ਹੈ ਬਾਹਰ ਖਾਣਾ ਤੁਹਾਡੇ ਲਈ ਠੀਕ ਨਹੀਂ ਚੰਗਾ ਨਹੀਂ ਫੇਰ ਵੀ ਤੁਸੀਂ ਜਾਂਦੇ ਹੋ, ਤੁਸੀਂ ਲਾਲਚ ਵਿਚ ਆ ਜਾਂਦੇ ਹੋ ਫੇਰ ਤੁਹਾਡਾ ਦੋਸਤ ਤੁਹਾਨੂੰ ਇਕ ਚੰਗੀ ਪਿਕਚਰ ਬਾਰੇ ਦਸਦਾ ਹੈ ਜਿਹੜੀ ਉਸਨੇ ਹੁਣੇ ਹੀ ਦੇਖੀ ਹੈ, ਇਹ ਪਿਕਚਰ ਉਹ ਹੀ ਹੁੰਦੀ ਹੈ ਜਿਸ ਦਾ ਐਡਵਰਟਿਸਮੈਂਟ ਤੁਸੀਂ ਸਵੇਰੇ ਸੁਣ ਰਹੇ ਸੀ, ਸੋ ਤੁਸੀਂ ਸ਼ਾਮ ਨੂੰ ਉਹ ਪਿਕਚਰ ਜਾਣ ਦਾ ਫੈਸਲਾ ਕਰ ਲੈਂਦੇ ਹੋ।

ਸੋ ਇਸ ਤਰ੍ਹਾਂ ਹੀ ਇਹ ਸਿਲਸਿਲਾ ਚਲਦਾ ਰਹਿੰਦਾ ਹੈ ਸਾਰਾ ਦਿਨ ਤੁਸੀਂ ਸੁਝਾਅ ਦੇ ਹੜ੍ਹ ਵਿਚੋਂ ਹੀ ਲੰਘਦੇ ਰਹਿੰਦੇਹੋ, ਬਹੁਤ ਵਾਰੀ ਇਹ ਸੁਝਾਅ ਵਿਪਰੀਤ ਵੀ ਹੁੰਦੇ ਹਨ। ਕੇਵਲ ਰੇਡੀਓ ਟੀ.ਵੀ ਉਤੇ ਹੀ ਤੁਸੀਂ ਨਹੀਂ ਦੇਖਦੇ ਤੁਸੀਂ ਬਾਹਰ ਜਾਂਦੇ ਹੋ ਇਸ਼ਤਿਹਾਰ ਦੇਖਦੇ ਹੋ, ਅਖਬਾਰਾਂ ਵਿਚ ਦੇਖਦੇ ਹੋ ਮਿਤਰਾਂ ਨੂੰ ਮਿਲਦੇ ਹੋ ਉਨ੍ਹਾਂ ਦੀਆਂ ਸਲਾਹਾਂ ਹੁੰਦੀਆਂ ਜਿਸ ਕਿਸੇ ਨਾਲ ਵੀ ਅਸੀਂ ਗੱਲਬਾਤ ਕਰਦੇ ਹਾਂ ਉਹ ਸਾਨੂੰ ਸਲਾਹ ਦਿੰਦਾ ਹੈ, ਆਪਣੇ ਦੇਸ਼ ਤੋਂ ਬਾਹਰ ਦੇ ਦੇਸ਼ਾਂ ਤੋਂ ਕਿੱਥੇ ਵੀ, ਸੂਖਮ ਤਰੀਕੇ ਨਾਲ ਕਹਿ ਕੇ ਕਿਸੇ ਹੋਰ ਤਰ੍ਹਾਂ ਨਾਲ। ਇਸ ਤਰ੍ਹਾਂ ਨਾਲ ਇਹ ਬਹੁਤ ਸਾਰੀਆਂ ਸਲਾਹਾਂ ਬਹੁਤ ਵਾਰੀ ਤਾਂ ਦਵੰਦ ਪੈਦਾ ਕਰ ਦਿੰਦੀਆਂ ਹਨ ਅਸ਼ਾਂਤੀ ਪੈਦਾ ਕਰ ਦਿੰਦੀਆਂ ਹਨ, ਦੁਚਿਤਾ ਪੈਦਾ ਕਰ ਦਿੰਦੀਆਂ ਹਨ। ਬਹੁਤ ਸਾਰੀਆਂ ਚੀਜ਼ਾਂ ਸਾਡੇ ਸਾਮ੍ਹਣੇ ਇਕੱਠੀਆਂ ਹੋ ਕੇ ਆ ਜਾਂਦੀਆਂ ਹਨ ਜਿਨ੍ਹਾਂ ਨਾਲ ਖਲਬਲੀ ਮਚ ਜਾਂਦੀ ਹੈ, ਅਸ਼ਾਂਤੀ ਫੈਲ ਜਾਂਦੀ ਹੈ।

ਜਦੋਂ ਅਸੀਂ ਇਨ੍ਹਾਂ ਸੁਝਾਵਾਂ ਤੇ ਅਮਲ ਕਰਦੇ ਹਾਂ ਇਨ੍ਹਾਂ ਨੂੰ ਮੰਨਦੇ ਹਾਂ, ਸਾਡੇ ਕੰਮ ਬਿਲਕੁਲ ਖਿੰਡ ਜਾਂਦੇ ਹਨ। ਤੁਹਾਡਾ ਮਿਤਰ ਤੁਹਾਨੂੰ ਕਹਿੰਦਾ ਹੈ ਤੂੰ ਇਹ ਨਵੀਂ ਪੁਸਤਕ ਪੜ੍ਹ ਲੈ ਤੁਸੀਂ ਜਾਂਦੇ ਹੋ ਕਿਤਾਬਾਂ ਦੀ ਦੁਕਾਨ ਤੇ ਉਹ ਕਿਤਾਬ ਖਰੀਦਣ ਲਈ ਰਸਤੇ ਵਿਚ ਤੁਸੀਂ ਇਕ ਜਗ੍ਹਾ ਸੇਲ ਲੱਗੀ ਦੇਖਦੇ ਹੋ ਤੁਸੀਂ ਰੁਕ ਜਾਂਦੇ ਹੋ। ਤੁਸੀਂ ਗੱਡੀ ਖੜ੍ਹੀ ਕਰਕੇ ਟਿਕਟ ਲੈਣਾ ਭੁੱਲ ਜਾਂਦੇ ਹੋ ਆਉਂਦੇ ਤੁਹਾਨੂੰ ਜੁਰਮਾਨਾ ਲਗਦਾ ਹੈ, ਤੁਸੀਂ ਪਰੇਸ਼ਾਨ ਹੋ ਜਾਂਦੇ ਹੋ, ਪਰ ਫੇਰ ਕੰਮਾਂ ਵਿਚ ਤੁਸੀਂ ਭੁੱਲ ਜਾਂਦੇ ਹੋ।

ਸਾਨੂੰ ਬਹੁਤ ਸਾਰਿਆਂ ਨੂੰ ਤਾਂ ਏਸ ਗੱਲ ਦੀ ਸੋਝੀ ਹੀ ਨਹੀਂ ਕਿ ਸੁਝਾਅ ਸਾਨੂੰ ਕਿੰਨਾ ਪ੍ਰਭਾਵਿਤ ਕਰਦੇ ਹਨ ਜੇ ਪਤਾ ਵੀ ਲਗ ਜਾਵੇ ਤਾਂ ਵੀ ਅਸੀਂ ਆਪਣੀ ਸਮਰੱਥਾ ਨੂੰ ਵਧਾਉਣ ਦੀ ਕੋਸ਼ਿਸ਼ ਨਹੀਂ ਕਰਦੇ। ਇਹ ਜਾਨਣ ਦੀ ਕੋਸ਼ਿਸ਼ ਨਹੀਂ ਕਰਦੇ ਕਿਹੜਾ ਸੁਝਾਓ ਮੰਨਣਯੋਗ ਹੈ ਕਿਹੜਾ ਨਹੀਂ, ਕਿਹੜਾ ਸਾਡੇ ਲਈ ਠੀਕ ਰਹੇਗਾ ਕਿਹੜਾ ਨਹੀਂ। ਸਾਡੇ ਵਿਚੋਂ ਬਹੁਤ ਸਾਰੇ ਇਹ ਮੰ ਲੈਂਦੇ ਹਨ ਕਿ ਅਸ਼ਾਂਤੀ ਖਲਬਲੀ ਜੀਵਨ ਦਾ ਹਿੱਸਾ ਹੈ, ਜੇ ਅਸੀਂ ਪ੍ਰੇਰਨਾ ਦੀ ਸ਼ਕਤੀ ਨੂੰ ਜਾਣ ਜਾਈਏ, ਫੇਰ ਅਸੀਂ ਗੰਭੀਰਤਾ ਨਾਲ ਸੋਚੀਏ ਫੇਰ ਅਸੀਂ ਆਪਣੇ ਆਪ ਨੂੰ ਪੁਛੀਏ, ਕੀ ਮੈਂ ਹੋਰ ਕੁਝ ਵੀ ਕਰ ਸਕਦਾ ਹਾਂ?

ਕੁਛ ਇਕ ਸਕਾਰਾਤਮਕ ਤਰੀਕੇ ਹਨ ਜਿਨ੍ਹਾਂ ਨਾਲ ਤੁਸੀਂ ਸੁਝਾਅ ਦੇ ਪ੍ਰਭਾਵ ਨੂੰ ਕੰਟਰੋਲ ਕਰ ਸਕਦੇ ਹੋ। ਪਹਿਲੀ ਗੱਲ ਤਾਂ ਇਹ ਹੈ ਕਿ ਤੁਸੀਂ ਆਪਣੀ ਮਨੋਵਿਰਤੀ ਨੂੰ ਐਸ ਤਰ੍ਹਾਂ ਬਣਾਓ ਕਿ ਤੁਸੀਂ ਆਪਣੇ ਆਪ ਨੂੰ ਘੋਖੋ ਆਪਣਾ ਨਰੀਖਣ ਕਰੋ ਜਿਹੜਾ ਵੀ ਸੁਝਾਅ ਆਵੇ ਉਸਨੂੰ ਦੇਖੋ ਜਾਂਚੋ। ਦੇਖੋ ਸੁਝਾਅ ਤੁਹਾਡੀ ਮਾਨਸਿਕ ਸਥਿਤੀ, ਸਰੀਰਕ ਸਥਿਤੀ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ। ਤੁਸੀਂ ਦੇਖ ਸਕਦੇ ਹੋ ਮਹਿਸੂਸ ਕਰ ਸਕਦੇ ਹੋ ਕਿ ਜਦੋਂ ਤੁਸੀਂ ਅਖਬਾਰ ਵਿਚ ਪੜ੍ਹਦੇ ਹੋ ਕਿ ਕਿਸੇ ਥਾਂ ਤੇ ਬੰਬ ਸੁਟੇ ਗਏ ਇਸ ਖਬਰ ਦਾ ਤੁਹਾਡੇ ਉਤੇ ਕੀ ਅਸਰ ਪੈਂਦਾ ਹੈ? ਤੁਸੀਂ ਦੇਖੋਗੇ ਤੁਹਾਡੇ ਪੱਠੇ ਕਿਵੇਂ ਆਕੜ ਜਾਂਦੇ ਹਨ ਇਸ ਤਰ੍ਹਾਂ ਤੁਸੀਂ ਦੇਖੋਗੇ ਜਦੋਂ ਮੈਚ ਹੋ ਰਿਹਾ ਹੁੰਦਾ ਹੈ ਜੇ ਤੁਹਾਡੀ ਮਨ ਚਾਹੀ ਟੀਮ ਹਾਰ ਜਾਏ ਤੁਸੀਂ ਤਨਾਓ ਵਿਚ ਆ ਜਾਂਦੇ ਹੋ ਤੁਹਾਡਾ ਸਰੀਰ ਆਕੜ ਜਾਂਦਾ ਹੈ, ਜਦੋਂ ਤੁਸੀਂ ਟੀ.ਵੀ. ਤੇ ਦੇਖਦੇ ਹੋ ਕਿਸੇ ਦਾ ਵੱਧ ਹੋ ਰਿਹਾ ਹੈ ਤੁਸੀਂ ਘਬਰਾ ਜਾਂਦੇ ਹੋ।

ਜਿਸ ਤਰ੍ਹਾਂ ਤੁਸੀਂ ਦੇਖਦੇ ਹੋ, ਘੋਖਦੇ ਹੋ ਤੁਹਾਡੀ ਸੰਵੇਦਨਸ਼ੀਲਤਾ ਵਧਦੀ ਚਲੀ ਜਾਂਦੀ ਹੈ, ਤੁਸੀਂ ਇਸ ਗੱਲ ਲਈ ਸੁਚੇਤ ਹੋ ਜਾਂਦੇ ਹੋ ਹਰ ਗੱਲ ਵਿਚ ਸੁਝਾਹ ਹੈ, ਸੰਕੇਤ

ਹੈ, ਇਹ ਸੰਕੇਤ ਤੁਹਾਨੂੰ ਘਟਨਾ ਦੇ ਬੀਤ ਜਾਣ ਤੋਂ ਬਾਅਦ ਵੀ ਪ੍ਰਭਾਵਿਤ ਕਰਦਾ ਰਹਿੰਦਾ ਹੈ। ਭਾਵੇਂ ਤੁਸੀਂ ਉਸ ਸੁਝਾਅ ਤੇ ਅਮਲ ਕਰੋ ਨਾ ਕਰੋ ਟੀ.ਵੀ. ਤੇ ਦਿਖਾਈ ਚੀਜ਼ ਤੁਸੀਂ ਖਰੀਦੋ ਨਾ ਖਰੀਦੇ, ਜੋ ਦਿਖਾਇਆ ਗਿਆ ਹੈ ਕਰਨ ਲਈ ਉਹ ਕਰੋ ਚਾਹੇ ਨਾ ਕਰੋ, ਫੇਰ ਵੀ ਹਰ ਇਕ ਅਨੁਭਵ ਜਿਹੜਾ ਸਾਮ੍ਹਣੇ ਆਉਂਦਾ ਹੈ ਉਹ ਤੁਹਾਡੀ ਮਨੋਵਿਰਤੀ ਨੂੰ ਪ੍ਰਭਾਵਿਤ ਕਰਦਾ ਹੈ, ਤੁਹਾਡੇ ਮਨ ਤੇ ਅਸਰ ਕਰਦੀ ਹੈ, ਉਹ ਤੁਹਾਨੂੰ ਕੁਝ ਕਰਨ ਲਈ ਕਿਸੇ ਖਾਸ ਤਰੀਕੇ ਨਾਲ ਕਰਨ ਲਈ ਪ੍ਰੇਰਿਤ ਕਰਦੀ ਹੈ, ਕੁਝ ਹੋਰ ਅਨੁਭਵ ਕਰਨ ਲਈ ਤੁਹਾਨੂੰ ਪ੍ਰੇਰਦੀ ਹੈ। ਇਸ ਤਰ੍ਹਾਂ ਨਾਲ ਜਿਵੇਂ ਅਸੀਂ ਉਪਰ ਦੱਸਿਆ ਹੈ ਜਦੋਂ ਤੁਹਾਡੀ ਮਨ ਭਾਉਂਦੀ ਟੀਮ ਮੈਚ ਹਾਰ ਜਾਂਦੀ ਹੈ ਇਸ ਗੱਲ ਦਾ ਤੁਹਾਡੇ ਅਚੇਤ ਮਨ ਨਿਰਾਸਤਾ ਦਾ ਪ੍ਰਭਾਵ ਪੈਂਦਾ ਹੈ ਤੁਸੀਂ ਢਹਿੰਦੀ ਕਲਾ ਵਿਚ ਹੁੰਦੇ ਹੋ, ਫੇਰ ਜਦੋਂ ਤੁਸੀਂ ਆਪਣੇ ਦੋਸਤਾਂ ਨਾਲ ਮਿਲਦੇ ਹੋ ਘਰ ਵਾਲਿਆਂ ਨਾਲ ਮਿਲਦੇ ਹੋ, ਤੁਸੀਂ ਨਿਰਾਸਤਾ ਦੀ ਭਾਵਨਾ ਨਾਲ ਉਸ ਢਹਿੰਦੀ ਕਲਾ ਨਾਲ ਹੀ ਮਿਲਦੇ ਹੋ।

ਜੋ ਵੀ ਜਿਹੜਾ ਵੀ ਕੋਈ ਸਾਡਾ ਅਨੁਭਵ ਹੁੰਦਾ ਹੈ ਉਸ ਦਾ ਪ੍ਰਭਾਵ ਸਾਡੇ ਉਤੇ ਰਹਿੰਦਾ ਹੀ ਰਹਿੰਦਾ ਹੈ ਉਦਾਹਰਣ ਵਜੋਂ ਇਕ ਵਿਦਿਆਰਥੀ ਨੇ ਸਾਨੂੰ ਦੱਸਿਆ ਕਿ ਉਹ ਕਿਵੇਂ ਟੀ. ਵੀ. ਦੇਖ ਰਿਹਾ ਸੀ, ਟੀ.ਵੀ. ਦੇਖ ਕੇ ਉਹ ਮੈਡੀਟੇਸ਼ਨ ਕਰਨ ਬੈਠ ਗਿਆ। ਆਮ ਤੌਰ ਤੇ ਉਹ ਆਪਣੇ ਪਹਿਲੇ ਦੇ ਅਨੁਭਵ ਦਾ ਵਿਚਾਰ ਨਹੀਂ ਕਰਦਾ ਸੀ, ਧਿਆਨ ਨਹੀਂ ਕਰਦਾ ਸੀ ਕਿਉਂਕਿ ਉਹ ਝੱਟਪਟ ਹੀ ਹੋਰ ਕੰਮਾਂ ਵਿਚ ਰੁਝ ਜਾਂਦਾ ਸੀ ਪਰ ਅੱਜ ਜਦੋਂ ਉਹ ਮੈਡੀਟੇਸ਼ਨ ਤੇ ਬੈਠਾ, ਆਪਣੇ ਮਨ ਨੂੰ ਸ਼ਾਂਤ ਕਰਨ ਲੱਗਾ ਉਸ ਨੂੰ ਇਕ ਦਮ ਮਹਿਸੂਸ ਹੋਇਆ ਕਿਵੇਂ ਅੱਜ ਦੇ ਟੀ.ਵੀ. ਪ੍ਰੋਗਰਾਮ ਨੇ ਉਸ ਦੇ ਸੂਖਮ ਵਿਚਾਰਾਂ ਨੂੰ ਛੇੜ ਦਿਤਾ ਸੀ। ਜੋ ਕੁਝ ਵੀ ਉਸ ਨੇ ਦੇਖਿਆ ਸੀ ਉਹ ਇਕ ਦਮ ਉਸ ਦੇ ਸਾਮ੍ਹਣੇ ਆ ਗਿਆ ਸੀ, ਉਹ ਆਪਣੇ ਮਨ ਨੂੰ ਸ਼ਾਂਤ ਕਰ ਹੀ ਨਹੀਂ ਸੀ ਸਕ ਰਿਹਾ। ਮੈਡੀਟੇਸ਼ਨ ਵਿਚ ਧਿਆਨ ਜੋੜਨ ਦੀ ਥਾਂ ਉਸ ਦਾ ਧਿਆਨ ਤਾਂ ਐਧਰ ਓਧਰ ਖਿਚਿਆ ਜਾ ਰਿਹਾ ਸੀ ਉਸ ਦਾ ਮਨ ਤਾਂ ਇਕੱਤਰ ਹੀ ਨਹੀਂ ਸੀ ਹੋ ਰਿਹਾ, ਉਸ ਦੀਆਂ ਅੱਖਾਂ ਸਾਮ੍ਹਣੇ ਤਾਂ ਡਰਾਮੇ ਦੀਆਂ ਝਲਕੀਆਂ ਹੀ ਆਈ ਜਾ ਰਹੀਆਂ ਸੀ।

ਇਸ ਤਰ੍ਹਾਂ ਨਾਲ ਹਰ ਇਕ ਅਨੁਭਵ ਆਪਣਾ ਪ੍ਰਭਾਵ ਛੱਡਦਾ ਹੀ ਹੈ। ਜੋ ਵੀ ਅਸੀਂ ਕਰਦੇ ਹਾਂ, ਬੋਲਦੇ ਹਾਂ ਜੋ ਵੀ ਵਿਚਾਰ ਸਾਡੇ ਅੰਦਰ ਆਉਂਦਾ ਹੈ, ਜਿਹੜਾ ਵੀ ਸ਼ਬਦ ਅਸੀਂ ਬੋਲਦੇ ਹਾਂ ਇਨ੍ਹਾਂ ਸਭਨਾਂ ਗੱਲਾਂ ਦਾ ਪ੍ਰਭਾਵ ਸਾਡੇ ਅਚੇਤ ਮਨ ਤੇ ਰਹਿੰਦਾ ਹੀ ਰਹਿੰਦਾ ਹੈ, ਇਹ ਹੀ ਨਹੀਂ ਫੇਰ ਸਾਡੇ ਅਗਲੇ ਅਨੁਭਵਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਤੁਸੀਂ ਸ਼ਾਇਦ ਦੇਖਿਆ ਹੋਵੇ ਜੇ ਤੁਸੀਂ ਕੋਈ ਗਾਣਾ ਰਾਤ ਨੂੰ ਸੌਣ ਤੋਂ ਪਹਿਲਾਂ ਸੁਣੋ, ਦੂਸਰੇ ਦਿਨ ਸਵੇਰੇ ਤੁਸੀਂ ਉਸੇ ਨੂੰ ਹੀ ਗੁਣ-ਗੁਣਾਉਂਦੇ ਉਠਦੇ ਹੋ। ਤੁਸੀਂ ਭਾਵੇਂ ਹੈਰਾਨ ਹੁੰਦੇ ਹੋ ਕਿ ਤੁਸੀਂ ਇਹ ਧੁਨ ਕਿਉਂ ਗਾ ਰਹੇ ਹੋ, ਫੇਰ ਥੋੜ੍ਹੀ ਦੇਰ ਬਾਅਦ ਤੁਹਾਡੇ ਦਿਮਾਗ ਵਿਚ ਆਉਂਦਾ ਹੈ, ਤੁਸੀਂ ਰਾਤੀਂ ਇਹ ਸੁਣਿਆ ਸੀ।

ਹਰੇਕ ਅਨੁਭਵ ਬਿਲਕੁਲ ਇਕ ਉਸ ਲਹਿਰ ਦੀ ਤਰ੍ਹਾਂ ਹੈ ਜਿਹੜੀ ਇਕ ਮੋਟਰ ਬੰਦ ਪਾਣੀ ਵਿਚ ਬਣਾਉਂਦੀ ਹੈ। ਜਿਸ ਜਿਸ ਤਰ੍ਹਾਂ ਮੋਟਰ ਬੰਦ ਪਾਣੀ ਵਿਚ ਜਾਂਦੀਹੈ, ਲਹਿਰਾਂ ਬਣਦੀਆਂ ਬਣਦੀਆਂ ਜਾਂਦੀਆਂ ਹਨ, ਜਿਸ-ਜਿਸ ਤਰ੍ਹਾਂ ਮੋਟਰ ਬੋਟ ਅੱਗੇ ਜਾਂਦੀ ਹੈ ਲਹਿਰਾਂ ਛੋਟੀਆਂ ਹੁੰਦੀਆਂ ਜਾਂਦੀਆਂ ਹਨ ਪਰ ਲਹਿਰਾਂ ਰਹਿੰਦੀਆਂ ਹਨ। ਬਿਲਕੁਲ ਇਥੇ ਤਰ੍ਹਾਂ ਜਦੋਂ ਵੀ ਕੋਈ ਘਟਨਾ ਘਟਦੀ ਹੈ ਉਸ ਸਮੇਂ ਉਸ ਦਾ ਪੂਰਣ ਪ੍ਰਭਾਵ ਹੁੰਦਾ ਹੈ। ਫੇਰ ਉਸ ਅਨੁਭਵ ਤੋਂ ਫੇਰ ਲਹਿਰ ਫੈਲਦੀ ਹੈ। ਹੌਲੀ-ਹੌਲੀ ਉਸ ਲਹਿਰ ਦਾ ਵਿਸਤਾਰ ਘਟਦਾ ਜਾਂਦਾ ਹੈ ਪਰ ਫੇਰ ਵੀ ਉਸ ਦਾ ਅਸਰ ਤਾਂ ਰਹਿੰਦਾ ਹੈ, ਇਕ ਦਿਨ ਬਾਅਦ, ਦਸ ਦਿਨ ਬਾਅਦ ਮਹੀਨੇ ਬਾਅਦ ਉਸ ਦਾ ਪ੍ਰਭਾਵ ਤਾਂ ਹੈ। ਆਮ ਤੌਰ ਤੇ ਤੁਸੀਂ ਕਿਸੇ ਵੀ ਅਨੁਭਵ ਦੇ ਲੰਮੇ ਸਮੇਂ ਦੇ ਪ੍ਰਭਾਵ ਤੋਂ ਸੁਚੇਤ ਨਹੀਂ ਹੁੰਦੇ ਕਿਉਂਕਿ ਹੋਰ ਬੜਾ ਕੁਝ ਹੋ ਜਾਂਦਾ ਹੈ, ਉਨ੍ਹਾਂ ਦੀਆਂ ਲਹਿਰਾਂ ਬਣ ਜਾਂਦੀਆਂ ਹਨ। ਤੁਹਾਡੇ ਮਨ ਦੀ ਸਤਹਿ ਤੇ ਜਿਹੜੀਆਂ ਨਵੀਆਂ ਲਹਿਰਾਂ ਬਣਦੀਆਂ ਹਨ ਉਹ ਪੁਰਾਣੀਆਂ ਲਹਿਰਾਂ ਨੂੰ ਰੱਦ ਕਰ ਦਿੰਦਾ ਹੈ ਪਰ ਇਸ ਤਰ੍ਹਾਂ ਨਹੀਂ ਹੁੰਦਾ। ਉਹ ਤਾਂ ਕੇਵਲ ਹੋਰ ਥੱਲੇ ਚਲੀਆਂ ਜਾਂਦੀਆਂ ਹਨ, ਨਵੀਆਂ ਉਪਰ ਰਹਿ ਜਾਂਦੀਆਂ ਹਨ ਪੁਰਾਣੀਆਂ ਥੱਲੇ ਦਬ ਜਾਂਦੀਆਂ ਹਨ। ਜਦੋਂ ਕਦੀ ਤੁਸੀਂ ਆਪਣੇ ਮਨ ਨੂੰ ਨਵੀਆਂ ਘਟਨਾਵਾਂ ਤੋਂ ਖਾਲੀ ਕਰ ਸਕੋ, ਅਸ਼ਾਂਤ ਅਨੁਭਵ ਨੂੰ ਤੋੜ ਸਕੋ, ਫੇਰ ਤੁਹਾਨੂੰ ਪਹਿਲੇ ਅਨੁਭਵ ਦੇ ਸੂਖਮ ਪ੍ਰਭਾਵ ਪਤਾ ਲਗਣਗੇ, ਪਹਿਲੀਆਂ ਲਹਿਰਾਂ ਦਾ ਅਸਰ ਪਤਾ ਲਗੇਗਾ। ਫੇਰ ਤੁਸੀਂ ਦੇਖੋਗੇ ਕਿ ਪਿਛਲੇ ਅਨੁਭਵ ਦੀਆਂ ਲਹਿਰਾਂ ਕਿਸ ਤਰ੍ਹਾਂ ਲਗਾਤਾਰ ਤੁਹਾਡੇ ਸ਼ਾਂਤ ਮਨ ਨੂੰ ਅਸ਼ਾਂਤ ਕਰਦੀਆਂ ਆ ਰਹੀਆਂ ਹਨ।

ਪ੍ਰੇਰਣਾਵਾਂ ਦਾ ਵਿਰੋਧੀ ਸੁਭਾਅ

ਬਹੁਤ ਸਾਰੀਆਂ ਪ੍ਰੇਰਣਾਵਾਂ ਵਿਰੋਧੀ ਹੁੰਦੀਆਂ ਹਨ ਬੜੇ ਰੌਲੇ ਗੋਲੇ ਵਾਲੀਆਂ ਹੁੰਦੀਆਂ ਹਨ, ਇਹ ਸਾਡੇ ਰੋਜ਼ ਦੇ ਜੀਵਨ ਦਾ ਹਿੱਸਾ ਹਨ, ਇਨ੍ਹਾਂ ਦਾ ਇਸ ਤਰ੍ਹਾਂ ਦਾ ਸੁਭਾਅ ਹੋਣਾ ਭਾਵ ਵਿਰੋਧੀ ਹੋਣਾ ਗੜਬੜ ਵਾਲਾ ਹੋਣਾ ਦਸਦਾ ਹੈ ਕਿ ਇਹ ਕਿਸ ਤਰ੍ਹਾਂ ਦੀ ਸੰਸਕ੍ਰਿਤੀ ਤੋਂ ਹਨ। ਵਾਸਤਵ ਵਿਚ ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਜਿਹੜਾ ਸਮਾਂ ਉਨ੍ਹਾਂ ਕੋਲ ਹੈ ਉਹ ਉਸ ਦਾ ਕੀ ਕਰਨ। ਆਪਣੀ ਅਸ਼ਾਂਤੀ ਵਿਚ ਉਹ ਦੂਸਰਿਆਂ ਬਾਰੇ ਜਾਨਣਾ ਚਾਹੁੰਦੇ ਹਨ, ਉਹ ਕੀ ਹਨ, ਕੀ ਕਰਦੇ ਹਨ, ਕਿਉਂ ਕਰਦੇ ਹਨ ਉਨ੍ਹਾਂ ਦਾ ਜੀਵਨ ਕਿਸ ਤਰ੍ਹਾਂ ਦਾ ਹੈ। ਆਮ ਤੌਰ ਤੇ ਉਹ ਕੋਈ ਆਗੂ ਲੱਭ ਰਹੇ ਹੁੰਦੇ ਹਨ ਪਰ ਉਹ ਨਹੀਂ ਜਾਣਦੇ ਕਿ ਜਿਹੜੇ ਲੋਕੀ ਕਿਸੇ ਵੱਡੀ ਥਾਂ ਤੇ ਹੁੰਦੇ ਹਨ ਉਨ੍ਹਾਂ ਨੇ ਆਪ ਕਦੇ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਨਹੀਂ ਦਿਤੇ ਹੁੰਦੇ ਉਹ ਤਾਂ ਆਪ ਇਨ੍ਹਾਂ ਸਮੱਸਿਆਵਾਂ ਦਾ ਸਮਾਧਾਨ ਸੋਚ ਰਹੇ ਹੁੰਦੇ ਹਨ। ਸੋ ਉਤਰ ਬੜਾ ਹੀ ਅਧੂਰਾ ਹੁੰਦਾ ਹੈ।

ਜਿਹੜੇ ਲੋਕ ਸਾਡੇ ਆਲੇ ਦੁਆਲੇ ਹੁੰਦੇ ਹਨ ਉਹ ਹੁਣ ਇਕ ਗੱਲ ਕਰਨਗੇ ਫੇਰ ਦੂਸਰੀ ਉਸ ਦਾ ਮਤਲਬ ਕੁਛ ਹੋਰ ਹੋਏਗਾ ਉਦੇਸ਼ ਕੁਛ ਹੋਰ। ਕੱਲ ਕਹਿ ਰਹੇ ਸੀ ਕਿ ਸਾਨੂੰ ਮਨੋਵਿਗਿਆਨਕ ਤਰੀਕੇ ਨਾਲ ਪਤਾ ਕਰਨਾ ਚਾਹੀਦਾ ਹੈ ਅਸੀਂ ਕੌਣ ਹਾਂ, ਫੇਰ ਉਨ੍ਹਾਂ ਦੀ ਇਕ ਹੋਰ ਲਹਿਰ ਸ਼ੁਰੂ ਹੋਈ, ਬੀਬੀਆਂ ਨੂੰ ਆਪਣੇ ਹੱਕ ਮਿਲਣੇ ਚਾਹੀਦੇ ਹਨ ਫੇਰ ਹੋਇਆ ਕੀ ਗੱਲਬਾਤ ਰਾਹੀਂ ਮਾਮਲੇ ਸੁਲਝਾਣੇ ਚਾਹੀਦੇ ਹਨ, ਫੇਰ ਕੋਈ ਹੋਰ ਚਿਕਿਤਸਾ ਦਾ ਰੂਪ ਦਿਤਾ ਗਿਆ, ਹਰ ਇਕ ਬੰਦਾ ਦੂਸਰੇ ਨੂੰ ਦੇਖਦਾ ਸ਼ਾਇਦ ਉਹ ਮੇਰੇ ਪ੍ਰਸ਼ਨਾਂ ਦਾ ਉਤਰ ਦੇ ਸਕੇ, ਦੂਸਰਿਆਂ ਨੇ ਜੋ ਕੱਲ ਸੁਣਿਆ ਹੁੰਦਾ ਹੈ ਉਹ ਦੱਸ ਦਿੰਦੇ ਹਨ, ਭਾਵੇਂ ਉਨ੍ਹਾਂ ਨੂੰ ਆਪ ਨੂੰ ਵੀ ਨਾ ਪਤਾ ਹੋਵੇ ਕਿ ਕੀ ਹੈ ਇਸ ਦਾ ਕੀ ਅਰਥ ਹੈ। ਬਹੁਤ ਸਾਰੀਆਂ ਪ੍ਰੇਰਣਾਵਾਂ ਜਿਹੜੀਆਂ ਸਾਮ੍ਹਣੇ ਆਉਂਦੀਆਂ ਹਨ ਉਹ ਸਾਡੇ ਆਪਣੇ ਬਾਰੇ ਹੀ ਹੁੰਦੀਆਂ ਹਨ, ਅਸੀਂ ਕੀ ਹਾਂ, ਅਸੀਂ ਕੌਣ ਹਾਂ। ਬਹੁਤ ਸਾਰੇ ਉਤਰ ਅਧੂਰੇ ਹੁੰਦੇ ਹਨ, ਇਕ ਪ੍ਰਕਾਰ ਦੀ ਮ੍ਰਿਗ ਤ੍ਰਿਸ਼ਨਾ ਹੈ ਜਦੋਂ ਅਸੀਂ ਧਿਆਨ ਨਾਲ ਦੇਖੀਏ ਤਾਂ ਪਤਾ ਲਗਦਾ ਹੈ, ਇਸ ਵਿਚ ਪੂਰਣਤਾ ਨਹੀਂ ਹੈ।

ਸਾਡੇ ਵਿਚੋਂ ਬਹੁਤ ਸਾਰਿਆਂ ਨੇ ਜੀਵਨ ਦਾ ਇਕ ਵੱਡਾ ਹਿੱਸਾ, ਇਸ ਗੱਲ ਨੂੰ ਜਾਨਣ ਲਈ ਬਿਤਾਇਆ ਹੈ ਅਸੀਂ ਕੌਣ ਹਾਂ। ਦੇਖਣ ਨੂੰ ਬਾਹਰ ਦੀ ਸਾਡੀ ਸ਼ਖਸ਼ੀਅਤ ਠੀਕ ਹੈ, ਠੋਸ ਹੈ ਪਰ ਅੰਦਰ ਕਿਤੇ ਡੂੰਘੇ ਵਿਚ ਅਸੀਂ ਨਾ ਤਾਂ ਠੋਸ ਹਾਂ ਪੱਕੇ ਹਾਂ ਨਾ ਹੀ ਆਪਣੇ ਲਈ ਕੋਈ ਨਿਸਚਿਤਤਾ ਹੈ। ਭਾਵੇਂ ਸਾਡੀ ਆਪਣੇ ਪਰਿਵਾਰ ਨਾਲ ਪੂਰੀ ਇਕਰੂਪਤਾ ਹੋਵੇ, ਆਪਣੇ ਕੰਮ ਨਾਲ ਵੀ ਭਾਵੇਂ ਅਸੀਂ ਇਕ ਹੋਈਏ, ਫੇਰ ਵੀ ਅਸੀਂ ਬਾਹਰ ਦੇ ਰਿਸ਼ਤਿਆਂ ਲਈ ਲੋਚਦੇ ਹਾਂ, ਉਹ ਰਿਸ਼ਤੇ ਜਿਹੜੇ ਸਾਡੇ ਜੀਵਨ ਨੂੰ ਕੋਈ ਅਰਥ ਦੇ ਸਕਣ ਕੋਈ ਉਦੇਸ਼ ਦੇ ਸਕਣ। ਸਾਡੇ ਵਿਚੋਂ ਬਹੁਤ ਸਾਰੇ ਰਾਤਾਂ ਨੂੰ ਹਨ੍ਹੇਰੇ ਵਿਚ ਕੱਲੇ ਗਲੀਆਂ ਵਿਚ ਤੁਰੇ ਹੋਣਗੇ, ਕਿਸੇ ਨੂੰ ਲੱਭਣ ਲਈ ਕੋਈ ਤਾਂ ਇਹੋ ਜਿਹਾ ਮਿਲੇ ਜਿਹੜਾ ਦੱਸੇ ਅਸੀਂ ਕੌਣ ਹਾਂ, ਕੀ ਹਾਂ? ਕੋਈ ਤਾਂ ਸਾਨੂੰ ਸਤਿ ਦੱਸੇ। ਕੋਈ ਭਾਵੇਂ ਬੀਬੀ ਹੋਵੇ, ਭਾਈ ਹੋਵੇ ਕੋਈ ਸੰਸਥਾ ਹੋਵੇ, ਕੋਈ ਵਿਚਾਰਧਾਰਾ ਹੋਵੇ ਕੁਛ ਤਾਂ ਹੋਵੇ ਜਾਂ ਸਾਡੇ ਅੰਦਰ ਦੀ ਹੀ ਸ਼ਕਤੀ ਹੋਵੇ ਜਿਹੜੀ ਸਾਨੂੰ ਦੱਸੇ ਅਸੀਂ ਠੀਕ ਹਾਂ ਪਰ ਹੁੰਦਾ ਕੀ ਹੈ ਬਹੁਤ ਵਾਰੀ ਜਦੋਂ ਵੀ ਸਾਨੂੰ ਕੁਛ ਵੀ ਸਾਨੂੰ ਮਿਲਦਾ ਹੈ ਉਹ ਇਕ ਮਾਇਆ ਜਾਲ ਹੀ ਹੁੰਦਾ ਹੈ ਇਕ ਭੁਲੇਖਆ ਹੀ ਹੁੰਦਾ ਹੈ। ਅਸੀਂ ਫੇਰ ਇਕ ਵਾਰੀ ਆਪਣੀ ਯਾਤਰਾ ਸ਼ੁਰੂ ਤੋਂ ਫੇਰ ਸ਼ੁਰੂ ਕਰਦੇ ਹਾਂ। ਅਸੀਂ ਇਕ ਤੋਂ ਬਾਅਦ ਦੂਸਰਾ ਅਨੁਭਵ ਕਰਦੇ ਹਾਂ, ਕਿਤਾਬਾਂ ਪੜ੍ਹਦੇ ਹਾਂ, ਅਖਬਾਰਾਂ ਪੜ੍ਹਦੇ ਹਾਂ, ਟੀ.ਵੀ ਦੇਖਦੇ ਹਾਂ, ਨਵੇਂ ਰਿਸ਼ਤੇ ਬਣਾਉਂਦੇ ਹਾਂ, ਇਹ ਸਭ ਕੁਛ ਅਸੀਂ ਕਰਦੇ ਹਾਂ, ਆਪਣੀ ਪਰਿਭਾਸ਼ਾ ਲੱਭਣ ਲਈ, ਆਪਣਾ ਆਪ ਖੋਜਣ ਲਈ। ਅਸੀਂ ਸਾਰੇ ਹੀ ਨਵ ਜੰਮੇ ਬੱਚੇ ਦੀ ਤਰ੍ਹਾਂ ਹਾਂ, ਜਿਹੜਾ ਸੰਸਾਰ ਵਿਚ ਆਇਆ ਹੈ, ਉਸ ਦੀਆਂ ਅੱਖਾਂ ਖੁਲ੍ਹੀਆਂ ਹਨ ਉਹ ਚਾਰੋ ਪਾਸੇ ਦੇਖ ਰਿਹਾ ਹੈ, ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈ। ਅਸੀਂ ਭਾਵੇਂ ਪੂਰੀ ਕੋਸ਼ਿਸ਼ ਕਰਦੇ ਹਾਂ ਇਹ ਦਿਖਾਉਂਦੇ ਹਾਂ ਅਸੀਂ ਸਭ ਕੁਝ ਜਾਣਦੇ ਹਾਂ, ਸਾਨੂੰ ਸਭ ਪਤਾ ਹੈ, ਵਾਸਤਵ ਵਿਚ ਸਾਡੇ ਅੰਦਰ ਦਾ ਨਵਜੰਮਿਆ ਬਾਲ ਤਾਂ ਅਜੇ ਵੀ ਦੇਖ ਰਿਹਾ ਹੈ।

ਅਸੀਂ ਕਿਸੇ ਦੀ ਉਡੀਕ ਕਰਦੇ ਰਹਿੰਦੇ ਹਾਂ ਕੋਈ ਖਾਸ ਬੰਦਾ ਆਵੇ, ਜਿਹੜਾ ਸਾਡਾ ਮਾਰਗ ਦਰਸ਼ਨ ਕਰੇ, ਸਾਨੂੰ ਖੁਸ਼ੀ ਦਾ ਰਾਹ ਦੱਸੇ, ਸ਼ਾਂਤੀ ਦਾ ਰਾਹ ਦੱਸੇ, ਪਹਿਲਾਂ ਅਸੀਂ ਆਪਣੇ ਮਾਤਾ ਪਿਤਾ ਵਲ ਦੇਖਦੇ ਹਾਂ ਪਰ ਜਿਸ ਤਰ੍ਹਾਂ ਅਸੀਂ ਵੱਡੇ ਹੁੰਦੇ ਹਾਂ ਅਸੀਂ ਆਪਣੇ ਮਾਤਾ ਪਿਤਾ ਨਾਲ ਨਿਰਾਸ ਹੋ ਜਾਂਦੇ ਹਾਂ, ਅਸੀਂ ਕਹਿੰਦੇ ਹਾਂ ਉਹ ਤਾਂ ਨਾ ਸਾਨੂੰ ਸਮਝਦੇ ਹਨ ਨਾ ਹੀ ਸਾਨੂੰ ਚੰਗੀ ਤਰ੍ਹਾਂ ਨਾਲ ਜਾਣਦੇ ਹਨ। ਫੇਰ ਜਦੋਂ ਅਸੀਂ ਹੋਰ ਵੱਡੇ ਹੁੰਦੇ ਹਾਂ ਫੇਰ ਅਸੀਂ ਇਕ ਬੀਬੀ ਨੂੰ ਭਾਈ ਨੂੰ ਆਪਣਾ ਆਦਰਸ਼ ਬਣਾਉਂਦੇ ਹਾਂ, ਫੇਰ ਵਿਆਹ ਹੁੰਦਾ ਹੈ, ਸੋਚਦੇ ਹਾਂ ਸ਼ਾਇਦ ਹੁਣ ਕੋਈ ਜੀਵਨ ਦਾ ਰਾਹ ਮਿਲ ਜਾਵੇ ਆਦਰਸ਼ ਮਿਲ ਜਾਵੇ, ਕੋਈ ਸੰਪੂਰਣਤਾ ਹੋ ਜਾਏ, ਫੇਰ ਬੱਚੇ ਹੁੰਦੇ ਹਾਂ ਅਸੀਂ ਸੋਚਦੇ ਹਾਂ ਹੋ ਸਕਦਾ ਹੈ ਹੁਣ ਅਨਿਸਚਿਤਤਾ ਖਤਮ ਹੋ ਜਾਏ ਪਰ ਮਾਤਾ ਪਿਤਾ, ਪਤਨੀ, ਪਤੀ, ਬੱਚੇ, ਮਿੱਤਰ ਇਹ ਸਾਰੇ, ਇਨ੍ਹਾਂ ਵਿਚੋਂ ਕੋਈ ਉਸ ਇਕ ਦਾ ਉਸ ਬ੍ਰਹਮ ਗਿਆਨੀ ਦੀ ਭੂਮਿਕਾ ਨਹੀਂ ਨਿਭਾ ਸਕਦੇ, ਜਿਸਦੀ ਸਾਨੂੰ ਉਟੀਕ ਹੈ ਜਿਸਨੂੰ ਅਸੀਂ ਭਾਲ ਰਹੇ ਹਾਂ। ਉਹ ਆਪਣੇ ਆਪ ਵਿਚ ਹੀ ਕੋਈ ਸੰਪੂਰਣ ਨਹੀਂ, ਹੁੰਦਾ ਕੀ ਹੈ? ਅਸੀਂ ਨਿਰਾਸ ਹੋ ਕੇ ਰਿਸ਼ਤੇ ਛੱਡ ਦਿੰਦੇ ਹਾਂ, ਹੋਰ ਕਿਸੇ ਦੀ ਢੂੰਡ ਵਿਚ ਲਗ ਜਾਂਦੇ ਹਾਂ ਪਰ ਸਤਿ ਤਾਂ ਇਹ ਹੈ ਕਿ ਕੋਈ ਆਮ ਮਨੁੱਖ ਸਾਡੇ ਪ੍ਰਸ਼ਨਾਂ ਦਾ ਉਤਰ ਨਹੀਂ ਦੇ ਸਕਦਾ, ਸਾਡੇ ਲਈ ਇਹ ਠੀਕ ਵੀ ਨਹੀਂ ਕਿ ਅਸੀਂ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਦਾ ਸਮਾਧਾਨ ਪੁਛੀਏ, ਇਹ ਆਸ ਰੱਖੀਏ ਕਿ ਇਹ ਲੋਕ ਸਾਡੇ ਜੀਵਨ ਖੁਸ਼ੀਆਂ ਨਾਲ ਭਰਪੂਰ ਕਰ ਦੇਣ। ਜਦੋਂ ਤੱਕ ਅਸੀਂ ਦੂਸਰਿਆਂ ਨੂੰ ਦੇਖਦੇ ਰਹਾਂਗੇ, ਬਾਹਰ ਦੇ ਅਨੁਭਵ ਬਾਹਰ ਦੀਆਂ ਚੀਜ਼ਾਂ ਨੂੰ ਦੇਖਦੇ ਰਹਾਂਗੇ ਇਹ ਸਾਡੇ ਜੀਵਨ ਦੀ ਗੁੱਥੀ ਖੋਲ੍ਹੇ, ਇਹ ਖੋਲ੍ਹੇ ਓਨੀਂ ਦੇਰ ਅਸੀਂ ਅਸ਼ਾਂਤ ਹੀ ਰਹਾਂਗੇ ਇਹ ਤਾਂ ਉਹ ਹੀ ਗੱਲ ਹੈ ਅੰਨੇ ਦਾ ਅੰਨਾ ਆਗੂ ਅਸੀਂ ਕਿਥੇ ਨਹੀਂ ਪਹੁੰਚ ਸਕਾਂਗੇ।

ਉਤਰ ਨਾ ਮਿਲਣ ਤੇ ਨਿਰਾਸ ਹੋ ਜਾਂਦੇ ਹਾਂ ਪਰ ਦੂਸਰੇ ਉਤਰ ਦੇ ਹੀ ਨਹੀਂ ਸਕਦੇ ਉਹ ਤਾਂ ਆਪ ਅਸ਼ਾਂਤ ਹਨ ਅਸੀਂ ਫੇਰ ਉਨ੍ਹਾਂ ਪ੍ਰੇਰਣਾ ਨੂੰ ਦੇਖਣ ਲਗ ਪੈਂਦੇ ਹਾਂ ਜਿਹੜੀਆਂ ਸਾਨੂੰ ਮਿਲਦੀਆਂ ਹਨ, ਜਿਹੜੀਆਂ ਸਾਨੂੰ ਪਰੇਸ਼ਾਨ ਕਰਦੀਆਂ ਹਨ, ਅਸੀਂ ਸੋਚਦੇ ਹਾਂ, ਕੀ ਮੈਨੂੰ ਇਨ੍ਹਾਂ ਪ੍ਰੇਰਣਾਵਾਂ ਤੋਂ ਪ੍ਰਭਾਵਿਤ ਹੋਣਾ ਚਾਹੀਦਾ ਹੈ? ਕੀ ਕੋਈ ਇਹੋ ਜਿਹੀ ਸਲਾਹ ਵੀ ਹੈ ਜਿਹੜੀ ਮੈਨੂੰ ਸਹਾਇਕ ਹੋ ਸਕਦੀ ਹੈ। ਕੀ ਕੋਈ ਐਸੀ ਸਲਾਹ ਵੀ ਹੈ ਜਿਹੜੀ ਮੈਨੂੰ ਵਧੇਰੇ ਕੇਂਦਰਿਤ ਕਰ ਦੇਵੇ, ਮੈਨੂੰ ਸ਼ਾਂਤੀ ਦੇਵੇ, ਖੁਸ਼ੀ ਦੇ ਸਕੇ, ਮੈਨੂੰ ਅਸ਼ਾਂਤੀ ਵਲ ਨਾ ਲੈ ਜਾਵੇ, ਪਰੇਸ਼ਾਨੀ ਵਲ ਨਾ ਲੈ ਜਾਵੇ, ਮੈਨੂੰ ਵਧੇਰੇ ਖਲ੍ਹੇਰ ਨਾ ਦੇਵੇ? ਕੀ ਮੈਂ ਇਹ ਕਰ ਸਕਦਾ ਹਾਂ ਦੇਖਦ ਸਕਦਾ ਹਾਂ ਮੈਨੂੰ ਕਿਹੜੀਆਂ ਪ੍ਰੇਰਣਾਵਾਂ ਮਿਲਣਗੀਆਂ ਕਿਸ ਤਰ੍ਹਾਂ ਦੀਆਂ ਸਲਾਹਾਂ, ਸੁਝਾਅ ਮੈਨੂੰ ਮਿਲਣਗੇ, ਉਨ੍ਹਾਂ ਦਾ ਮੇਰੇ ਉਪਰ ਕੀ ਪ੍ਰਭਾਵ ਹੋਵੇਗਾ?

(ਬਾਕੀ ਪੰਨਾ 59 ਤੇ)

ਸ੍ਰੀ ਗੁਰੂ ਨਾਨਕ ਦੇਵ ਜੀ

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂ. ਮਿਸ਼ਨ

ਹਉ ਵਾਰੀ ਵੰਞਾ ਘੋਲੀ ਵੰਞਾ
ਤੂ ਪਰਬਤੁ ਮੇਰਾ ਓਲ੍ਹਾ ਰਾਮ ॥
ਹਉ ਬਲਿ ਜਾਈ ਲਖ ਲਖ ਲਖ ਬਰੀਆ
ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ ॥
ਮਿਟੇ ਅੰਧਾਰੇ ਤਜੇ ਬਿਕਾਰੇ
ਠਾਕੁਰ ਸਿਉ ਮਨੁ ਮਾਨਾ ॥
ਪ੍ਰਭ ਜੀ ਭਾਣੀ ਭਈ ਨਿਕਾਣੀ
ਸਫਲ ਜਨਮੁ ਪਰਵਾਨਾ ॥
ਭਈ ਅਮੋਲੀ ਭਾਰਾ ਤੋਲੀ
ਮੁਕਤਿ ਜੁਗਤਿ ਦਰੁ ਖੋਲ੍ਹਾ ॥
ਕਹੁ ਨਾਨਕ ਹਉ ਨਿਰਭਉ ਹੋਈ
ਸੋ ਪ੍ਰਭੁ ਮੇਰਾ ਓਲ੍ਹਾ ॥ *ਅੰਗ - ੭੮੦*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ ਤੇ ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਧਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਵੀਚਾਰਾਂ ਸਰਵਣ ਕਰੋ। ਬੁੱਧੀ ਦਾ ਪ੍ਰਯੋਗ ਕਰਕੇ ਵਿਚਾਰਾਂ ਨੂੰ ਤੋਲ ਕੇ ਹਿਰਦੇ ਵਿਚ ਵਸਾਉਣ ਦਾ ਯਤਨ ਕਰੋ। ਵਾਰੀ ਆਈ ਤੇ ਸ਼ਬਦ ਵਿਚ ਗੱਜ ਵੱਜ ਕੇ ਬੋਲੋ, ਜਦੋਂ ਇਸ ਤਰ੍ਹਾਂ ਕਰੋਂਗੇ ਤਾਂ ਫਲ ਕਿੰਨਾ ਹੋਏਗਾ –

ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥
ਅੰਗ - ੫੪੬

ਕਈ ਕਰੋੜ ਜੱਗਾਂ ਦਾ ਫਲ ਪ੍ਰਾਪਤ ਹੋ ਜਾਏਗਾ। ਕਈ ਵਾਰੀ ਮੈਂ ਬੇਨਤੀ ਕਰੀ ਹੈ ਕਿ ਕੋਈ ਬੰਦਾ ਵੀ ਸੰਸਾਰ ਵਿਚ ਐਸਾ ਨਹੀਂ ਹੈ ਜਿਹੜਾ ਕਈ ਕਰੋੜ ਜੱਗ ਕਰ ਲਵੇ ਕਿਉਂਕਿ ਜੇ ਇਹ ਹਰ ਰੋਜ਼ ਪੈਦਾ ਹੋਣ ਤੋਂ ਲੈ ਕੇ ਸੌ ਸਾਲ ਦੀ ਉਮਰ ਹੋਵੇ ਹਰ ਰੋਜ਼ ਇਕ ਯੱਗ ਕਰੇ ਤਾਂ ਸਾਰੀ ਜ਼ਿੰਦਗੀ ਦੇ ਅੰਦਰ 36 ਹਜ਼ਾਰ ਪੰਜ ਸੌ ਯੱਗ ਹੁੰਦਾ ਹੈ, ਜੇ ਹਜ਼ਾਰ ਸਾਲ ਦੀ ਉਮਰ ਹੋਵੇ ਤਾਂ ਤਿੰਨ ਲੱਖ ਕੋਈ ਤਕਰੀਬਨ 65 ਹਜ਼ਾਰ ਦੇ ਕਰੀਬ ਯੱਗ ਹੁੰਦਾ ਹੈ। ਜੇ ਦੱਸ ਹਜ਼ਾਰ ਸਾਲ ਦੀ ਹੋਵੇ ਤਾਂ 33 ਲੱਖ ਸਮਝ ਲਓ। ਕਈ ਕਰੋੜ ਯੱਗ ਤਾਂ ਹੋਏ ਨਾ। ਇਹ ਕਲਜੁਗ ਅੰਦਰ, ਮੈਂ ਪਹਿਲਾਂ ਵੀ ਕਈ ਵਾਰੀ ਬੇਨਤੀ ਕਰੀ ਹੈ ਕਿ ਗੁਰੂ ਨਾਨਕ ਪਾਤਸ਼ਾਹ ਜੋ ਅਕਾਲਪੁਰਖ ਦਾ ਸਰਗੁਣ ਸਰੂਪ ਸਨ ਕਿਉਂਕਿ ਵਾਹਿਗੁਰੂ ਦਾ ਇਕ ਨਿਰਗੁਣ ਸਰੂਪ ਹੁੰਦਾ ਹੈ ਤੇ ਇਕ ਸਰਗੁਣ ਸਰੂਪ ਹੁੰਦਾ ਹੈ। ਨਿਰਗੁਣ ਸਰੂਪ ਤਾਂ ਉਹ ਹੈ ਜਿਹਨੂੰ ਕੋਈ ਨਹੀਂ ਜਾਣਦਾ ਨਾ ਵੇਦ ਜਾਣਦੇ ਨੇ, ਨਾ ਬ੍ਰਹਮਾ ਜਾਣਦਾ ਹੈ ਨਾ ਸ਼ਿਵਜੀ, ਨਾ ਦੇਵੀਆਂ ਜਾਣਦੀਆਂ ਨੇ। ਉਹ ਇਸ ਕਰਕੇ ਨਹੀਂ ਜਾਣਦੀਆਂ ਕਿਉਂਕਿ ਉਹ ਆਪੇ ਆਪ ਹੁੰਦਾ ਹੈ, ਆਪਣੀ ਮਹਿਮਾ ਦੇ ਵਿਚ ਆਪ ਸਥਿਤ ਹੋਣ ਕਰਕੇ ਆਪਣੇ ਆਪ ਨੂੰ ਆਪ ਜਾਣਦਾ ਹੈ।

ਮਹਿਮਾ ਨ ਜਾਨਹਿ ਬੇਦ ॥
ਬ੍ਰਹਮੇ ਨਹੀ ਜਾਨਹਿ ਭੇਦ ॥
ਅਵਤਾਰ ਨ ਜਾਨਹਿ ਅੰਤੁ ॥
ਪਰਮੇਸਰੁ ਪਾਰਬ੍ਰਹਮ ਬੇਅੰਤੁ ॥ ੧ ॥
ਅਪਨੀ ਗਤਿ ਆਪਿ ਜਾਨੈ ॥
ਸੁਣਿ ਸੁਣਿ ਅਵਰ ਵਖਾਨੈ ॥ ੧ ॥ ਰਹਾਉ ॥
ਸੰਕਰਾ ਨਹੀ ਜਾਨਹਿ ਭੇਵ ॥
ਖੋਜਤ ਹਾਰੇ ਦੇਵ ॥
ਦੇਵੀਆ ਨਹੀ ਜਾਨੈ ਮਰਮ ॥
ਸਭ ਊਪਰਿ ਅਲਖ ਪਾਰਬ੍ਰਹਮ ॥ *ਅੰਗ - ੮੯੪*

ਉਹਨੂੰ ਕੋਈ ਨਹੀਂ ਜਾਣਦਾ ਕਿਉਂਕਿ ਆਪੇ ਆਪ ਹੁੰਦਾ ਹੈ ਜਦੋਂ ਆਪਣੇ ਆਪ ਤੋਂ ਆਪੇ ਪਸਾਰਾ ਕਰਦਾ ਹੈ, ਪਸਾਰੇ ਦੇ ਵਿਚ ਜਿਹੜਾ ਸਭ ਤੋਂ ਸ੍ਰੇਸ਼ਟ ਸਰੂਪ ਹੈ ਸਰਗੁਣ ਦਾ ਜਿਸਨੂੰ ਏਕੰਕਾਰ ਕਹਿੰਦੇ ਨੇ। ਧਿਆਨ ਦਿਓ ਬਚਨ ਦੇ ਵਿਚ ਕਿਉਂਕਿ ਇਹ ਗੱਲਾਂ ਬਹੁਤ ਘੱਟ ਪ੍ਰਾਪਤ ਹੁੰਦੀਆਂ ਨੇ, ਫਿਲੋਸਫੀ ਦੀ ਗੱਲ ਹੈ। ਵਾਹਿਗੁਰੂ ਜਦੋਂ ਇਕ ਤੋਂ ਅਨੇਕ ਹੋਇਆ ਪਹਿਲਾ ਸਰੂਪ ਉਸਨੇ –

ਨਿਰੰਕਾਰ ਆਕਾਰ ਹੋਏ ਏਕੰਕਾਰ ਅਪਾਰ ਸਦਾਇਆ।

ਏਕੰਕਾਰ ਹੋਇਆ, ਸਰਗੁਣ ਸਰੂਪ ਹੋਇਆ। ਕਿਰਿਆਸ਼ੀਲ ਹੋਇਆ ਜਿਸ ਤਰ੍ਹਾਂ ਇਕ ਰਾਜਾ ਹੈ ਜਿੰਨੀ ਦੇਰ ਤੱਕ ਉਹ ਆਪਣੇ ਮਹੱਲ ਵਿਚ ਹੈ, ਜਦੋਂ ਉਹ ਕੋਰਟ ਵਿਚ ਆ ਗਿਆ ਤਾਂ ਉਥੇ ਆ ਕੇ constitution ਦੇ ਮੁਤਾਬਿਕ ਰਾਜ ਕਰਦਾ ਹੈ। ਸਰੂਪ ਪਹਿਲਾ ਵੀ ਓਹਦਾ ਹੀ ਹੈ, ਲੇਕਿਨ ਦੂਸਰਾ ਜਿਹੜਾ ਹੈ ਕਿਰਿਆਸ਼ੀਲ ਹੁੰਦਾ ਹੈ, ਜਿਵੇਂ ਦਫਤਰ ਵਿਚ ਜਾਂਦਾ ਹੈ ਬੰਦਾ, ਘਰ ਵਿਚ ਉਹਦੀ ਗੱਲ ਵਿਚ ਕੋਈ ਜ਼ੋਰ ਨਹੀਂ ਹੁੰਦਾ, ਜਦੋਂ ਦਫਤਰ 'ਚ ਜਾ ਕੇ ਸੀਟ ਤੇ ਬੈਠਦਾ ਹੈ ਉਥੇ ਲਿਖਦਾ ਹੈ ਉਹਦੇ ਵਿਚ ਜ਼ੋਰ ਹੋਇਆ ਕਰਦਾ ਹੈ। ਇਸੇ ਤਰ੍ਹਾਂ ਦੇ ਨਾਲ ਜਦੋਂ ਆਕਾਰ ਦੇ ਵਿਚ ਕਰਦਾ ਹੈ ਵਾਹਿਗੁਰੂ ਓਸ ਵੇਲੇ ਸ੍ਰਭ ਤੋਂ ਪਹਿਲਾ ਸਰੂਪ ਜੋ ਉਹਦਾ ਬਣਦਾ ਹੈ ਉਹਨੂੰ ੧ਓ ਕਹਿੰਦੇ ਨੇ। ਆਪੇ ਹੀ ਆਪਣੇ ਆਪ ਤੋਂ ਏਕੰਕਾਰ ਹੋ ਜਾਂਦਾ ਹੈ –

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥
ਕਰਿ ਆਸਣੁ ਡਿਠੋ ਚਾਉ ॥ *ਅੰਗ - ੪੬੩*

ਏਕੰਕਾਰ ਤੋਂ ਸ਼ਬਦ ਧੁਨ ਹੁੰਦੀ ਹੈ, ਉਹ ਜਿਹੜੀ ਸ਼ਬਦ ਧੁਨ ਹੈ ਉਹਦਾ ਨਾਮ ਓਅੰਕਾਰ ਦੀ ਧੁਨ ਕਹਿੰਦੇ ਨੇ। ਉਹ

ਸ਼ਬਦ ਹੀ ਓਅੰਕਾਰ ਹੋਇਆ।

ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੁਰ ਜਗਤ ਮੋ ਰਹਾ।

ਉਹ ਜਿਹੜੀ ਧੁਨ ਹੈ ਨਾ ਸ਼ਬਦ ਦੀ ਉਹ ਖਤਮ ਨਹੀਂ ਹੋਈ, ਓਸ ਸ਼ਬਦ ਦੇ ਵਿਚੋਂ ਸਾਰੀ ਰਚਨਾ ਹੋਈ।

ਓਅੰਕਾਰਿ ਬ੍ਰਹਮਾ ਉਤਪਤਿ ॥
ਓਅੰਕਾਰੁ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ ॥
ਓਅੰਕਾਰਿ ਬੇਦ ਨਿਰਮਏ ॥ ਅੰਗ - ੯੩੦

time & space ਓਅੰਕਾਰ 'ਚੋਂ, ਸ਼ਬਦ 'ਚੋਂ ਹੋਏ। ਸ਼ਬਦ 'ਚੋਂ ਗਿਆਨ ਪੈਦਾ ਹੋਇਆ, ਵੇਦ, ਜੀਵ ਜੰਤੂ, ਬ੍ਰਹਮਾ ਸ਼ਕਤੀ ਜੋ ਸੰਸਾਰ ਨੂੰ ਬਣਾ ਰਹੀ ਹੈ ਉਹ ਪੈਦਾ ਹੋਈ। ਸ਼ਬਦ ਦੇ ਵਿਚੋਂ ਸ਼ਿਵਜੀ ਦੀ ਸ਼ਕਤੀ ਪੈਦਾ ਹੋਈ। ਸ਼ਬਦ ਦੇ ਵਿਚੋਂ ਵਿਸ਼ਨੂੰ ਜੀ ਦੀ ਸ਼ਕਤੀ ਪੈਦਾ ਹੋਈ, ਅਨੇਕਾਂ ਦੇਵੀ ਦੇਵ, ਅਵਤਾਰ ਆਹ ਸਾਰਾ ਸੰਸਾਰ ਜਿੰਨਾ ਤੁਸੀਂ ਦੇਖਦੇ ਓਂ ਇਹ ਸਾਰਾ ਸ਼ਬਦ ਦੇ ਵਿਚੋਂ ਹੋਇਆ। ਸੋ ਏਸ ਤਰ੍ਹਾਂ ਦੇ ਨਾਲ ਜਿਹੜਾ ਸਭ ਤੋਂ ਸ੍ਰੇਸ਼ਟ ਸਰੂਪ ਪ੍ਰਮੇਸ਼ਰ ਦਾ ਹੈ, ਏਕੰਕਾਰ ਦਾ ਉਹ ਜਦੋਂ ਸੰਸਾਰ ਦੇ ਵਿਚ ਉਧਾਰ ਕਰਨ ਵਾਸਤੇ ਪ੍ਰਗਟ ਹੁੰਦਾ ਹੈ ਫੇਰ ਉਹ ਗੁਰੂ ਸਰੂਪ ਹੋਇਆ ਕਰਦਾ ਹੈ। ਏਕੰਕਾਰ ਨੂੰ ਅਸੀਂ ਨਹੀਂ ਜਾਣ ਸਕਦੇ ਕਿਉਂਕਿ ਉਹਦਾ ਕੋਈ ਰੂਪ ਨਹੀਂ ਰੰਗ ਨਹੀਂ, ਰੇਖ ਨਹੀਂ ਭੇਖ ਨਹੀਂ, ਚੱਕਰ ਨਹੀਂ, ਚਿਹਨ ਨਹੀਂ, ਜਾਤ ਨਹੀਂ ਪਾਤ ਨਹੀਂ, ਕੋਈ ਰਹਿਣ ਦਾ ਥਾਂ ਨਹੀਂ, ਕੋਈ ਉਹਦੀ ਕੁਆਲਿਟੀ ਅਸੀਂ ਜਾਣਦੇ ਨਹੀਂ ਹਾਂ। ਸੋ ਸਾਡੇ ਤਰਨ ਵਾਸਤੇ ਪ੍ਰਮੇਸ਼ਰ ਨੇ ਐਸਾ ਕੌਤਕ ਕਰ ਦਿਤਾ ਕਿ ਗੁਰੂ ਨੂੰ ਆਪਣਾ ਸਰੂਪ ਬਣਾ ਕੇ ਸੰਸਾਰ ਤੇ ਭੇਜ ਦਿਤਾ। ਗੁਰੂ ਨਾਨਕ ਪਾਤਸ਼ਾਹ ਦੱਸਾਂ ਪਾਤਸ਼ਾਹੀਆਂ ਦੇ ਵਿਚ ਗੁਰੂ ਪ੍ਰਮੇਸ਼ਰ ਸਨ। ਗੁਰੂਆਂ ਦਾ ਘਾਟਾ ਨਹੀਂ ਸੰਸਾਰ ਦੇ ਉਤੇ ਲੇਕਿਨ ਗੁਰੂ ਪ੍ਰਮੇਸ਼ਰ ਇਹੀ ਹੋਏ ਨੇ। ਬਾਕੀ ਤਾਂ ਗੁਰੂ ਨੇ ਸਾਰੇ। ਟੀਚਰ ਨੇ, ਮਾਸਟਰ ਨੇ ਲੇਕਿਨ ਜੋ ਗੁਰੂ ਹੈ ਅਕਾਲ ਪੁਰਖ ਕਹਿੰਦਾ ਹੈ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ। ਉਹ ਗੁਰੂ ਪ੍ਰਮੇਸ਼ਰ ਜੋ ਹੈ ਉਹ ਗੁਰੂ ਹੋਇਆ ਕਰਦਾ ਹੈ। ਸੋ ਉਨ੍ਹਾਂ ਨੇ ਸਾਡੇ ਉਧਾਰ ਵਾਸਤੇ, ਕਲਜੁਗ ਦੇ ਅੰਦਰ ਕਿੰਨਾ concession ਦੇ ਦਿਤਾ। ਸਮਾਂ ਚਲਦਾ ਹੈ, ਚਲਦਾ ਸਮਾਂ ਇਕ ਰਸ ਨਹੀਂ ਰਹਿੰਦਾ। ਵਾਤਾਵਰਣ ਦੇ ਨਾਲ ਮਿਲ ਕੇ ਲੋਕਾਂ ਦੇ ਖਿਆਲ ਬਦਲ ਜਾਂਦੇ ਨੇ, ਜਿਉਂ-ਜਿਉਂ ਖਿਆਲਾਂ ਦੀ ਗਿਰਾਵਟ ਹੁੰਦੀ ਹੈ ਤਿਉਂ-ਤਿਉਂ ਆਚਾਰੀਆ, ਸੰਤ ਲੋਕ, ਸਾਧੂ ਮਹਾਂਪੁਰਸ਼ ਜੀਵਾਂ ਦੇ ਤਰਨ ਵਾਸਤੇ ਨਵੇਂ ਤੋਂ ਨਵੇਂ ਰਾਹ ਕੱਢਦੇ ਨੇ, ਨਵੀਂ ਤੋਂ ਨਵੀਂ ਟੈਕਨੋਲੋਜੀ ਲਿਆਉਂਦੇ ਨੇ ਕਿ ਐਸ ਤਰ੍ਹਾਂ ਇਨ੍ਹਾਂ ਦਾ ਉਧਾਰ ਹੋ ਜਾਏਗਾ। ਹੁਣ ਕਲਜੁਗ ਦਾ ਸਮਾਂ ਹੈ ਸਾਡੇ ਭਾਰਤੀ ਮਤ ਦੇ ਹਿਸਾਬ ਨਾਲ 17 ਲੱਖ 28 ਹਜ਼ਾਰ ਸਾਲ ਦੇ ਸਮੇਂ ਨੂੰ ਜਦੋਂ ਲੋਕਾਂ ਦੇ ਖਿਆਲ ਬਿਲਕੁਲ ਟਿਕੇ ਹੋਏ ਸਨ, ਸਤਿ ਬੋਲਦੇ ਸਨ ਉਹਨੂੰ ਸਤਿਜੁਗ ਕਹਿੰਦੇ ਸੀ। ਸਤਿ ਦਾ ਜੀਵਨ ਧਾਰ ਕੇ ਆਦਮੀ ਤਰ ਜਾਇਆ ਕਰਦਾ ਸੀ, ਤਪਸਿਆ ਬਹੁਤ ਕਰਦੇ ਸੀ -

ਲਖ ਵਰ੍ਹਿਆਂ ਦੀ ਆਰਜਾ ਵਕਤ ਗੁਜਾਰਨ ਪਿੰਨੀ ਸਾਜੇ।

ਉਮਰਾਂ ਬਹੁਤ ਵੱਡੀਆਂ ਸੀ, ਲੇਕਿਨ ਹਿਰਸ ਨਹੀਂ ਸੀ, ਆਹ ਜਿਹੜੀ ਅੱਜ ਹੈ ਉਮਰ ਛੋਟੀ ਜਿਹੀ ਹੈ -

ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥
ਅੰਗ - ੬੯੨

ਵੱਡੇ-ਵੱਡੇ ਮਕਾਨ, ਵੱਡੀਆਂ-ਵੱਡੀਆਂ ਗਹਿਰੀਆਂ ਨੀਹਾਂ ਪੁੱਟਦੇ ਨੇ, ਵੱਡੇ-ਵੱਡੇ ਬੰਦੋਬਸਤ ਕਰਦਾ ਹੈ ਕਿ ਵੱਡੀਆਂ ਬਿਲਡਿੰਗਾਂ ਬਣਾਉਣੀਆਂ ਨੇ, ਕੋਈ ਮੁਨਿਆਦ ਪੱਕੀ ਚਾਹੀਦੀ ਹੈ, ਭੁਚਾਲ ਨਾਲ ਨਾ ਹਿੱਲੇ। ਪਹਿਲਿਆਂ ਜ਼ਮਾਨਿਆਂ 'ਚ ਕੀ ਸੀ ਉਹ ਕਹਿੰਦੇ ਸੀ ਕਾਲ ਦਾ ਕੋਈ ਭਰੋਸਾ ਨਹੀਂ ਇਥੇ ਰਹਿਣਾ ਤਾਂ ਹੈ ਨਹੀਂ। ਰਹਿਣ ਸਹਿਣ ਸਾਦਾ ਸੀ, ਜਿਹੋ ਜਿਹਾ ਥਾਂ ਮਿਲ ਗਿਆ ਓਹੋ ਜਿਹੇ ਥਾਂ ਦਿਨ ਕੱਟ ਲਏ। ਮਾਰਕੰਡੇ ਦੀ ਉਮਰ ਬਹੁਤ ਵੱਡੀ ਸੀ, ਜੇ ਕਿਸੇ ਨੇ ਕਿਹਾ ਕਿ ਮਾਰਕੰਡਾ ਜੀ ਤੁਸੀਂ ਮਕਾਨ ਤਾਂ ਬਣਾ ਲਓ। ਉਹ ਕਹਿੰਦੇ ਕਿਸ ਲਈ, ਚਾਰ ਦਿਨ ਦੀ ਜਿੰਦਗਾਨੀ ਹੈ -

ਮਾਰਕੰਡੇ ਤੇ ਕੋ ਅਧਿਕਾਈ
ਜਿਨਿ ਤ੍ਰਿਣ ਧਰਿ ਮੁੰਡ ਬਲਾਏ ॥ ਅੰਗ - ੬੯੨

ਛੱਪਰ ਪਾ ਲੈਂਦਾ ਸੀ ਤੇ ਉਹਦੇ ਵਿਚ ਹੀ ਦਿਨ ਕੱਟ ਲਿਆ ਕਰਦਾ ਸੀ। ਸਮਾਂ ਬਦਲ ਗਿਆ, 12 ਲੱਖ 96 ਹਜ਼ਾਰ ਸਾਲ ਆਦਮੀਆਂ ਦਾ ਖਿਆਲ ਬਰੈਕਟ ਕੀਤਾ ਗਿਆ ਏਸਨੂੰ ਤ੍ਰੇਤਾ ਯੁੱਗ ਕਹਿੰਦੇ ਨੇ। 8 ਲੱਖ 64 ਹਜ਼ਾਰ ਸਾਲ ਦੇ ਵਿਚ ਆਦਮੀਆਂ ਦਾ ਖਿਆਲ ਫੇਰ ਬਰੈਕਟ ਕੀਤਾ ਗਿਆ ਤੇ ਉਹਨੂੰ ਦੁਆਪਰ ਯੁੱਗ ਕਹਿੰਦੇ ਨੇ ਹੁਣ ਵਾਰੀ ਆ ਗਈ ਕਲਜੁਗ ਦੀ ਇਹਦੀ ਉਮਰ 4 ਲੱਖ 32 ਹਜ਼ਾਰ ਸਾਲ ਦੀ ਹੈ। ਲੇਕਿਨ ਮਹਾਂਪੁਰਸ਼ਾਂ ਦਾ ਇਹ ਅਨੁਭਵ ਹੈ ਕਿ ਇਹ 4 ਲੱਖ 32 ਹਜ਼ਾਰ ਸਾਲ ਆਬਾਦੀ ਨਹੀਂ ਰਹਿਣੀ। ਲੋਕਾਂ ਦੇ ਖਿਆਲ ਐਨੇ ਦੂਸ਼ਿਤ ਹੋ ਜਾਣੇ ਨੇ, ਵਾਤਾਵਰਣ ਨੇ ਐਨਾ ਅਸ਼ੁੱਧ ਹੋ ਜਾਣਾ ਹੈ ਤੇ ਹਵਾ ਦੇ ਵਿਚ ਮਿਲਾਵਟ ਗੈਸਾਂ ਐਨੀਆਂ ਆ ਜਾਣੀਆਂ ਨੇ ਕਿ ਮਨੁੱਖ ਦੀ ਜੋ ਹੋਂਦ ਹੈ ਉਹ ਬਹੁਤ ਥੋੜ੍ਹੀ ਰਹੇਗੀ। ਐਨੀ ਨਹੀਂ ਰਹਿੰਦੀ 4 ਲੱਖ 32 ਹਜ਼ਾਰ ਸਾਲ ਦੀ ਕਿਉਂਕਿ ਇਹ ਜੁੱਗ ਦੇ ਵਿਚ ਪਾਪ ਬਹੁਤੇ ਹੋਣ ਕਰਕੇ ਇਹਦੀ ਉਮਰ ਘਟ ਜਾਣੀ ਹੈ, ਸੌ ਸਾਲ ਦੀ ਉਮਰ ਮਨੁੱਖ ਦੀ ਕਲਜੁਗ 'ਚ ਰੱਖੀ ਹੈ ਲੇਕਿਨ ਸੌ ਸਾਲ ਦੀ ਕਿਸੇ ਵਿਰਲੇ ਦੀ ਹੁੰਦੀ ਹੈ। 60 ਤੋਂ ਹੀ ਗਿਰਨੇ ਸ਼ੁਰੂ ਹੋ ਜਾਂਦੇ ਨੇ। ਪਹਿਲਾਂ ਬੱਚੇ ਹੀ ਚਲੇ ਜਾਂਦੇ ਨੇ ਕਈ ਵਾਰੀ। ਪਹਿਲੇ ਜੁਗਾਂ 'ਚ ਬੱਚੇ ਨਹੀਂ ਸੀ ਜਾਇਆ ਕਰਦੇ ਮਾਂ ਬਾਪ ਦੇ ਹੁੰਦੇ। ਐਸਾ ਤਪ ਕੀਤਾ ਹੋਇਆ ਸੀ ਉਨ੍ਹਾਂ ਨੇ। ਸੋ ਇਹ ਜੋ ਕਲਜੁਗ ਹੈ ਇਹਦੇ ਵਿਚ ਅਸੀਂ ਕਰੀਏ ਕਿਵੇਂ? ਸਾਡਾ ਕੋਈ ਉਧਾਰ ਹੋਵੇ, ਅਸੀਂ ਆ ਤਾਂ ਗਏ ਕਲਜੁਗ 'ਚ ਅਸੀਂ ਆਪਣੇ ਆਪ ਤਾਂ ਆਏ ਨਹੀਂ ਸਾਨੂੰ ਭੇਜਿਆ ਗਿਆ ਹੈ। ਸਾਡੀ ਵਾਰੀ ਆਈ ਹੈ ਤੇ ਵਾਰੀ ਦੇ ਵਿਚ ਆ ਕੇ ਸਾਨੂੰ

ਕਲਜੁਗ ਦੇ ਵਿਚ ਜਨਮ ਮਿਲ ਗਿਆ। ਮਹਾਰਾਜ ਕਹਿੰਦੇ ਘਬਰਾਓ ਨਾ, ਸਾਧਨ ਐਨਾ ਸੁਖਾਲਾ ਕਰ ਦਿਤਾ ਹੈ ਕਿ ਇਕ ਵਾਰੀ ਵੀ –

ਏਕ ਚਿਤ ਜਿਹ ਇਕ ਛਿਨ ਧਿਆਇਓ
ਕਾਲ ਫਾਸ ਕੇ ਬੀਚ ਨ ਆਇਓ।

ਕਿੱਡਾ concession ਦੇ ਦਿਤਾ ਕਿ ਜੇ ਇਕ ਵਾਰੀ ਵੀ ਧਿਆਨ ਆ ਜਾਏ ਵਾਹਿਗੁਰੂ ਦਾ ਉਹਦੀ ਕਾਲ ਦੀ ਫਾਸੀ ਕਟ ਜਾਂਦੀ ਹੈ, ਥੋੜ੍ਹੀ ਜਿਹੀ ਸੇਵਾ ਕਰ ਲਵੇ ਬਹੁਤ ਵੱਡਾ ਫਲ ਮਿਲਦਾ ਹੈ। ਪਹਿਲਾਂ ਫਲ ਐਨਾ ਨਹੀਂ ਸੀ ਮਿਲਦਾ, ਨਾਮ ਜਪਣ ਦਾ ਫਲ ਬੇਅੰਤ ਮਿਲਦਾ ਹੈ। ਕਹਿੰਦੇ ਨਾਮ ਦਾ ਜੁਗ ਆ ਗਿਆ –

ਅਬ ਕਲੁ ਆਇਓ ਰੇ ॥
ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੁਤਿ ਨਾਹੀ ਨਾਹੀ ॥
ਮਤੁ ਭਰਮਿ ਭੂਲਹੁ ਭੂਲਹੁ ॥ ਅੰਗ - ੧੧੮੫

ਸੋ ਇਹ ਬਚਨ ਯਾਦ ਕਰ ਲਓ, ਬੜੇ ਕੰਮ ਆਉਣਗੇ। ਕਲਜੁਗ ਦਾ ਸਮਾਂ, ਨਾਮ ਦੀ ਖੇਤੀ ਤੇ ਨਾਮ ਦੀ ਖੇਤੀ ਐਨੀ ਭਰਪੂਰ ਹੈ ਕਿ ਜਿਹਦੇ ਪੱਲੇ ਪੈ ਜਾਵੇ ਕਹਿੰਦੇ –

ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥
ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥
ਅੰਗ - ੮੧

ਜੱਗਾਂ ਦੀ ਕੀਮਤ ਸੀ, ਪੁੰਨਾਂ ਦੀ ਕੀਮਤ ਸੀ, ਇਕ ਪੁੰਨ ਇਥੇ ਕਰਿਆ ਜਾਵੇ, ਬ੍ਰਹਮਗਿਆਨੀ ਦੇ ਰਾਹੀਂ ਕੋਈ ਪੁੰਨ ਕਰ ਦਿਤਾ, ਪੂਰਨ ਮਹਾਤਮਾ ਦੇ ਰਾਹੀਂ ਪੁੰਨ ਕਰ ਦਿਤਾ, ਲੱਖ ਗੁਣਾਂ ਫੈਲ ਜਾਇਆ ਕਰਦਾ ਸੀ, ਲੇਕਿਨ ਕੀਮਤ ਤਾਂ ਸੀ ਨਾ। ਕਲਜੁਗ ਦੇ ਵਿਚ ਜਿਹੜਾ ਪੁੰਨ ਹੈ, ਹਰੀ ਦਾ ਜਸ ਤੇ ਨਾਮ ਜਪਣਾ –

ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥
ਅੰਗ - ੯੬੨

ਸੱਚੇ ਪਾਤਸ਼ਾਹ! ਕਲਜੁਗ ਦਾ ਆਦਮੀ ਮੈਂ-ਮੈਂ ਕਰਦਾ ਹੈ, ਆਪਣੇ ਥੋੜ੍ਹੇ ਜਿਹੇ ਪੁੰਨ ਕਰਨ ਦੇ ਨਾਲ, ਥੋੜ੍ਹੀ ਜਿਹੀ ਸੇਵਾ ਕਰਨ ਦੇ ਨਾਲ ਬਹੁਤ ਵੱਡੀ ਮਹਿਮਾ ਚਾਹੁੰਦਾ ਹੈ, ਬਹੁਤ ਵੱਡਾ ਉਹਦਾ reward ਚਾਹੁੰਦਾ ਹੈ ਤੇ ਪੁੰਨ ਲਗ ਜਾਣਗੇ? ਮਹਾਰਾਜ ਕਹਿੰਦੇ ਨਹੀਂ ਭਾਈ, ਪੁੰਨ ਦੇ ਵਿਚ ਜੇ ਬਹੁਤ ਧਿਆਨ ਵਾਲਾ ਹੋਏਗਾ ਤਾਂ, ਤਾਂ ਲੱਗ ਜਾਏਗਾ ਨਹੀਂ ਤਾਂ ਪੁੰਨ ਜਾਂਦਾ ਰਹੇਗਾ।–

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥
ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ॥
ਅੰਗ - ੧੪੨੯

ਗੁਮਾਨ ਇਹਨੂੰ ਕੁਦਰਤੀ ਤੌਰ ਤੇ ਆਉਣਾ ਹੈ, ਗੁਰਦੁਆਰਾ ਬਣਾ ਕੇ ਗੁਮਾਨ ਆਏਗਾ ਕਿ ਮੈਂ ਬਣਾਇਆ ਹੈ। ਪ੍ਰੈਜੀਡੈਂਟਸ਼ਿਪ ਤੋਂ ਉਹਨੂੰ ਲਾਹ ਦਿਓ, frustrate ਹੋ ਜਾਏਗਾ ਕਿ ਮੇਰੀ ਕਦਰ ਹੀ ਨਹੀਂ ਕਰੀ ਇਨ੍ਹਾਂ ਲੋਕਾਂ ਨੇ। ਇਹ ਹੁਣ ਆ ਕੇ ਚੌਧਰੀ ਬਣ ਗਏ। ਮੈਂ ਜਦੋਂ ਬਣਾਉਂਦਾ ਸੀ ਉਦੋਂ ਕੋਈ ਨੇੜੇ ਨਹੀਂ ਸੀ ਆਉਂਦਾ। ਇਹਨੂੰ ਕਹਿੰਦੇ ਨੇ ਕਿ ਅਭਿਮਾਨ ਹੋ ਗਿਆ। ਮਹਾਰਾਜ ਕਹਿੰਦੇ ਨਿਹਫਲ ਹੋ ਗਿਆ। ਇਕ ਪੁੰਨ ਹੈ ਸੰਸਾਰ ਦੇ ਵਿਚ ਜਿਸ ਪੁੰਨ ਦੇ ਵਿਚ ਬੈਠੇ ਹੁਣ ਤੁਸੀਂ ਕਰ ਰਹੇ ਓਂ। ਕਲਜੁਗ ਦੇ ਵਿਚ ਵੱਡਾ ਪੁੰਨ ਗੋਬਿੰਦ ਦੇ ਗੁਣ ਗਾਉਣਾ ਹੈ। ਜਿਸਦੀ ਕੀਮਤ ਦਾ ਕੋਈ ਹਿਸਾਬ-ਕਿਤਾਬ ਨਹੀਂ ਹੈ। ਕੋਈ ਪਾ ਨਹੀਂ ਸਕਿਆ, ਨਾ ਨਾਮ ਦੀ ਕੀਮਤ ਨਾ ਪ੍ਰਮੇਸ਼ਰ ਦੇ ਗੁਣਾਂ ਦੀ ਕੀਮਤ। ਆਪੇ ਹੀ ਛੁਟਕਾਰਾ ਹੋ ਗਿਆ ਸਾਡਾ। ਸੇਵਾ ਕਰੀ ਕਿੰਨਾ ਫਲ ਦਿੰਦੀ ਹੈ। ਮੈਨੂੰ ਥੋੜ੍ਹੇ ਜਿਹੇ ਦਿਨ ਹੋਏ ਸੰਗਤ ਦੇ ਵਿਚ ਦੱਸਿਆ ਇਥੇ ਕਹਿੰਦੇ ਅਸੀਂ ਰਾੜਾ ਸਾਹਿਬ ਗਏ ਉਥੇ ਇਕ ਭੂਤ ਬੋਲੇ। ਉਹ ਭੂਤ ਕਹਿਣ ਲੱਗਿਆ ਕਿ ਦੇਖੋ ਤੁਹਾਨੂੰ ਮੈਂ ਇਕ ਗੱਲ ਦੱਸਾਂ। ਭੂਤ ਤਾਂ ਮੈਂ ਗਿਆ ਬਣ, ਮੇਰੇ ਕਰਮ ਮਾੜੇ ਸੀਗੇ ਪਰ ਮੈਂ ਇਕ ਗੱਲ ਦੱਸਦਾ ਹਾਂ, ਮੈਂ ਸਿਰਫ ਐਨਾ ਹੀ ਪੁੰਨ ਕਰਿਆ ਸੀ ਜ਼ਿੰਦਗੀ ਦੇ ਅੰਦਰ, ਮਹਾਤਮਾ ਪਹੁੰਚੇ ਸਾਡੇ ਪਿੰਡ ਆਏ, ਭੀੜ ਜ਼ਿਆਦਾ ਹੋ ਗਈ ਤੇ ਮੈਂ ਅੱਗੇ ਹੋ ਕੇ ਉਨ੍ਹਾਂ ਨੂੰ ਰਸਤਾ ਦਿਵਾ ਦਿਤਾ। ਲੋਕਾਂ ਨੂੰ ਪਰ੍ਹੇ ਹਟਾ ਦਿਤਾ ਸੰਗਤਾਂ ਨੂੰ ਕਿ ਲੰਘ ਜਾਣ ਦਿਓ ਤੁਸੀਂ। ਕਹਿੰਦਾ, ਉਹਦਾ ਇਹ ਪੁੰਨ ਹੋਇਆ ਕਿ ਜਮਦੂਤ ਜਦੋਂ ਮੈਨੂੰ ਲੈਣ ਆਏ ਤਾਂ ਕਹਿੰਦੇ ਇਹਨੂੰ ਮਾਰਨਾ ਨਹੀਂ ਹੈ। ਉਹ ਕਹਿਣ ਲੱਗੇ ਕਿਉਂ ਨਹੀਂ ਮਾਰਨਾ? ਕਹਿੰਦੇ ਇਹਨੇ ਮਹਾਤਮਾ ਨੂੰ ਰਸਤਾ ਦਿਖਾ ਕੇ ਲੰਘਾਇਆ ਸੀਗਾ ਭੀੜ ਦੇ ਵਿਚੋਂ। ਕਹਿੰਦਾ, ਉਹਦਾ ਪੁੰਨ ਮੈਨੂੰ ਇਹ ਮਿਲਿਆ ਕਿ ਮੈਨੂੰ ਜਮਾਂ ਦੀ ਮਾਰ ਨਹੀਂ ਪਈ। ਕਿਉਂਕਿ ਮਹਾਰਾਜ ਕਹਿੰਦੇ ਨੇ ਇਹ ਗੱਲ–

ਜੇ ਕੋ ਜੀਉ ਕਹੈ ਓਨਾ ਕਉ
ਜਮ ਕੀ ਤਲਬ ਨ ਹੋਈ ॥ ਅੰਗ - ੧੩੨੮

ਜੇ ਕੋਈ ਮਹਾਂਪੁਰਸ਼ਾਂ ਨੂੰ ਕੇਵਲ ਆਦਰ ਤੇ ਸਤਿਕਾਰ ਨਾਲ ਜੀਅ ਕਹਿ ਕੇ ਵੀ ਬੁਲਾ ਲੈਂਦਾ ਹੈ ਤਾਂ ਕਹਿੰਦੇ ਜਮਦੂਤ ਨਹੀਂ ਉਹਨੂੰ ਕੁੱਟਦੇ। ਕਿੱਡਾ ਵੱਡਾ ਪੁੰਨ ਹੋ ਗਿਆ। ਸੋ ਐਸਾ ਹੀ ਪੁੰਨ ਜੋ ਹੈ ਨਾਮ ਦਾ ਹੈ –

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬

ਜਦੋਂ ਅਸੀਂ ਸੇਵਾ ਕਰਦੇ ਹਾਂ, ਕਹਿੰਦੇ ਉਹਦਾ ਪੁੰਨ ਦਰਗਾਹ ਦੇ ਵਿਚ ਇਹ ਮਿਲਦਾ ਹੈ ਕਿ ਥਾਂ ਮਿਲ ਜਾਂਦਾ ਹੈ। ਕੱਲ੍ਹ ਹੀ ਮੈਂ ਕਹਿ ਰਿਹਾ ਸੀ ਇਥੇ ਸੇਵਾ ਚੱਲ ਰਹੀ ਸੀ ਤੇ ਮੇਰੇ ਮਨ 'ਚ ਆਇਆ, ਹਿਸਾਬ-ਕਿਤਾਬ ਜਿਹਾ ਮੈਂ ਲਾ ਲੈਂਦਾ ਹੁੰਦਾ ਹਾਂ। ਮੈਂ ਕਿਹਾ ਕਿ 8 ਵਜੇ ਤੋਂ ਆਏ ਨੇ ਪ੍ਰੇਮੀ ਸਾਰੇ, ਬੀਬੀਆਂ ਆਈਆਂ ਨੇ, ਇਨ੍ਹਾਂ ਨੇ ਨਾ ਇਕ ਸਕਿੰਟ ਵਾਸਤੇ ਦਮ ਲਿਆ, ਨਾ ਇਹ ਠਹਿਰੀਆਂ ਨੇ ਤੇ ਨਾ ਹੀ ਇਨ੍ਹਾਂ ਦੀ ਚਾਲ ਮੱਠੀ ਪਈ, ਓਨੀਓਂ ਤੇਜ਼ੀ ਹੈ ਜਿੰਨੀ ਸਵੇਰ ਵੇਲੇ ਸੀ, ਓਸ ਵੇਲੇ ਦੋ ਵੱਜ ਗਏ ਸੀ। ਛੇ ਘੰਟੇ ਸੇਵਾ ਕਰਦਿਆਂ ਨੂੰ ਹੋ ਗਏ ਸੀ। ਛੋਟੀਆਂ-ਛੋਟੀਆਂ ਬੱਚੀਆਂ ਇਕ

ਵੀ ਨਾ ਥੱਕੀ ਮੈਂ ਹੈਰਾਨ ਹੋ ਰਿਹਾ ਸੀ ਤੇ ਮੈਂ ਅੰਦਾਜ਼ਾ ਲਾਇਆ ਕਿ ਛੇ ਘੰਟੇ 'ਚ ਐਵਰੇਜ ਜੇ ਆਹੀ ਮੰਨ ਲਓ ਕਿ ਦੋ ਕਿਲੋਮੀਟਰ ਇਹ ਇਕ ਘੰਟੇ 'ਚ ਤੁਰੀਆਂ ਨੇ, ਬੀਬੀਆਂ ਤੇ ਭਾਈ ਤੁਰੇ ਨੇ ਕਿ ਇਹ ਅੱਠ ਘੰਟਿਆਂ ਦੇ ਅੰਦਰ ਕਿੰਨਾ ਚੱਲ ਗਏ। ਛੇ ਘੰਟਿਆਂ ਦੇ ਅੰਦਰ 12 ਕਿਲੋਮੀਟਰ ਚੱਲ ਗਏ। ਸਿਰ ਦੇ ਉਤੇ ਵਜ਼ਨ ਲੈ-ਲੈ ਕੇ। ਸਹਿਜ ਦੇ ਵਿਚ ਸੇਵਾ ਹੋਈ ਹੈ, ਮੈਂ ਕਿਹਾ ਬੇਟਾ! ਥੱਕ ਤਾਂ ਨਹੀਂ ਗਈਆਂ। ਕਹਿੰਦੀਆਂ ਨਹੀਂ ਪਿਤਾ ਜੀ ਅਸੀਂ ਨਹੀਂ ਥੱਕੀਆਂ। ਮੈਂ ਕਿਹਾ ਅੱਜ 12 ਕਿਲੋਮੀਟਰ ਤੁਸੀਂ ਤੁਰੀਆਂ ਓਂ, ਗੁਰੂ ਦੀ ਸੇਵਾ ਦੇ ਵਿਚ ਵਜ਼ਨ ਚੁੱਕ-ਚੁੱਕ ਕੇ। ਤੁਹਾਡਾ ਘੱਟ ਤੋਂ ਘੱਟ ਵੀ ਮੈਂ ਅਨੁਮਾਨ ਲਾਵਾਂ, 12 ਲੱਖ ਕਿਲੋਮੀਟਰ ਤੁਹਾਡਾ ਦਰਗਾਹ ਦਾ ਰਸਤਾ ਸਾਫ ਹੋ ਗਿਆ। ਇਹ ਜੋ ਸੜਕ ਦੀ ਸੇਵਾ ਕਰੀ ਹੈ, ਪਤਾ ਨਹੀਂ ਕਿਹੜੇ ਬ੍ਰਹਮਗਿਆਨੀ ਦੇ ਚਰਨ ਇਥੇ ਪੈ ਜਾਣੇ ਨੇ ਤੇ ਜਿਨ੍ਹਾਂ ਨੇ ਸਿਰਾਂ ਤੇ ਚੁੱਕ ਕੇ ਪੱਥਰ ਪਾਏ ਨੇ, ਸੜਕਾਂ ਬਣਾਈਆਂ ਨੇ, ਮਿੱਟੀਆਂ ਢੋਈਆਂ ਨੇ, ਕਿੰਨੀ ਧੁੱਪ ਹੋਇਆ ਕਰਦੀ ਸੀ, ਉਨ੍ਹਾਂ ਦੇ ਪੁੰਨ ਕਿੰਨੇ ਹੋ ਗਏ ਹੋਣੇ ਨੇ। ਮੈਂ ਕਿਹਾ 12 ਕਰੋੜ ਮੀਲ ਤੋਂ ਜ਼ਿਆਦਾ ਤੁਹਾਡਾ ਰਸਤਾ ਉਸ ਸੜਕ ਨੇ ਸਾਫ ਕਰ ਦਿਤਾ। ਸੋ ਇਹ ਸੇਵਾ ਦਰਗਾਹ 'ਚ ਜਾ ਕੇ ਫਲਦੀ ਹੈ ਬੇਅੰਤ ਹੀ। ਉਥੇ ਥਾਂ ਮਿਲ ਜਾਇਆ ਕਰਦਾ ਹੈ। ਸੋ ਇਸੇ ਤਰ੍ਹਾਂ ਦੇ ਨਾਲ ਤੁਸੀਂ ਸਤਿਸੰਗ 'ਚ ਬੈਠੇ ਓਂ। ਇਕ ਬਹੁਤ ਵੱਡੇ ਯੱਗ ਦੇ ਵਿਚ ਬੈਠੇ ਓਂ। ਮਹਾਰਾਜ ਕਹਿੰਦੇ -

ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥
ਅੰਗ - ੫੪੬

ਸੋ ਓਸ ਗੁਰੂ ਦਾ, ਜੋ ਗੁਰੂ ਪ੍ਰਮੇਸ਼ਰ ਹੈ ਓਸ ਦਾ ਅਸੀਂ ਜਸ ਕਰ ਰਹੇ ਹਾਂ।

ਗੁਰੂ ਨਾਨਕ ਸੰਸਾਰ ਦਾ ਉਧਾਰ ਕਰਦੇ-ਕਰਦੇ ਅੱਜ ਆਪ ਏਮਨਾਬਾਦ ਦੇ ਵਿਚ ਭਾਈ ਲਾਲੋ ਦੇ ਪਾਸ ਰਹਿ ਰਹੇ ਨੇ। ਆਪ ਨੇ ਐਸੀ ਬਿਰਤੀ ਧਾਰਨ ਕਰ ਲਈ ਕਿ ਰੋੜਾਂ ਦੀ ਸੇਜ ਵਿਛਾ ਲਈ, ਉਹਦੇ ਉਤੇ ਬਹਿ ਜਾਇਆ ਕਰਦੇ ਨੇ ਜਾ ਕੇ। ਸਾਰਾ ਦਿਨ ਬੈਠੇ ਰਹਿੰਦੇ ਨੇ ਤੇ ਭਾਈ ਬਾਲਾ ਜੀ ਨੂੰ ਤਾਂ ਪਹਿਲਾਂ ਹੀ ਭੇਜ ਦਿਤਾ। ਭਾਈ ਮਰਦਾਨੇ ਨੂੰ ਕਿਹਾ ਕਿ ਤੂੰ ਤਲਵੰਡੀ ਜਾਇਆ ਆ। ਘਰਵਾਲਿਆਂ ਦੀ ਖਬਰ ਸਾਰ ਲੈ ਆ ਤੇ ਜਲਦੀ ਆ ਜਾਈਂ ਵਾਪਸ, ਫੇਰ ਆਪਾਂ ਅੱਗੇ ਜਾਣਾ ਹੈ। ਭਾਈ ਮਰਦਾਨਾ ਜੀ, ਭਾਈ ਬਾਲਾ ਜੀ ਤਲਵੰਡੀ ਆ ਜਾਂਦੇ ਨੇ ਤੇ ਮਹਿਤਾ ਕਾਲੂ ਜੀ ਨੂੰ ਪਤਾ ਲੱਗਿਆ ਕਿ ਗੁਰੂ ਨਾਨਕ ਦੇ ਪਾਸੋਂ ਆਏ ਨੇ। ਓਸ ਵੇਲੇ ਭਾਈ ਬਾਲਾ ਜੀ ਪਹਿਲਾਂ ਪਹੁੰਚੇ ਸੀ ਤੇ ਭਾਈ ਬਾਲਾ ਜੀ ਨੂੰ ਬੁਲਾਇਆ ਤੇ ਬੁਲਾ ਕੇ ਕਹਿਣ ਲੱਗੇ ਕਿ ਬਾਲਾ! ਤੈਨੂੰ ਨਾਨਕ ਦੇ ਨਾਲ ਭੇਜਿਆ ਸੀ, ਉਹ ਮੋਦੀਖਾਨੇ ਦੀ ਸੇਵਾ ਕਰਦੇ ਸੀ, ਤੂੰ ਉਨ੍ਹਾਂ ਦਾ ਹੱਥ ਵਟਾਉਂਦਾ ਸੀ, ਦੇਹ ਖਬਰ ਨਾਨਕ ਦੀ ਕੀ ਹਾਲ ਚਾਲ ਹੈ?

ਭਾਈ ਬਾਲਾ ਕਹਿਣ ਲੱਗਿਆ, ਮਹਿਤਾ ਜੀ ਗੁਰੂ ਨਾਨਕ ਦੀ ਮਹਿਮਾ ਤਾਂ ਕਥਨ ਤੋਂ ਬਾਹਰ ਹੈ। ਅਗਾਧ ਬੋਧ ਹੈ ਓਹਦੀ ਲੀਲਾ। ਓਹਦੀ ਕ੍ਰਿਆ ਅਗੰਮ ਹੈ, ਜਿਹੜੀ ਮੇਰੇ ਤੋਂ ਦੱਸੀ ਨਹੀਂ ਜਾਂਦੀ ਏਸ ਤਰ੍ਹਾਂ ਦੇ ਨਾਲ ਫੁਰਮਾਨ ਹੈ -

ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ। ਜਾਣਹੁ ਧਰਤੀ ਧਰਮੁ ਕੀ ਸਚੀ ਧਰਮਸਾਲਾ। ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮਾਲਾ। ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ। ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ। ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹਕਾਲਾ॥
ਭਾਈ ਗੁਰਦਾਸ ਜੀ, ਵਾਰ 34/1

ਤੁਸੀਂ ਨਾਨਕ ਜੀ ਦਾ ਹਾਲ ਪੁੱਛਦੇ ਓਂ, ਉਨ੍ਹਾਂ ਦਾ ਹਾਲ ਤਾਂ ਕਹਿਣ ਸੁਣਨ ਤੋਂ ਬਾਹਰ ਹੈ। ਕਹਿਣ ਲੱਗੇ, ਬਾਲਾ! ਅਣਜਾਣਾਂ ਵਾਲੀਆਂ ਗੱਲਾਂ ਨਾ ਮੇਰੇ ਨਾਲ ਕਰ, ਮੈਂ ਤੇਰੇ ਤੋਂ ਪੁੱਛਦਾ ਹਾਂ ਕਿ ਨਾਨਕ ਦਾ ਕੀ ਹਾਲ ਹੈ? ਤੂੰ ਮੈਨੂੰ ਹੋਰ ਹੀ ਕਹਾਣੀਆਂ ਪਾਉਣ ਲੱਗ ਗਿਆ। ਬਾਲੇ ਨੇ ਕਿਹਾ ਜੀ ਉਹ ਤਾਂ ਕੁਲਾਂ ਤਾਰਨ ਆਇਆ ਹੋਇਆ ਹੈ। ਕਹਿੰਦਾ, ਮੂਰਖ ਜੱਟ ਗੱਲ ਤੇ ਆਉਂਦਾ ਹੀ ਨਹੀਂ ਹੈ। ਬਾਲੇ ਨੇ ਕਿਹਾ ਕਿ ਜੇ ਤੂੰ ਪੁੱਛਣਾ ਹੀ ਹੈ ਤਾਂ ਆਪਣੀ ਲੜਕੀ ਤੇ ਜਵਾਈ ਨੂੰ ਪੁੱਛ ਲੈ ਮੇਰੇ ਨਾਲ ਕਿਉਂ ਖਹਿਬੜਦੈਂ? ਮੈਂ ਕੁੱਛ ਦਿਤਾ ਹੈ, ਮੈਂ ਤਾਂ ਗੁਰੂ ਨਾਨਕ ਦੇ ਨਾਲ ਹਾਂ, ਮੈਂ ਆਪਣੀ ਖੇਤੀ ਬਾੜੀ ਵੀ ਛੱਡੀ ਹੋਈ ਹੈ। ਕਿੰਨੇ ਸਾਲ ਤੋਂ ਮੈਂ ਉਥੇ ਰਹਿ ਰਿਹਾ ਹਾਂ, ਸੇਵਾ ਕਰ ਰਿਹਾ ਹਾਂ ਤੇ ਤੂੰ ਮੈਨੂੰ ਉਲਟਾ ਤਾੜਨ ਲਗ ਗਿਆ। ਐਨਾ ਕਹਿ ਕੇ ਬਾਲਾ ਜੀ ਤਾਂ ਚੁੱਪ ਕਰਕੇ ਆਪਣੇ ਘਰ ਚਲੇ ਗਏ ਤੇ ਇਹ ਆਪਣੇ ਘਰ ਚਲਿਆ ਗਿਆ। ਥੋੜ੍ਹੇ ਦਿਨਾਂ ਤੋਂ ਬਾਅਦ, ਕੁਝ ਸਮਾਂ ਲੰਘਣ ਤੋਂ ਬਾਅਦ, ਭਾਈ ਮਰਦਾਨਾ ਗੁਰੂ ਮਹਾਰਾਜ ਨੇ ਭੇਜਿਆ ਕਿ ਭਾਈ ਮਰਦਾਨਾ ਤੂੰ ਜਾਹ। ਤੇਰੇ ਨਾਲ ਮਹਿਤਾ ਜੀ ਲੜਨਗੇ, ਗੁੱਸੇ ਨਾ ਹੋਈਂ। ਸਹੀ-ਸਹੀ ਗੱਲ ਦੱਸ ਦੇਈਂ ਜੋ ਹੋਈ ਹੈ ਕਿਉਂਕਿ ਉਹਦਾ ਸੁਭਾਅ ਲੜਾਈ ਦਾ ਹੀ ਹੈ, ਬਚਪਨ ਤੋਂ ਹੀ ਗੱਲ ਸਮਝਦੇ ਨਹੀਂ ਹਨ, ਤੇਜ਼ ਹੋ ਜਾਂਦੇ ਨੇ, ਬਹੁਤ ਉਲਟੀਆਂ ਪੁਲਟੀਆਂ ਗੱਲਾਂ ਕਹਿਣੀਆਂ ਸ਼ੁਰੂ ਕਰ ਦਿੰਦੇ ਨੇ। ਸੁਣਨਗੇ ਦੱਸ ਦੇਈਂ ਨਹੀਂ ਸੁਣਨਗੇ ਚੁੱਪ ਕਰ ਜਾਈਂ।

ਸੋ ਭਾਈ ਮਰਦਾਨੇ ਦਾ ਜਦੋਂ ਪਤਾ ਲੱਗਿਆ ਤਾਂ ਉਹਨੇ ਕੁਦਰਤੀ ਜਾਣਾ ਹੀ ਸੀ। ਜਾ ਕੇ ਦੁਆ ਸਲਾਮ ਕਰੀ, ਨਮਸਕਾਰ ਕਰੀ। ਪੁੱਛਿਆ ਮਹਿਤਾ ਜੀ ਨੇ ਕਿ ਨਾਨਕ ਜੀ ਦਾ ਕੀ ਹਾਲ ਹੈ? ਉਹ ਕਹਿੰਦਾ, ਮਹਿਤਾ ਜੀ! ਉਹ ਤਾਂ ਅੱਲਾ ਦੀ ਜਾਤ ਆਈ ਹੋਈ ਹੈ। ਉਹ ਸੰਸਾਰ ਦਾ ਉਧਾਰ ਕਰਨ ਵਾਲਾ ਆਪ ਅੱਲਾਹ ਮਨੁੱਖ ਆਇਆ ਹੈ। ਕਹਿੰਦਾ, ਮੈਂ ਤੈਨੂੰ ਹਾਲ ਪੁੱਛਦਾ ਹਾਂ ਤੂੰ ਹੋਰ ਹੀ ਗੱਲਾਂ ਕਰਨ ਲੱਗ ਗਿਆ? ਪਹਿਲਾਂ ਬਾਲੇ ਨੂੰ ਪੁਛਿਆ ਉਹ ਵੀ ਆਹੀ ਗੱਲਾਂ ਸੁਣਾ ਕੇ ਗਿਆ। ਮਰਦਾਨੇ ਨੇ ਕਿਹਾ ਕਿ ਤੁਸੀਂ ਮੰਨੋ ਚਾਹੇ ਨਾ ਮੰਨੋ ਜੋ ਕੁਛ ਗੁਰੂ ਨਾਨਕ ਨੇ ਅਸੀਂ ਕਹਿ ਨਹੀਂ ਸਕਦੇ। ਸਾਡੀ ਸਮਝ ਤਾਂ ਇਕ ਪਾਸੇ, ਫਰਿਸ਼ਤਿਆਂ ਦੀ ਸਮਝ 'ਚ ਨਹੀਂ ਆ ਰਹੇ ਉਹ। ਮੈਂ ਤੈਨੂੰ ਇਕੋ ਗੱਲ ਮੁਕਾ ਦਿਤੀ ਕਿ ਉਹ ਤਾਂ ਆਪ ਸਾਖਸ਼ਾਤ ਮਨੁੱਖ ਜਾਮੇ 'ਚ ਪ੍ਰਮੇਸ਼ਰ ਪ੍ਰਗਟ ਹੋਏ। ਉਨ੍ਹਾਂ ਨੇ ਕੌਤਕ ਨਿਰਾਲੇ ਨੇ ਸਾਰੇ। ਗੁੱਸੇ ਹੋ ਗਏ

ਮਹਿਤਾ ਕਾਲੂ ਜੀ। ਕਹਿਣ ਲੱਗੇ ਕਿ ਉਹ ਤਾਂ ਵਿਗੜਿਆ ਹੀ ਹੈ, ਇਹ ਵੀ ਨਾਲ ਹੀ ਵਿਗੜ ਗਏ। ਮੈਨੂੰ ਆ ਕੇ ਕਹਿੰਦੇ ਨੇ ਕੁਲਾਂ ਦੇ ਤਾਰਨ ਆਇਆ ਹੈ, ਐਂ ਨਹੀਂ ਕਹਿੰਦੇ ਕਿ ਪੈਸਾ ਕਮਾ ਕੇ ਦਏਗਾ। ਕਹਿੰਦਾ, ਪੈਸਾ ਕੋਈ ਕਮਾਇਆ ਹੈ ਉਸਨੇ? ਭਾਈ ਮਰਦਾਨੇ ਨੇ ਕਿਹਾ ਕਿ ਪੈਸਾ, ਪੈਸਾ ਤਾਂ ਉਹਦੇ ਅੱਗੇ ਪਿਛੇ ਘੁੰਮਦਾ ਹੈ। ਉਹ ਤਾਂ ਸਾਰੀ ਦੁਨੀਆਂ ਨੂੰ ਰਿਜਕ ਦੇ ਰਿਹਾ ਹੈ। ਸਾਰੀ ਦੁਨੀਆਂ ਦਾ ਰਾਜ਼ਕ ਹੈ, ਮਹਿਤਾ ਜੀ ਤੁਸੀਂ ਸਮਝੋ ਪੁੱਤਰ ਕਰਕੇ ਨਾ ਜਾਣੋ, ਨਰਾਜ਼ ਹੋ ਗਿਆ, ਉਸ ਤੋਂ ਬਾਅਦ ਰਾਏ ਬੁਲਾਰ ਜੀ ਨੂੰ ਪਤਾ ਲੱਗਿਆ ਕਿ ਮਰਦਾਨਾ ਤੇ ਭਾਈ ਬਾਲਾ ਆਏ ਹੋਏ ਨੇ। ਮਨ ਵਿਚ ਬੜਾ ਹੀ ਚਾਓ ਜਾਗਿਆ ਕਿਉਂਕਿ ਸਭ ਤੋਂ ਜ਼ਿਆਦਾ ਜੇ ਪਿਆਰ ਗੁਰੂ ਨਾਨਕ ਪਾਤਸ਼ਾਹ ਨੂੰ ਕੀਤਾ ਹੈ ਉਹ ਦੋ ਜਣਿਆ ਨੇ ਕੀਤਾ ਹੈ ਜਿਨ੍ਹਾਂ ਨੇ ਸਹੀ ਸਮਝਿਆ ਗੁਰੂ ਨਾਨਕ ਨੂੰ। ਪਹਿਲੀ ਹੈ ਬੇਬੇ ਨਾਨਕੀ, ਉਹਨੂੰ ਜਨਮ ਤੋਂ ਗਿਆਨ ਸੀ ਕਿ ਮੇਰਾ ਵੀਰ ਪਾਰਬ੍ਰਹਮ ਪ੍ਰਮੇਸ਼ਰ ਸੰਸਾਰ ਦਾ ਉਧਾਰ ਕਰਨ ਆਇਆ ਹੈ, ਉਹਦੇ ਵਿਚ ਅੰਦਰ ਐਨੀ ਸ਼ਕਤੀ ਸੀ ਸਭ ਕੁਛ ਜਾਣਦੀ ਸੀ ਲੇਕਿਨ ਉਤੋਂ ਚੁੱਪ ਸੀ, ਇਸੇ ਕਰਕੇ ਜਦੋਂ ਰੌਲਾ ਪਿਆ ਕਿ ਵੇਈਂ 'ਚ ਡੁੱਬ ਗਏ ਗੁਰੂ ਨਾਨਕ। ਤਾਂ ਕਹਿਣ ਲੱਗੀ ਕਿ ਮੇਰਾ ਵੀਰ ਵੇਈਂ ਵਿਚ ਡੁਬੇਗਾ? ਉਹ ਤਾਂ ਸਾਰੇ ਡੁੱਬੇ ਹੋਏ ਸੰਸਾਰ ਨੂੰ ਤਾਰਨ 'ਚ ਸਮਰੱਥ ਹੈ। ਤੁਸੀਂ ਕਿਹੜੀਆਂ ਕੱਚੀਆਂ ਗੱਲਾਂ ਕਰਦੇ ਓਂ। ਸਭ ਰੋਂਦੇ ਸੀ ਕੇਵਲ ਬੇਬੇ ਨਾਨਕੀ ਨਹੀਂ ਸੀ ਰੋਈ। ਸਭ ਨੂੰ ਹੌਂਸਲਾ ਤੇ ਧੀਰਜ ਦਿੰਦੀ ਸੀ। ਦੂਸਰਾ ਸੀ ਰਾਇ ਬੁਲਾਰ। ਰਾਇ ਬੁਲਾਰ ਨੇ ਗੁਰੂ ਨਾਨਕ ਨੂੰ ਬਚਪਨ 'ਚੋਂ ਹੀ ਪਛਾਣ ਲਿਆ ਸੀ, ਓਸ ਵੇਲੇ ਤੋਂ ਹੀ ਬੜੀ ਭਾਰੀ ਸ਼ਰਧਾ ਉਹਦੇ ਮਨ ਵਿਚ ਪੈਦਾ ਹੋਈ, ਉਸ ਨੇ ਬੜੀ ਵਾਰੀ ਮਹਿਤਾ ਕਾਲੂ ਨੂੰ ਕਿਹਾ ਕਿ ਤੂੰ ਐਵੇਂ ਹੀ ਕਲੇਸ ਕਰਦਾ ਆਪਣੇ ਬੱਚੇ ਦੀ ਮਹਿਮਾ ਨੂੰ ਸਮਝ। ਕਿੰਨੇ ਤੈਨੂੰ ਪੈਸੇ ਚਾਹੀਦੇ ਨੇ ਮੇਰੇ ਤੋਂ ਲੈ ਜਾਇਆ ਕਰ। ਗੁਰੂ ਨਾਨਕ ਨੂੰ ਤੰਗ ਨਾ ਕਰ। ਇਹ ਤਾਂ ਅੱਲਾਹ ਦੀ ਜ਼ਾਤ ਹੈ, ਮੇਰਾ ਮੁਰਸ਼ਦ ਹੈ। ਜਿਵੇਂ ਪੀਰ ਤੇ ਮੁਰਸ਼ਦ ਦਾ ਪਿਆਰ ਹੁੰਦਾ, ਮੁਰੀਦ ਦਾ ਪਿਆਰ ਹੁੰਦਾ ਹੈ ਐਨਾ ਪਿਆਰ ਇਹਦੇ ਹਿਰਦੇ 'ਚ ਸੀ, ਭੇਜ ਤਾਂ ਦਿਤਾ ਇਹਨੇ ਸੁਲਤਾਨਪੁਰ ਪਰ ਕੋਈ ਦਿਨ ਨਹੀਂ ਸੀ ਜਾਂਦਾ ਕਿ ਜਿਸ ਦਿਨ ਇਹ ਗੁਰੂ ਨਾਨਕ ਯਾਦ ਕਰਕੇ ਅੱਖਾਂ 'ਚੋਂ ਹੰਝੂ ਨਹੀਂ ਸੀ ਸਿੱਟਿਆ ਕਰਦਾ, ਮਨ ਵਿਚ ਬੜੀ ਖਿੱਚ ਰਹਿੰਦੀ ਸੀ। ਹਰ ਵਕਤ ਲੋਚਦਾ ਸੀ ਕਿ ਗੁਰੂ ਨਾਨਕ ਆਵੇ ਤੇ ਮੈਨੂੰ ਦੀਦਾਰ ਦੇਵੇ।

ਅੱਜ ਜਦੋਂ ਪਤਾ ਲੱਗਿਆ ਕਿ ਭਾਈ ਮਰਦਾਨਾ ਆਏ ਨੇ ਤੇ ਭਾਈ ਬਾਲਾ ਜੀ ਵੀ ਆਏ ਹੋਏ ਨੇ। ਕਹਿਣ ਲੱਗੇ, ਭਾਈ ਮਰਦਾਨੇ ਨੂੰ ਬੁਲਾਓ ਭਾਈ। ਬਾਲਾ ਜੀ ਨੂੰ ਬੁਲਾਓ। ਦੋਹਾਂ ਨੂੰ ਬੁਲਾਇਆ, ਕਹਿਣ ਲੱਗੇ ਤੁਸੀਂ ਮੈਨੂੰ ਖਬਰ ਦਿਓ ਮੇਰੇ ਪਿਆਰੇ ਗੁਰੂ ਨਾਨਕ ਪਾਤਸ਼ਾਹ ਕਿਸ ਹਾਲ 'ਚ ਨੇ ਕਿੱਥੇ ਛੱਡ ਕੇ ਆਏ ਓਂ ਤੁਸੀਂ। ਕਹਿਣ ਲੱਗੇ, ਰਾਇ ਬੁਲਾਰ ਜੀ! ਗੁਰੂ ਨਾਨਕ ਪਾਤਸ਼ਾਹ ਜਦੋਂ ਤੁਹਾਡੇ ਪਾਸੋਂ ਗਏ ਨੇ, ਉਨ੍ਹਾਂ ਨੇ ਜਾ ਕੇ ਜਦੋਂ ਨਵਾਬ ਨਾਲ ਮੁਲਾਕਾਤ ਕੀਤੀ, ਦੌਲਤ ਖਾਂ ਲੋਧੀ ਨਾ। ਦੌਲਤ ਖਾਂ ਲੋਧੀ ਨੇ ਇਕ ਗੱਲ ਕਹੀ ਕਿ ਐਸਾ ਜ਼ਹੀਨ ਮੈਂ ਨਹੀਂ ਕੋਈ ਬੰਦਾ ਦੇਖਿਆ। ਇਹ ਬੰਦਾ ਨਹੀਂ ਹੈ ਤਾਂ ਕੋਈ super ਚੀਜ਼ ਹੈ। ਐਨਾ ਜ਼ਹੀਨ, ਇਹ ਤਾਂ ਮੇਰਾ ਪਰਾਈਮ ਮਨਿਸਟਰ ਬਣਨ ਦੇ ਕਾਬਿਲ ਹੈ।

ਗੁਰੂ ਨਾਨਕ ਨੂੰ ਕਿਹਾ ਕਿ ਮੈਂ ਤੈਨੂੰ ਸਭ ਤੋਂ ਵੱਡਾ ਵਜ਼ੀਰ ਬਣਾਉਣਾ ਚਾਹੁੰਦਾ ਹਾਂ, ਮਹਾਰਾਜ ਕਹਿੰਦੇ ਨਹੀਂ ਅਸੀਂ ਸੇਵਾ ਕਰਨ ਵਾਲਾ ਕੰਮ ਲੈਣਾ ਹੈ। ਸੋ ਉਸ ਵੇਲੇ ਅੱਠ ਵਜ਼ੀਰ ਹੋਇਆ ਕਰਦੇ ਸੀ, ਜਿਹਦੇ ਵਿਚੋਂ ਮੋਦੀ ਇਕ ਵਜ਼ੀਰ ਹੋਇਆ ਕਰਦਾ ਸੀ, ਜਿਹੜਾ ਹਰ ਥਾਂ ਦੇ ਉਤੇ ਰਾਸ਼ਨ ਪਹੁੰਚਾਉਂਦਾ ਸੀ। ਖਾਨਾ-ਏ-ਖਾਨਾ ਹੋਇਆ ਕਰਦਾ ਸੀ ਹੋਮ ਮਨਿਸਟਰ, ਵਜ਼ੀਰ-ਏ-ਆਜ਼ਮ ਹੋਇਆ ਕਰਦਾ ਸੀ, ਜਿਹਨੂੰ ਪਰਾਇਮ ਮਨਿਸਟਰ ਅੱਜਕਲ੍ਹ ਕਹਿੰਦੇ ਨੇ। ਦੀਵਾਨ ਹੋਇਆ ਕਰਦਾ ਸੀ, ਜਿਹੜਾ ਫਾਇਨੈਂਸ ਮਨਿਸਟਰ ਹੁੰਦਾ, ਬਖਸ਼ੀ ਹੋਇਆ ਕਰਦਾ ਸੀ ਫੌਜਾਂ ਦਾ ਮਨਿਸਟਰ। ਸੋ ਇਸ ਤਰ੍ਹਾਂ ਕਹਿਣ ਲੱਗੇ ਕਿ ਬਹੁਤ ਅਹੁਦੇ ਵਾਲੀ ਜਗ੍ਹਾ ਮਿਲੀ। ਲੇਕਿਨ ਗੁਰੂ ਨਾਨਕ ਪਾਤਸ਼ਾਹ ਆਪ ਆ ਕੇ ਹੱਥੀਂ ਕੰਮ ਕਰਦੇ ਰਹਿੰਦੇ। ਬੜੀ ਮਾਨਤਾ ਹੋਈ ਬਹੁਤ ਬੰਦੇ ਆਉਣੇ ਸ਼ੁਰੂ ਹੋ ਗਏ, ਸਾਧੂ ਮਹਾਤਮਾ, ਪੀਰ ਫਕੀਰ ਜਿੰਨੇ ਸੀ ਖੁਸ਼ ਹੋ ਗਏ। ਸਭ ਨੂੰ ਰਾਸ਼ਨ, ਸਭ ਡੇਰਿਆਂ 'ਚ ਰਾਸ਼ਨ, ਸਭ ਮੁਕਾਮਾਂ ਤੇ ਰਾਸ਼ਨ, ਸਭ ਟਿਕਾਣਿਆਂ ਤੇ ਰਾਸ਼ਨ ਸਹੀ ਜਾਣ ਲੱਗ ਗਿਆ ਤੇ ਬੜੀ ਭਾਰੀ ਖੁਸ਼ੀ ਫੈਲ ਗਈ ਸਾਰਿਆਂ ਦੇ ਅੰਦਰ ਕਿ ਐਸਾ ਰੱਬ ਵਰਗਾ ਅਸੀਂ ਦੇਖਿਆ ਨਹੀਂ ਤੇ ਕਹਿਣ ਲੱਗੇ ਰਾਇ ਜੀ! ਕਦੇ ਘਾਟਾ ਨਹੀਂ ਸੀ ਪੈਂਦਾ।

ਅਖੀਰ ਗੁਰੂ ਨਾਨਕ ਪਾਤਸ਼ਾਹ ਪ੍ਰਮੇਸ਼ਰ ਦੇ ਹੁਕਮ ਦੇ ਵਿਚ ਵੇਈਂ ਨਦੀ 'ਚ ਚੁੱਭੀ ਮਾਰੀ ਤੇ ਤਿੰਨ ਦਿਨ ਰੌਲਾ ਪੈ ਗਿਆ, ਗੁਰੂ ਨਾਨਕ ਡੁੱਬ ਗਿਆ, ਗੁਰੂ ਨਾਨਕ ਡੁੱਬ ਗਿਆ। ਬੇਬੇ ਨਾਨਕੀ ਨੇ ਕਿਹਾ ਕਿ ਨਹੀਂ, ਮੇਰਾ ਵੀਰ ਡੁੱਬਿਆ ਨਹੀਂ ਇਹ ਤਾਂ ਕੌਤਕ ਹੈ ਉਹਦਾ, ਉਹ ਤਾਂ ਸੰਸਾਰ ਨੂੰ ਤਾਰਨ ਵਾਲਾ ਹੈ ਉਹਨੇ ਕੀ ਡੁੱਬਣਾ ਹੈ। ਉਹ ਤਾਂ ਡੁੱਬਿਆਂ ਨੂੰ ਕੱਢ ਲੈਂਦਾ ਹੈ। ਸੋ ਉਸ ਵੇਲੇ ਜਦੋਂ ਤਿੰਨ ਦਿਨ ਲੰਘ ਗਏ, ਨਵਾਬ ਜਾਲ ਪੁਆਉਂਦਾ ਹੈ, ਜਿਧਰਲੇ ਪਾਸੇ ਨੂੰ ਪਾਣੀ ਜਾ ਰਿਹਾ ਹੈ ਤੇ ਗੁਰੂ ਨਾਨਕ ਉਪਰਲੇ ਪਾਸੇ ਜਾ ਕੇ ਸ਼ਮਸ਼ਾਨ ਭੂਮੀ 'ਚ ਨਿਕਲ ਗਏ, ਇਕੋ ਗੱਲ ਕਹਿ ਰਹੇ ਨੇ ਕਿ 'ਨਾ ਕੋਈ ਹਿੰਦੂ ਨਾ ਮੁਸਲਮਾਨ' ਜਾਂ ਬੋਲਦੇ ਹੀ ਨਹੀਂ ਸਮਾਧੀ ਲਾਈ ਬੈਠੇ ਨੇ। ਅਖੀਰ ਸ਼ੱਕ ਹੋਇਆ ਕਿ ਕਿਸੇ ਭੂਤ ਨੇ ਫੜ ਲਏ, ਮੁਲਾਂ ਭੇਜਿਆ ਗਿਆ ਉਹਨੇ ਬੇਅੰਤ ਮੰਤਰ ਕੀਤੇ। ਬੜਾ ਕਹਿੰਦਾ ਰਿਹਾ ਕਿ ਮੈਂ ਤੈਨੂੰ ਕੱਢ ਕੇ ਛੱਡਾਂਗਾ। ਕਹਿੰਦਾ, ਭੂਤ ਬੜਾ ਸਖਤ ਹੈ, ਬੋਲਦਾ ਨਹੀਂ, ਬੁਲਾ ਕੇ ਛੱਡਾਂਗਾ। ਉਹਨੇ ਇਕ ਬੱਤੀ ਬੜੀਆਂ ਹੀ ਭੈੜੀਆਂ ਦਵਾਈਆਂ ਦੀ ਹੁੰਦੀਆਂ ਹੈ ਬਦਬੂਦਾਰ, ਉਹਨੂੰ ਅੱਗ ਲਾ ਕੇ ਧੂੰਆਂ ਜਿਹੜਾ ਸੀ ਉਹ ਗੁਰੂ ਨਾਨਕ ਪਾਤਸ਼ਾਹ ਨੱਕ ਦੇ ਵਿਚ ਦੇਣਾ ਸ਼ੁਰੂ ਕਰ ਦਿਤਾ। ਮਹਾਰਾਜ ਜੀ ਨੇ ਨੇਤਰ ਖੋਲ੍ਹੇ ਤੇ ਬਚਨ ਕੀਤੇ ਥੋੜ੍ਹੇ ਜਿਹੇ। ਉਹਦੇ ਨਾਲ ਮੁੱਲਾ ਸਿਜਦੇ 'ਚ ਆ ਗਿਆ ਰਾਇ ਸਾਹਿਬ! ਤੇ ਮੁਰੀਦ ਬਣ ਕੇ ਗਿਆ ਤੇ ਜਾ ਕੇ ਉਸਨੇ ਕਿਹਾ ਕਿ ਗੁਰੂ ਨਾਨਕ ਤਾਂ ਕੋਈ ਉਹਨੂੰ

ਭੂਤ ਪ੍ਰੇਤ ਨਹੀਂ, ਉਹ ਤਾਂ ਪ੍ਰਮੇਸ਼ਰ ਨਾਲ, ਅੱਲਾਹ ਤਾਲਾ ਨਾਲ ਜੁੜੇ ਹੋਏ ਨੇ। ਮੁਰੱਕਬੇ 'ਚ ਨੇ ਸਮਾਧੀ ਦੇ ਵਿਚ। ਤਾਂ ਉਸ ਵੇਲੇ ਨਵਾਬ ਨੂੰ ਸ਼ਿਕਾਇਤਾਂ ਕੀਤੀਆਂ ਕਿ ਮਹਾਰਾਜ ਘਾਟਾ ਪਾ ਕੇ ਜਾ ਕੇ ਪਾਖੰਡ ਕਰਿਆ ਹੈ। ਨਵਾਬ ਨੇ ਕਮੇਟੀ ਬਿਠਾ ਦਿਤੀ ਤੇ ਗੁਰੂ ਨਾਨਕ ਦਾ ਕਿੰਨਾ ਪੈਸਾ ਨਿਕਲਿਆ, 762 ਰੁਪਿਆ ਨਿਕਲਿਆ। ਓਸ ਵੇਲੇ ਜਦ ਇਕ ਰੁਪਈਏ ਦੇ ਚਾਰ ਕੁਇੰਟਲ ਛੋਲੇ ਆਇਆ ਕਰਦੇ ਸੀ ਤੇ ਹੁਣ ਦਾ ਜੇ ਰੁਪਈਏ ਦਾ, 1940-38-33 ਦਾ ਵੀ ਇਹ ਸੌ ਗੁਣਾਂ ਵੱਧ ਹੋ ਗਿਆ। ਮਤਲਬ 76000 ਰੁਪਿਆ ਉਨ੍ਹਾਂ ਦਾ ਵਾਧਾ ਨਿਕਲਿਆ। ਗੁਰੂ ਨਾਨਕ ਨੂੰ ਪੁਛਿਆ ਕਿ ਕੀ ਕਰੀਏ? ਉਨ੍ਹਾਂ ਨੇ ਕਿਹਾ ਕਿ ਸਾਧੂ ਸੰਤਾਂ ਨੂੰ ਵੰਡ ਦਿਓ, ਮੈਨੂੰ ਤਾਂ ਪੈਸੇ ਦੀ ਲੋੜ ਨਹੀਂ। ਓਸ ਵੇਲੇ ਸਹੁਰੇ ਪਿਤਾ ਮੂਲਾ ਜੀ ਆ ਗਿਆ, ਮੂਲੇ ਜੀ ਨੇ ਆ ਕੇ ਰੌਲਾ ਪਾਇਆ, ਮੁਕੱਦਮਾ ਕਰ ਦਿਤਾ ਕਿ ਏਸ ਪੈਸੇ ਦੇ ਉਤੇ ਗੁਰੂ ਨਾਨਕ ਦੇ ਬੱਚਿਆਂ ਦਾ ਹੱਕ ਹੈ। ਇਹ ਸਾਧੂ ਸੰਤਾਂ ਨੂੰ ਨਹੀਂ ਵੰਡਣੇ ਚਾਹੀਦੇ। ਨਵਾਬ ਨੇ ਆਪਣੇ ਵਲੋਂ ਫੈਸਲਾ ਕਰ ਦਿਤਾ ਕਿ ਅੱਧਾ ਬੱਚਿਆਂ ਨੂੰ ਦੇ ਦਿਓ, ਅੱਧਾ ਸਾਧੂਆਂ ਨੂੰ ਦੇ ਦਿਓ। ਉਹ ਕਹਿਣ ਲੱਗੇ ਰਾਇ ਸਾਹਿਬ! ਏਸ ਤੋਂ ਬਾਅਦ ਗੁਰੂ ਨਾਨਕ ਪਾਤਸ਼ਾਹ ਟਿਕੇ ਨਹੀਂ ਹੈਗੇ ਤੇ ਉਥੋਂ ਭਾਈ ਬਾਲਾ ਕਹਿੰਦਾ ਮੈਂ ਤਾਂ ਆ ਗਿਆ। ਹੁਣ ਇਸ ਤੋਂ ਅੱਗੇ ਭਾਈ ਮਰਦਾਨੇ ਨੂੰ ਪਤਾ ਹੈ। ਮਰਦਾਨਾ ਕਹਿਣ ਲੱਗਿਆ ਕਿ ਨਵਾਬ ਸਾਹਿਬ! ਸਾਧੂਆਂ ਦਾ ਵੇਸ ਧਾਰ ਲਿਆ, ਫਕੀਰਾਂ ਵਾਲਾ ਗੁਰੂ ਨਾਨਕ ਨੇ। ਸਭ ਕੱਪੜੇ ਲੀੜੇ ਲਾਹ ਦਿਤੇ। ਦੋ ਚਾਦਰਾਂ ਲੈ ਲਈਆਂ ਦੋ ਪਟ ਦੀਆਂ ਤੇ ਇਕ ਦਸਤਾਰ ਸਿਰ ਤੇ ਛੋਟਾ ਪਰਨਾ ਬੰਨ੍ਹ ਲਿਆ, ਇਕ ਤੇੜ ਪਾ ਲਿਆ ਤੇ ਗਿਲਟੀ ਮਾਰ ਕੇ ਬੜਾ ਸਾਦਾ ਜਿਹਾ ਰੂਪ ਬਣਾ ਕੇ ਆਪ ਚੱਲ ਪਏ ਤੇ ਚਲਦੇ-ਚਲਦੇ ਭਾਈ ਲਾਲੋ ਕੋਲ ਏਮਨਾਬਾਦ ਪਹੁੰਚ ਗਏ। ਮੈਂ ਵੀ ਉਥੇ ਰਿਹਾ, ਕਾਫੀ ਸਾਨੂੰ ਤਕਲੀਫ ਰਹੀ ਤੇ ਗੁਰੂ ਨਾਨਕ ਪਾਤਸ਼ਾਹ ਇਕ ਥਾਂ ਰੋੜੀ ਸਾਹਿਬ ਬੈਠੇ ਰਹਿੰਦੇ ਸੀ, ਭਾਈ ਲਾਲੋ ਦੇ ਕੋਲ ਬੜੀ ਸ਼ਿਕਾਇਤ ਹੋਈ ਕਿ ਇਹ ਡੂੰਮ ਨੂੰ ਨਾਲ ਲਈ ਫਿਰਦਾ ਹੈ, ਗੁਰੂ ਨਾਨਕ ਦੀ ਬੜੀ ਨਿੰਦਿਆ ਹੋਈ ਉਥੇ। ਉਸ ਤੋਂ ਬਾਅਦ ਮਲਕ ਭਾਗੋ ਨੇ ਉਨ੍ਹਾਂ ਨੂੰ ਬੁਲਾਇਆ ਕਿ ਮੇਰੇ ਯੱਗ ਦੇ ਵਿਚ ਸ਼ਾਮਲ ਹੋਵੋ ਤੇ ਉਥੇ ਗੁਰੂ ਨਾਨਕ ਪਾਤਸ਼ਾਹ ਜਦੋਂ ਗਏ, ਉਹ ਕਹਿਣ ਲੱਗਿਆ ਕਿ ਪ੍ਰਸ਼ਾਦਾ ਛਕਾਉਣਾ ਹੈ ਅਸੀਂ ਤੁਹਾਨੂੰ। ਮਹਾਰਾਜ ਕਹਿੰਦੇ ਜੇ ਲੋੜ ਨਾ ਹੋਵੇ ਜ਼ਬਰਦਸਤੀ ਛਕਾਉਣਾ ਹੈ? ਕਹਿਣ ਲੱਗਿਆ, ਇਸ ਤਰ੍ਹਾਂ ਦੇ ਕੌਤਕ ਕੀਤੇ, ਇਸ ਤੋਂ ਪਹਿਲਾਂ ਨਵਾਬ ਐਨਾ ਕਾਇਲ ਹੋਇਆ ਦੌਲਤ ਖਾਂ ਕਿ ਗੁਰੂ ਨਾਨਕ ਨੂੰ ਲੈ ਕੇ ਨਮਾਜ਼ ਪੜ੍ਹਨ ਚਲਿਆ ਗਿਆ। ਗੁਰੂ ਨਾਨਕ ਨੇ ਉਨ੍ਹਾਂ ਨੂੰ ਦੱਸ ਦਿਤਾ ਕਿ ਨਵਾਬ ਸਾਹਿਬ! ਨਮਾਜ਼ ਐਉਂ ਨਹੀਂ ਪੜ੍ਹੀਦੀ, ਚਾਹੇ ਪੂਜਾ ਕਰ ਲਓ, ਚਾਹੇ ਨਮਾਜ਼ ਪੜ੍ਹ ਲਓ, ਚਾਹੇ ਕੁੱਛ ਹੋਰ ਕਰ ਲਓ, ਜਦੋਂ ਤੱਕ ਤੁਹਾਡਾ ਮਨ ਸਾਥ ਨਹੀਂ ਦਿੰਦਾ, ਚਿੱਤ ਸਾਥ ਨਹੀਂ ਦਿੰਦਾ, ਕੋਈ ਲਾਭ ਨਹੀਂ ਹੋਇਆ ਕਰਦਾ। ਓਸ ਥਾਂ ਤੇ ਗੁਰੂ ਨਾਨਕ ਨੇ ਜੋ ਉਨ੍ਹਾਂ ਨੂੰ ਉਪਦੇਸ਼ ਦਿਤਾ-

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥
ਸਾਵਧਾਨ ਏਕਾਗਰ ਚੀਤ ॥ *ਅੰਗ - ੨੯੫*

ਰਾਇ ਬੁਲਾਰ ਕਹਿਣ ਲੱਗਿਆ ਕਿ ਭਾਈ ਮਰਦਾਨਾ ਇਹ ਕਿਸ ਤਰ੍ਹਾਂ ਹੋਈ? ਮੈਨੂੰ ਖੋਲ੍ਹ ਕੇ ਦੱਸੋ। ਕਹਿੰਦਾ ਰਾਇ ਜੀ! ਜਿਸ ਵਕਤ ਗੁਰੂ ਨਾਨਕ ਬਾਹਰ ਬੈਠੇ ਸੀ ਕਬਰਸਤਾਨ ਦੇ ਵਿਚ, ਮੜ੍ਹੀਆਂ 'ਚ ਉਸ ਵੇਲੇ ਇਕ ਬਚਨ ਕਹਿ ਰਹੇ ਸੀ-

ਨਾ ਹਮ ਹਿੰਦੂ ਨ ਮੁਸਲਮਾਨ ॥
ਅਲਹ ਰਾਮ ਕੇ ਪਿੰਡੁ ਪਰਾਨ ॥ *ਅੰਗ - ੧੧੩੬*

ਨਵਾਬ ਦੇ ਨਾਲ ਬਚਨ ਹੋਏ, ਸ਼ਿਕਾਇਤ ਕੀਤੀ ਨਵਾਬ ਦੇ ਕੋਲ ਕਿ ਨਵਾਬ ਸਾਹਿਬ! ਗੁਰੂ ਨਾਨਕ ਸ਼ਰ੍ਹਾ ਦੀਆਂ ਧੱਜੀਆਂ ਉਡਾ ਰਿਹਾ ਹੈ। ਹਿੰਦੂ, ਹਿੰਦੂ ਨਹੀਂ ਹੋਣਗੇ ਪਰ ਮੋਮਨ ਤਾਂ ਮੋਮਨ ਨੇ, ਸ਼ਰ੍ਹਾ ਨੂੰ ਮੰਨਦੇ ਨੇ, ਰੋਜ਼ੇ ਰਖਦੇ ਨੇ, ਨਮਾਜ਼ਾਂ ਪੜ੍ਹਦੇ ਨੇ, ਮਸਜਿਦ ਜਾਂਦੇ ਨੇ, ਇਨ੍ਹਾਂ ਨੂੰ ਕੋਈ ਕਿਵੇਂ ਕਹਿ ਸਕਦਾ ਹੈ ਕੋਈ ਮੁਸਲਮਾਨ ਨਹੀਂ ਹੈ ਕਿਉਂਕਿ ਇਸਲਾਮ ਦਾ ਰਾਜ ਸੀ, ਇਸਲਾਮ ਦੇ ਕਾਨੂੰਨ ਸੀ। ਕੁਰਾਨ ਸ਼ਰੀਫ ਦੇ ਹਿਸਾਬ ਨਾਲ ਕਾਨੂੰਨ ਚਲਦੇ ਸੀ, ਸੋ ਕੁਦਰਤੀ ਸੀ ਕਿ ਗੁਰੂ ਨਾਨਕ ਦੀ ਪੇਸ਼ੀ ਹੋਣੀ ਸੀ। ਉਥੇ ਗੁਰੂ ਨਾਨਕ ਨੇ ਨਵਾਬ ਦੀ ਨਿਸ਼ਾ ਕਰਾ ਦਿਤੀ।

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥
ਅੰਗ - ੧੪੧

ਉਹ ਕਹਿਣ ਲੱਗੇ ਕਿ ਜੇ ਪੰਜ ਨਮਾਜ਼ਾਂ ਪੜ੍ਹਨੀਆਂ ਨੇ ਤਾਂ ਐਸ ਤਰ੍ਹਾਂ ਨਾਲ, ਆਹ ਭਾਵਨਾ ਰੱਖ ਕੇ ਪੜ੍ਹ। ਬਹੁਤ ਜ਼ਿਆਦਾ ਓਥੇ ਬਚਨ ਹੋਏ ਕੁਰਾਨ ਸ਼ਰੀਫ ਦੇ। ਗੁਰੂ ਨਾਨਕ ਨੇ ਸਾਰਿਆਂ ਨੂੰ ਨਿਰੁੱਤਰ ਕਰ ਦਿਤਾ ਤੇ ਨਵਾਬ ਦੌਲਤ ਖਾਂ ਐਨਾ ਕਾਇਲ ਹੋਇਆ ਕਿ ਉਹਨੇ ਕਿਹਾ ਕਿ ਗੁਰੂ ਨਾਨਕ ਨਾ ਹਿੰਦੂ ਹੈ, ਨਾ ਮੁਸਲਮਾਨ ਹੈ ਇਹ ਤਾਂ ਅੱਲਾਹ ਦੀ ਜਾਤ ਹੈ।

ਹੇ ਨਾਨਕ! ਤੇਰੀ ਨਿਗ੍ਹਾ ਦੇ ਵਿਚ ਹਿੰਦੂ ਤੇ ਮੁਸਲਮਾਨ ਦੇ ਵਿਚੋਂ ਕੌਣ ਚੰਗਾ ਹੈ? ਗੁਰੂ ਨਾਨਕ ਕਹਿੰਦੇ, ਨਵਾਬ ਸਾਹਿਬ! ਜਾਤ ਨਾਲ ਸਬੰਧ ਨਹੀਂ ਹੁੰਦਾ, ਅਮਲਾਂ ਨਾਲ ਸਬੰਧ ਹੁੰਦਾ ਹੈ, ਜਿਹਦੇ ਅਮਲ ਚੰਗੇ ਨੇ ਉਹ ਚੰਗਾ ਹੈ। ਜਾਤ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥
ਅੰਗ - ੪੬੯

ਅੱਗੇ ਨਹੀਂ ਜਾਤ ਨੂੰ ਪੁਛਿਆ ਜਾਂਦਾ, ਉਥੇ ਤਾਂ ਕੀਤੇ ਹੋਏ ਕਰਮਾਂ ਦਾ ਫਲ ਹੋਣਾ ਹੈ -

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥

ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥
ਅੰਗ - ੯੫੩

ਕਹਿੰਦੇ, ਨਵਾਬ ਸਾਹਿਬ! ਨਾ ਕੋਈ ਹਿੰਦੂ ਹੋ ਕੇ ਤਰ ਸਕਦਾ ਹੈ, ਨਾ ਮੁਸਲਮਾਨ ਹੋ ਕੇ ਤਰ ਸਕਦਾ ਹੈ, ਦਰਗਾਹ 'ਚ ਮਾਣ ਉਹਦਾ ਹੀ ਪੈਂਦਾ ਹੈ ਜਿਹਨੇ ਇਥੇ ਗੁਨਾਹਾਂ ਤੋਂ ਤੋਬਾ ਕਰੀ ਹੋਈ ਹੈ ਤੇ ਨੇਕ ਕੰਮ ਕਰਦੇ ਨੇ। ਅਮਲ ਜਿਹਦੇ ਸ਼ੁੱਧ ਨੇ, ਉਹ ਵੱਡਾ ਹੈ, ਜਿਹਦੇ ਅਮਲ ਗਲਤ ਨੇ ਉਹਦੀ ਜਾਤ ਚਾਹੇ ਕੋਈ ਹੈ ਉਹ ਛੋਟਾ ਹੈ ਤੇ ਨਵਾਬ ਕਹਿਣ ਲੱਗਿਆ ਹੇ ਨਾਨਕ! ਮਸਜਿਦ ਤੇ ਮੰਦਰ ਦੇ ਵਿਚ ਕੀ ਫਰਕ ਹੈ? ਕਹਿੰਦੇ, ਦੋਵੇਂ ਪ੍ਰਮੇਸ਼ਰ ਦੇ ਨਾਮ ਲੈਣ ਵਾਲੇ ਥਾਂ ਨੇ। ਦੋਹਾਂ ਦਾ ਹੀ ਸਤਿਕਾਰ ਹੈ, ਦੋਵੇਂ ਪੂਜਣਯੋਗ ਨੇ।

ਕਹਿੰਦੇ, ਅੱਜ ਜੁਮਾ ਰਾਤ ਹੈ, ਅੱਜ ਨਮਾਜ਼ ਪੜ੍ਹਨੀ ਹੈ, ਤੁਸੀਂ ਸਾਡੇ ਨਾਲ ਚੱਲੋਂਗੇ? ਮਹਾਰਾਜ ਕਹਿੰਦੇ, ਹਾਂ ਅਸੀਂ ਚੱਲਾਂਗੇ। ਕਹਿਣ ਲੱਗੇ, ਰਾਇ ਸਾਹਿਬ! ਜਦੋਂ ਗੁਰੂ ਨਾਨਕ ਚਲੇ ਗਏ ਮਸਜਿਦ ਦੇ ਅੰਦਰ ਸਾਰੇ ਸ਼ਹਿਰ 'ਚ ਰੋਲਾ ਪੈ ਗਿਆ ਕਿ ਗੁਰੂ ਨਾਨਕ ਇਸਲਾਮ ਧਾਰਨ ਕਰ ਲਿਆ ਤੇ ਮਸਜਿਦ 'ਚ ਨਮਾਜ਼ ਪੜ੍ਹਨ ਗਿਆ ਹੈ।

ਬੇਬੇ ਨਾਨਕੀ ਸੀ ਉਹ ਕਹਿੰਦੀ ਕਿ ਮੇਰਾ ਵੀਰ ਤਾਂ ਮਜ਼ਹਬਾਂ ਤੋਂ ਉਤੇ ਹੈ। ਉਹ ਕਿਸੇ ਮਜ਼ਹਬ ਵਿਚ ਨਹੀਂ ਹੈ ਉਹ ਲਾ-ਮਜ਼ਹਬ ਹੈ। ਉਹਦਾ ਮਜ਼ਹਬ ਪ੍ਰਮੇਸ਼ਰ ਹੈ, ਵਾਹਿਗੁਰੂ ਹੈ ਹੋਰ ਕੋਈ ਦਿਖਾਵਾ ਨਹੀਂ ਹੈ, ਕੋਈ ਰੂਪ ਨਹੀਂ ਭੇਖ ਨਹੀਂ ਹੈ ਉਹਦਾ। ਕਹਿੰਦੀ ਤੁਸੀਂ ਦੇਖੋ ਕੋਈ ਕੰਤਕ ਹੈ ਮੇਰੇ ਵੀਰ ਦਾ ਕੋਈ। ਉਹ ਨਹੀਂ ਡੋਲੀ। ਰਾਇ ਸਾਹਿਬ! ਬਾਕੀ ਸਾਰਾ ਸ਼ਹਿਰ ਹਿੰਦੂ ਲੋਕ ਕਹਿੰਦੇ ਨੇ ਕਿ ਉਹ ਤਾਂ ਐਡਾ ਚੰਗਾ ਸੀ ਇਸਲਾਮ ਵਿਚ ਚਲਿਆ ਗਿਆ। ਜਦੋਂ ਨਮਾਜ਼ ਸ਼ੁਰੂ ਹੋਈ, ਇਮਾਮ ਅੱਗੇ ਖੜ੍ਹਾ ਹੈ, ਗੁਰੂ ਨਾਨਕ ਇਮਾਮ ਦੇ ਪਿੱਛੇ ਨੇ, ਇਕ ਪਾਸੇ ਕਾਜ਼ੀ ਹੈ, ਇਕ ਪਾਸੇ ਨਵਾਬ ਹੈ। ਜਦੋਂ ਕਲਮਾ ਪੜ੍ਹਨਾ ਸ਼ੁਰੂ ਹੋਇਆ ਗੁਰੂ ਨਾਨਕ ਖੜ੍ਹੇ ਨੇ, ਉਸ ਤੋਂ ਬਾਅਦ ਗੁਰੂ ਨਾਨਕ ਇਕ ਪਾਸੇ ਹੋ ਕੇ ਬੈਠ ਗਏ ਕਿਉਂਕਿ ਨਮਾਜ਼ ਸ਼ੁਰੂ ਹੋ ਚੁੱਕੀ ਸੀ ਏਸ ਵਾਸਤੇ ਕਜ਼ਾ ਨਹੀਂ ਸੀ ਹੋ ਸਕਦੀ, ਖੰਡਤ ਨਹੀਂ ਸੀ ਹੋ ਸਕਦੀ। ਨਮਾਜ਼ ਪੜ੍ਹੀ ਜਾਣ ਤੋਂ ਪਿਛੋਂ ਕਾਜ਼ੀ ਨੇ ਕਿਹਾ, ਨਾਨਕ ਨਮਾਜ਼ ਪੜ੍ਹਨ ਆਇਆ ਸੀ, ਪਰ ਇਹਨੇ ਨਮਾਜ਼ ਤਾਂ ਪੜ੍ਹੀ ਹੀ ਨਹੀਂ ਉਥੇ ਜਾ ਕੇ ਬਹਿ ਗਿਆ। ਨਵਾਬ ਸਾਹਿਬ ਕਹਿਣ ਲੱਗੇ, ਨਾਨਕ ਜੀ! ਤੁਸੀਂ ਤਾਂ ਨਮਾਜ਼ ਪੜ੍ਹਨ ਆਏ ਸੀ? ਕਹਿੰਦੇ, ਹਾਂ ਅਸੀਂ ਤਾਂ ਪੜ੍ਹਦੇ ਹਾਂ, ਹੁਣ ਵੀ ਪੜ੍ਹਦੇ ਹਾਂ। ਅਸੀਂ ਤਾਂ ਹਰ ਵਕਤ ਨਮਾਜ਼ ਪੜ੍ਹਦੇ ਹਾਂ ਤੁਸੀਂ ਪੰਜ ਵਕਤ ਪੜ੍ਹਦੇ ਓਂ। ਉਹ ਵੀ ਪੜ੍ਹਦੇ ਨਹੀਂ। ਸਾਡੀ ਨਮਾਜ਼ 24 ਘੰਟੇ ਦੀ ਹੈ, ਅਖੰਡ ਨਮਾਜ਼ ਹੈ, ਅੱਜ ਵੀ 24 ਘੰਟੇ, ਕੱਲ੍ਹ ਨੂੰ ਵੀ 24 ਘੰਟੇ, ਅਖੰਡ ਨਮਾਜ਼ ਪੜ੍ਹਦੇ ਹਾਂ ਅਸੀਂ, ਖੰਡਤ ਨਹੀਂ ਹੁੰਦੀ। ਤੁਸੀਂ ਤਾਂ ਪੰਜ ਵਾਰੀ ਵੀ ਨਹੀਂ ਪੜ੍ਹਦੇ, ਮੈਂ ਕੀਹਦੇ ਨਾਲ ਪੜ੍ਹਦਾ। ਨਵਾਬ ਨੇ ਕਿਹਾ ਕਿ ਮੈਂ ਜੋ ਇਥੇ ਸੀ? ਗੁਰੂ ਨਾਨਕ ਨੇ ਕਿਹਾ ਕਿ ਨਵਾਬ ਸਾਹਿਬ! ਤੂੰ ਕੰਧਾਰ ਦੇ ਵਿਚ ਘੋੜੇ ਖਰੀਦ ਰਿਹਾ ਸੀ, ਦੱਸ ਰਿਹਾ ਸੀ ਉਨ੍ਹਾਂ ਨੂੰ ਕਿ ਇਹ ਰੰਗ ਦੇ ਘੋੜੇ ਐਨੇ ਲੈਣੇ ਨੇ, ਤੋਪਾਂ ਖਿੱਚਣ ਵਾਲੇ ਐਨੇ, ਸਵਾਰੀਆਂ ਵਾਲੇ ਐਨੇ, ਤੂੰ ਤਾਂ ਹੁਣੇ ਮੁੜ ਕੇ ਆਇਆ ਹੈਂ।

ਰਾਇ ਜੀ! ਉਸ ਵੇਲੇ ਉਹਨੇ ਉਂਗਲੀ ਮੂੰਹ ਵਿਚ ਲੈ ਲਈ। ਕਹਿਣ ਲੱਗਿਆ, ਸੁਬਾਨ ਅੱਲਾਹ! ਨਾਨਕ ਤਾਂ ਸਭ ਦੇ ਅੰਦਰ ਦੀ ਜਾਣਦਾ ਹੈ। ਕਾਜ਼ੀ ਕਹਿਣ ਲੱਗਿਆ ਕਿ ਫੇਰ ਮੇਰੇ ਨਾਲ ਪੜ੍ਹ ਲੈਂਦੇ। ਨਾਨਕ ਜੀ ਕਹਿਣ ਲੱਗੇ ਕਾਜ਼ੀ ਸਾਹਿਬ ਤੂੰ ਤਾਂ ਹੁਣੇ ਆਇਆ ਹੈਂ, ਤੂੰ ਖੂਹੀ ਦੇ ਕੰਢੇ ਆਪਣੇ ਵਿਹੜੇ ਦੇ ਵਿਚ ਇਕ ਵਛੇਰੀ ਮੋੜੀ ਗਿਆ ਹੈਂ, ਘੋੜੀ ਨੇ ਵਛੇਰੀ ਦੇ ਦਿਤੀ ਸੀ, ਖੂਹੀ ਮੌਣ ਤੋਂ ਬਿਨਾਂ ਸੀ, ਮੰਜਾ ਦੇਣਾ ਉਤੇ ਭੁੱਲ ਆਇਆ ਤੇ ਉਥੇ ਹੀ ਸਮਾਂ ਬਤੀਤ ਕਰਿਆ ਹੈ, ਨਮਾਜ਼ ਵਿਚ ਤਾਂ ਤੂੰ ਆਇਆ ਹੀ ਨਹੀਂ। ਕਹਿੰਦੇ, ਕਾਜ਼ੀ ਬੜਾ ਸ਼ਰਮਿੰਦਾ ਹੋ ਗਿਆ।

ਸੋ ਉਸ ਵੇਲੇ ਗੁਰੂ ਨਾਨਕ ਨੇ ਕਿਹਾ ਕਿ ਜੇ ਤੁਸੀਂ ਪ੍ਰਮੇਸ਼ਰ ਦਾ ਨਾਮ ਲੈਣਾ ਹੈ, ਪਹਿਲਾਂ ਜ਼ਰੂਰੀ ਹੈ ਕਿ ਚਿੱਤ ਨੂੰ ਇਕਾਗਰ ਕਰੋ। ਨਵਾਬ ਨੇ ਪੁਛਿਆ, ਹੇ ਨਾਨਕ! ਚਿੱਤ ਇਕਾਗਰ ਕਿਵੇਂ ਹੋਵੇ। ਸਾਨੂੰ ਤਾਂ ਇਸ ਗੱਲ ਦਾ ਗਿਆਨ ਨਹੀਂ। ਗੁਰੂ ਨਾਨਕ ਨੇ ਕਿਹਾ, ਜਦੋਂ ਤੱਕ ਆਦਮੀ ਦੇ ਅੰਦਰ ਵਾਸ਼ਨਾਵਾਂ ਨੇ ਓਨੀਂ ਦੇਰ ਤੱਕ ਚਿੱਤ ਦੀ ਇਕਾਗਰਤਾ ਨਹੀਂ ਹੋਇਆ ਕਰਦੀ। ਤੇ ਖੋਲ੍ਹ ਕੇ ਦੱਸਿਆ ਕਿ ਧਨ ਦੀ ਵਾਸ਼ਨਾ ਆਦਮੀ ਨੂੰ ਟਿਕਣ ਨਹੀਂ ਦਿੰਦੀ। ਦਿਨ ਰਾਤ ਧਨ ਦੇ ਪਿੱਛੇ ਪਿਆ ਰਹਿੰਦਾ ਹੈ, ਰਾਤ ਨੂੰ ਵੀ ਧਨ ਦੀਆਂ ਗੱਲਾਂ ਸੋਚੇਗਾ, ਸੁਪਨੇ ਵੀ ਧਨ ਦੇ ਆਉਣਗੇ, ਦਿਨੇ ਵੀ ਧਨ ਦੇ, ਸੋਚੇਗਾ ਵੀ ਮਾੜੀਆਂ ਗੱਲਾਂ ਕਿ ਫਲਾਣੇ ਦਾ ਧਨ ਮੇਰੇ ਕਾਬੂ ਕਿਵੇਂ ਆ ਸਕਦਾ, ਮਿਤਰ ਨੂੰ ਧੋਖਾ ਕਿਵੇਂ ਦਿਤਾ ਜਾ ਸਕਦਾ ਹੈ। ਛਲ ਕਿਵੇਂ ਖੇਡਿਆ ਜਾ ਸਕਦਾ ਹੈ। ਸੋ ਧਨ ਦੇ ਵਾਸਤੇ ਆਦਮੀ ਬੇਅੰਤ ਪਾਪ ਕਰਦਾ ਹੈ। ਸੋ ਕਹਿੰਦੇ ਜਦੋਂ ਤੱਕ ਧਨ ਦੀ ਵਾਸ਼ਨਾ ਹੈ, ਓਨੀ ਦੇਰ ਤੱਕ ਨਹੀਂ ਮਨ ਟਿਕਿਆ ਕਰਦਾ। ਕਹਿੰਦੇ ਜੀ ਫੇਰ ਧਨ ਦੀ ਵਾਸ਼ਨਾ ਦੂਰ ਕਿਵੇਂ ਹੋਵੇ? ਮਹਾਰਾਜ ਕਹਿੰਦੇ, ਸੰਤੋਖ ਧਾਰਨ ਕੀਤਿਆਂ ਧਨ ਦੀ ਵਾਸ਼ਨਾ ਹਟਦੀ ਹੈ।

ਯਥਾ ਲਾਭ ਤਥਾ ਸੰਤੁਸ਼ਟੇ।

ਜੋ ਕੁਛ ਪ੍ਰਮੇਸ਼ਰ ਨੇ ਮੱਥੇ 'ਚ ਲਿਖ ਦਿਤਾ ਉਹ ਤਾਂ ਆਉਣਾ ਹੀ ਆਉਣਾ ਹੈ। ਵਾਧੂ ਆਉਂਦਾ ਨਹੀਂ।

ਇਸ ਕਾ ਬਲੁ ਨਾਹੀ ਇਸੁ ਹਾਥ ॥
ਕਰਨ ਕਰਾਵਨ ਸਰਬ ਕੋ ਨਾਥ ॥ ਅੰਗ - ੨੭੭

ਦੂਸਰੀ ਵਾਸ਼ਨਾ ਪੁੱਤਰ ਦੀ ਹੋਇਆ ਕਰਦੀ ਹੈ। ਭਾਰਤੀ ਸਮਾਜ ਦੇ ਅੰਦਰ ਪੁੱਤਰ ਨੂੰ ਮਹਾਨਤਾ ਜ਼ਿਆਦਾ ਦਿਤੀ ਜਾਂਦੀ ਹੈ। ਜਿਹੜੀ ਅੰਗਰੇਜ਼ਾਂ ਦੀ ਸਮਾਜ ਹੈ ਉਹਦੇ ਵਿਚ ਪੁੱਤਰ ਦੀ ਮਹਾਨਤਾ ਕੋਈ ਹੈ ਹੀ ਨਹੀਂ, ਨਾ ਲੜਕੀ ਦੀ ਮਹਾਨਤਾ

ਹੈ। ਲੜਕੀ ਨੂੰ ਚੰਗਾ ਸਮਝਿਆ ਜਾਂਦਾ ਹੈ ਕਿਉਂਕਿ ਮਾਂ-ਬਾਪ ਬੁੱਢੇ ਹੁੰਦੇ ਨੇ, ਲੜਕੇ ਕੋਲ ਨਹੀਂ ਰਿਹਾ ਕਰਦੇ, ਲੜਕੀ ਕੋਲ ਰਿਹਾ ਕਰਦੀਆਂ ਨੇ। ਸੋ ਇਹ ਵਾਸ਼ਨਾ ਭਾਰਤ ਵਰਸ਼ ਵਿਚ ਵੱਡੇ, ਉਲਟੇ ਕੰਮ ਕਰਾ ਦਿੰਦੀ ਹੈ।

ਇਹੋ ਜਿਹੇ ਕੰਮ ਦੇਖੇ ਨੇ ਮੈਂ ਕਿ ਦੱਸੇ ਹੀ ਨਹੀਂ ਜਾ ਸਕਦੇ ਕਿ ਪੁੱਤਰ ਪ੍ਰਾਪਤੀ ਵਾਸਤੇ। ਜੇ ਪ੍ਰਾਪਤ ਹੋ ਗਿਆ, ਬੀਮਾਰ ਹੋ ਗਿਆ, ਮਰ ਗਿਆ ਫੇਰ?

ਰਾਜਾ ਚਿਤ੍ਰਕੋਟ ਸੀ, ਉਹਦੇ ਪੁੱਤਰ ਨਹੀਂ ਸੀ ਹੁੰਦਾ, ਬੇਅੰਤ ਵਿਆਹ ਗਿਣਤੀ ਮਿਣਤੀ ਤੋਂ ਬਾਹਰ ਕਰਾ ਲਏ, ਰੋਜ਼ ਵਿਆਹ ਕਰਾਉਂਦਾ ਸੀ। ਪੁੱਤਰ ਨਾ ਹੋਇਆ, ਅਖੀਰ ਵਸ਼ਿਸ਼ਟ ਜੀ ਨੇ, ਵਿਸ਼ਵਾਮਿਤਰ, ਅੰਗਰਾ ਆਦਿ ਜਿਹੜੇ ਮੁਖੀ ਰਿਸ਼ੀ ਸੀਗੇ ਉਨ੍ਹਾਂ ਨੇ ਮੰਤਰ ਬਲ ਦੇ ਨਾਲ ਇਕ ਪੁੱਤਰ ਉਹਨੂੰ ਦੇ ਦਿਤਾ। ਉਹ ਪੁੱਤਰ ਥੋੜ੍ਹੀ ਜਿਹੜੀ ਜ਼ਿੰਦਗੀ ਭੋਗ ਕੇ ਮਰ ਗਿਆ, ਫੇਰ ਉਹ ਉਸ ਤੋਂ ਵੀ ਜ਼ਿਆਦਾ ਦੁਖੀ ਹੋ ਗਿਆ। ਮਹਾਰਾਜ ਕਹਿੰਦੇ ਪੁੱਤਰ ਵਾਸ਼ਨਾ ਆਦਮੀ ਨੂੰ ਟਿਕਣ ਨਹੀਂ ਦਿੰਦੀ। ਉਹ ਦੇਖੀ ਜਾਂਦਾ ਹੈ ਕਿ ਮੇਰੀ ਜਾਇਦਾਦ ਐਵੇਂ ਹੀ ਜਾਏਗੀ, ਪਤਾ ਨਹੀਂ ਕੀਹਦੇ ਹੱਥ 'ਚ ਆ੍ਵੇ। ਅੰਗਰੇਜ਼ ਨਹੀਂ ਐਉਂ ਦੇਖਦੇ ਉਹ ਪਹਿਲਾਂ ਹੀ ਧਾਰ ਲੈਂਦੇ ਨੇ, ਪੁੱਤਰ ਹੁੰਦੇ ਵੀ ਨੇ ਤੇ ਉਨ੍ਹਾਂ ਦੀ ਵਸੀਅਤ ਇਹ ਹੁੰਦੀ ਹੈ ਕਿ ਮੈਂ ਜੋ ਕਮਾਈ ਜ਼ਿੰਦਗੀ ਭਰ ਕੀਤੀ ਹੈ, ਉਹ ਵੰਡੀ ਜਾਵੇ, ਐਨੀ ਤਾਂ ਹਸਪਤਾਲ ਨੂੰ ਜਾਵੇ, ਐਨੀ ਜਾਵੇ ਜਿਥੇ ਭੁੱਖੇ ਨੰਗਿਆ ਨੂੰ ਸੰਭਾਲਿਆ ਜਾਂਦਾ ਹੈ, ਐਨੀ ਜਾਨਵਰਾਂ ਦੀ ਰਾਖੀ ਵਾਸਤੇ ਜਾਵੇ, ਅਖੀਰ ਪੁੱਤਰਾਂ ਨੂੰ ਕੀ ਹੁੰਦਾ ਹੈ ਕਿ ਬੱਚਿਆਂ ਵਾਸਤੇ ਮੇਰੀ 'ਗੁਡ ਵਿੱਲ'। ਉਹ ਕਰੀ ਜਾਣਗੇ ਥੈਂਕਸ ਡੈਡੀ-ਥੈਂਕਸ ਡੈਡੀ। ਕੋਰਟ ਵਿਚ ਪੜ੍ਹ ਕੇ ਸੁਣਾਉਂਦੇ ਨੇ। ਇਥੇ ਇਹ ਹੁੰਦਾ ਹੈ ਕਿ ਮੇਰੀ ਜਾਇਦਾਦ ਕੌਣ ਸਾਂਭੇਗਾ। ਸਰੀਕ ਸਾਂਭਣਗੇ ਇਹ ਤਾਂ ਮੇਰੇ ਨਾਲ ਲੜਦੇ ਨੇ। ਉਹ ਵੀ ਕਹਿਣਗੇ ਇਹਨੂੰ ਛੇਤੀ ਤੋਰੀਏ, ਜਾਇਦਾਦ ਸਾਨੂੰ ਮਿਲ ਜਾਏ। ਸੋ ਇਸ ਕਰਕੇ ਪੁੱਤਰ ਵਾਸ਼ਨਾ ਆਦਮੀ ਨੂੰ ਭਜਨ ਨਹੀਂ ਕਰਨ ਦਿੰਦੀ। ਤੀਸਰੀ ਹੋਇਆ ਕਰਦੀ ਹੈ ਲੋਕ ਲਾਜ। ਲੋਕ ਨਾ ਮੈਨੂੰ ਮਾੜਾ ਕਹਿ ਦੇਣ। ਤਾਕਤ ਹੁੰਦੀ ਨਹੀਂ, ਵਿਆਹ ਕਰ ਨਹੀਂ ਸਕਦਾ, ਕਰਜ਼ਾ ਲੈ ਕੇ ਕਰਦਾ ਹੈ, ਫੇਰ ਕਰਜ਼ਾ ਮੁੜਦਾ ਨਹੀਂ, ਜ਼ਮੀਨ ਜਾਇਦਾਦ ਸਭ ਵਿਕ ਜਾਂਦੀ ਹੈ। ਲੋੜ ਤੋਂ ਵੱਧ ਆਪਣੇ ਆਪ ਨੂੰ ਸ਼ੋ ਕਰਦਾ ਹੈ ਕਿ ਲੋਕ ਮੈਨੂੰ ਅਮੀਰ ਕਹਿਣ। ਲੋਕਾਂ ਨੂੰ ਖੁਸ਼ ਕਰਦਾ ਹੈ। ਅੱਜ ਤੱਕ ਤਾਂ ਸੰਸਾਰ 'ਚ ਕੋਈ ਐਸਾ ਨਹੀਂ ਆਇਆ ਜਿਹੜਾ ਲੋਕਾਂ ਨੂੰ ਖੁਸ਼ ਕਰ ਦੇਵੇ, ਸ੍ਰੀ ਰਾਮ ਚੰਦਰ ਜੀ ਮਹਾਰਾਜ ਜਦੋਂ ਅਯੁੱਧਿਆ ਪਹੁੰਚੇ ਨੇ, ਲੰਕਾ ਤੋਂ ਵਾਪਸ ਤਾਂ ਉਤੇ ਲੰਕਾ ਦੇ ਵਿਚ ਸੀਤਾ ਜੀ ਦੀ ਅਗਨ ਪ੍ਰੀਕਸ਼ਾ ਲਈ, ਅੱਗ ਜਾਲ ਦਿਤੀ ਤੇ ਉਹਦੇ ਵਿਚੀਂ ਲੰਘਾਈ ਕਿ ਜੇ ਤਾਂ ਲੰਘ ਜਾਏਗੀ ਤਾਂ ਇਹ ਸੱਚੀ, ਜੇ ਇਹ ਜਲ ਗਈ ਤਾਂ ਇਹ ਝੂਠੀ। ਅੱਗ ਦੇ ਵਿਚ ਲੰਘ ਗਈ ਤੇ ਇਥੇ ਆ ਗਈ। ਲੇਕਿਨ ਇਥੇ ਵਾਲੇ ਲੋਕਾਂ ਨੇ ਨਾ ਮੰਨਿਆ। ਉਨ੍ਹਾਂ ਨੇ ਕਿਹਾ ਕਿ ਨੌਂ ਮਹੀਨੇ ਰਾਵਣ ਦੇ ਕੋਲ ਰਹੀ, ਇਹ ਸੁੱਚੀ ਕਿਵੇਂ ਹੋ ਸਕਦੀ ਹੈ। ਇਹ ਤਾਂ ਰਾਮ ਚੰਦਰ ਨੇ ਕਲੰਕ ਲਾ ਦਿਤਾ ਸਾਨੂੰ। ਗੱਲ ਚਲਦੀ ਗਈ।

ਇਕ ਦਿਨ ਰਾਮ ਚੰਦਰ ਜੀ ਜਾਂਦੇ ਨੇ ਤਾਂ ਇਕ ਧੋਬੀ ਘਰਵਾਲੀ ਨਾਲ ਲੜ ਰਿਹਾ ਹੈ ਤੇ ਉਹਨੂੰ ਅੰਦਰ ਨਹੀਂ ਵੜਨ ਦਿੰਦਾ, ਉਹ ਕਹਿੰਦੀ ਮੈਨੂੰ ਤੂੰ ਅੰਦਰ ਵੜਨ ਦੇ, ਮੈਂ ਕੋਈ ਗੁਨਾਹ ਤਾਂ ਨਹੀਂ ਕਰਿਆ, ਮੇਰਾ ਪਿਤਾ ਬਿਮਾਰ ਸੀ, ਮੈਂ ਉਹਦੀ ਖਬਰ ਲੈ ਕੇ ਆ ਗਈ ਹਾਂ। ਹੁਣੇ ਮੈਂ ਗਈ ਸੀ, ਧੋਬਘਾਟ ਦੁਗਣੀ ਦੂਰ ਸੀ, ਮੇਰੇ ਪੇਕੇ ਅੱਧੇ ਦੂਰ ਸੀਗੇ ਤੇ ਮੈਂ ਰੁਕੀ ਨਹੀਂ ਹਾਂ ਪਾਣੀ ਨਹੀਂ ਪੀਤਾ।

ਰਾਮ ਚੰਦਰ ਜੀ ਬੀਰ ਯਾਤਰਾ ਕਰ ਰਹੇ ਸੀ, ਕਹਿਣ ਲੱਗੇ, ਪੁਰਖਾ! ਕੀ ਗੱਲ ਹੈ ਤੂੰ ਇਸਦੇ ਨਾਲ ਕਿਉਂ ਲੜਦਾ ਹੈਂ। ਕਹਿੰਦਾ, ਲੜਾਂ ਨਾ ਮੇਰੇ ਤੋਂ ਪੁੱਛੇ ਬਗੈਰ, ਬਾਹਰ ਗਈ ਹੈ। ਉਹ ਕਹਿਣ ਲੱਗੀ ਕਿ ਮੈਂ ਬਾਹਰ ਨਹੀਂ ਗਈ, ਇਹਦਾ ਧੋਬਘਾਟ ਦੂਰ ਸੀ, ਮੈਨੂੰ ਸੁਨੇਹਾ ਆਇਆ ਮੇਰਾ ਪਿਤਾ ਬਿਮਾਰ ਸੀ, ਮੈਂ ਖਬਰ ਲੈ ਕੇ ਉਦੋਂ ਹੀ ਮੁੜ ਆਈ ਹਾਂ। ਇਧਰ ਨੂੰ ਜਾਂਦੀ ਮੈਨੂੰ ਦੁੱਗਣਾ ਸਮਾਂ ਇਧਰ ਨੂੰ ਲੱਗਣਾ ਸੀ, ਮੇਰੇ ਕੋਲ ਸਮਾਂ ਨਹੀਂ ਸੀ ਜਾਣ ਦਾ। ਰਾਮ ਚੰਦਰ ਜੀ ਕਹਿਣ ਲੱਗੇ ਕਿ ਕੀ ਹੋ ਗਿਆ ਐਨੀ ਦੇਰ 'ਚ, ਆਹ ਪਿੰਡ ਹੈ ਨਾਲ, ਇਥੋਂ ਇਹ ਵਾਪਸ ਆ ਗਈ ਹੈ ਤੂੰ ਇਹਨੂੰ ਵੜਨ ਨਹੀਂ ਦਿੰਦਾ, ਉਹ ਕਹਿੰਦਾ ਤੂੰ ਮੈਨੂੰ ਕੀ ਸਮਝਦਾ ਹੈਂ ਓਏ? ਕਹਿੰਦਾ ਮੈਂ ਤੈਨੂੰ ਕੀ ਸਮਝਣਾ ਹੈ। ਤੂੰ ਮੈਨੂੰ ਰਾਮ ਚੰਦਰ ਸਮਝਦਾ ਹੈਂ ਕਿ ਨੌਂ ਮਹੀਨੇ ਸੀਤਾ ਨੂੰ ਰਾਵਣ ਕੋਲ ਰੱਖ ਕੇ ਫੇਰ ਘਰ 'ਚ ਵਾੜ ਲਈ। ਲੋਕ ਰਾਇ ਲਈ, ਲੋਕ ਰਾਇ ਖਿਲਾਫ ਹੋ ਗਈ। ਰਾਮਚੰਦਰ ਜੀ ਨੂੰ ਸੀਤਾ ਜੀ ਨੂੰ ਨਿਰਦੋਸ਼ ਨੂੰ ਜੰਗਲਾਂ 'ਚ ਛੱਡਣਾ ਪਿਆ, ਲੋਕ ਲਾਜ ਕਰਕੇ।

ਉਹ ਫਿਰਦੇ-ਫਿਰਦੇ ਆਪਣੇ ਰਾਜ ਵਿਚ ਪੂਰਬ ਵਲ ਨੂੰ ਚਲੇ ਗਏ। ਉਥੇ ਲੱਛਮਣ ਜੀ ਨਾਲ ਹਨ ਤੇ ਪਾਣੀ ਦੀ ਪਿਆਸ ਲੱਗੀ। ਇਕ ਜ਼ਿੰਮੀਦਾਰ ਹੱਲ ਚਲਾ ਰਿਹਾ ਸੀ ਲੇਕਿਨ ਉਹਦੀ ਜਿਹੜੀ ਵਰਦੀ ਸੀ ਉਹ ਅਜੀਬ ਸੀ, ਬਲਦਾਂ ਦੇ ਉਤੇ ਝੁੱਲ ਪਾਇਆ ਹੋਇਆ ਸੀ ਤਾਰਾਂ ਦਾ, ਪੈਰਾਂ ਵਿਚ ਚਮੜੇ ਦੇ ਫੁਟਲਸ ਪਾਏ ਹੋਏ, ਆਪ ਦੇ ਪੈਰਾਂ 'ਚ ਗੋਡਿਆਂ ਤੱਕ ਵੱਡਾ ਜੁੱਤਾ ਪਾਇਆ ਹੋਇਆ, ਬੂਟ ਪਾਏ ਹੋਏ ਨੇ ਤੇ ਸਿਰ ਉਤੇ ਇਕ ਟੋਪ ਰੱਖਿਆ ਹੋਇਆ ਹੈ ਤਾਰਾਂ ਦਾ ਤੇ ਕੋਟ ਪਾਇਆ ਹੋਇਆ ਹੈ ਤਾਰਾਂ ਦਾ। ਪਾਣੀ ਪੀਤਾ ਲਛਮਣ ਜੀ ਤੇ ਰਾਮਚੰਦਰ ਜੀ ਨੇ ਤੇ ਬੈਠ ਗਏ ਛਾਂ ਦੇਖ ਕੇ। ਉਹ ਕਿਸਾਨ ਵੀ ਬੈਠ ਗਿਆ। ਕਹਿਣ ਲੱਗੇ, ਕਿਸਾਨ! ਆਹ ਕੀ ਤੂੰ ਹੁਲੀਆ ਬਣਾਇਆ ਹੈ ਬਲਦਾਂ ਦਾ ਤੇ ਆਪ ਦਾ। ਕਹਿੰਦਾ ਮਹਾਰਾਜ! ਇਥੇ ਇਕ ਪੰਛੀ ਹੈ ਉਹਦੀ ਚੁੰਝ ਐਨੀ ਤਿੱਖੀ ਹੈ ਜੇ ਉਹ ਮਾਰ ਦੇਵੇ ਉਹ ਮਾਸ ਕੱਢ ਲੈ ਜਾਂਦਾ ਹੈ। ਏਸ ਕਰਕੇ ਤਾਰਾਂ ਦਾ ਅਸੀਂ ਝੁੱਲ ਪਾ ਦਿਤਾ। ਅਸੀਂ ਕੋਟ ਪਾ ਲਿਆ ਤੇ ਟੋਪ ਲੈ ਲਿਆ। ਪੈਰਾਂ 'ਚ ਇਥੇ ਇਕ ਬਿੱਛੂ ਹੈ ਐਨਾ ਜ਼ਹਿਰੀਲਾ ਹੈ ਕਿ ਜੇ ਲੜ ਜਾਏ ਤਾਂ ਆਦਮੀ ਬਚਦਾ ਨਹੀਂ। ਬਲਦ ਵੀ ਨਹੀਂ ਬਚਦਾ। ਸੋ ਓਸ ਤੋਂ ਬਚਾਓ ਵਾਸਤੇ ਅਸੀਂ ਫੁਟਲਸ ਪਾ ਦਿੰਦੇ ਹਾਂ, ਬਣਾ ਕੇ। ਕਹਿਣ ਲੱਗੇ, ਰਾਮਚੰਦਰ ਜੀ! ਇਥੇ ਜ਼ਮੀਨ ਦਾ ਘਾਟਾ ਹੈ

ਭਾਰਤ ਵਰਸ਼ ਵਿਚ? ਲਿਆ ਤੈਨੂੰ ਜਿੰਨੀ ਜੀਅ ਕਰਦਾ ਹੈ ਵਧੀਆ ਜ਼ਮੀਨ ਦਿਵਾ ਦੇਈਏ। ਜਿਥੇ ਮਾੜੀ ਜਿਹੀ ਫਸਲ ਬੀਜੋ ਪਾਣੀ ਨਾਲ ਹੋ ਜਾਂਦੀ ਹੈ। ਤੂੰ ਇੱਥੇ ਟੱਕਰਾਂ ਕਿਉਂ ਮਾਰਦਾ ਹੈਂ? ਕਹਿੰਦਾ, ਵਾਹ ਓਏ ਤੁਹਾਡੇ, ਨਾਲੇ ਮੈਂ ਤੁਹਾਨੂੰ ਪਾਣੀ ਪਿਲਾਇਆ, ਨਾਲੇ ਤੁਸੀਂ ਉਲਟੀ ਮਤ ਦਿੰਦੇ ਓਂ। ਕਹਿੰਦਾ, ਮੈਨੂੰ ਤੁਸੀਂ ਰਾਮਚੰਦਰ ਹੀ ਸਮਝ ਲਿਆ, ਆਪਣੀ ਇਸਤਰੀ ਤੇ ਜ਼ਮੀਨ ਨੂੰ ਕੋਈ ਨਹੀਂ ਛੱਡਦਾ ਹੁੰਦਾ ਭਾਈ। ਮੈਨੂੰ ਤੁਸੀਂ ਰਾਮਚੰਦਰ ਸਮਝਦੇ ਓਂ। ਰਾਮਚੰਦਰ ਜੀ ਲਛਮਣ ਵਲ ਦੇਖਣ ਲੱਗ ਗਏ ਕਹਿੰਦੇ, ਲੱਛਮਣ! ਓਧਰ ਦੂਜੀ ਗੱਲ ਕਹਿੰਦੇ, ਓਧਰ ਦੂਜੀ ਕਹਿੰਦੇ ਨੇ। ਸੋ ਇਹਨੂੰ ਲੋਕ ਲਾਜ ਕਹਿੰਦੇ ਨੇ, ਲੋਕ ਲਾਜ ਵਿਚ ਕੋਈ ਬੰਦਾ ਵੀ ਸਾਰਿਆਂ ਨੂੰ ਸੰਤੁਸ਼ਟ ਨਹੀਂ ਕਰਿਆ ਕਰਦਾ। ਜਿੰਨੀ ਕੁ ਉਸਤਤਿ ਹੁੰਦੀ ਹੈ ਓਨੀ ਕੁ ਨਿੰਦਿਆ ਵੀ ਨਾਲ ਸਹਿਣੀ ਪੈਂਦੀ ਹੈ। ਮਹਾਰਾਜ ਕਹਿੰਦੇ ਦੋਵੇਂ ਛੱਡ ਦਿਓ –

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥
ਅੰਗ – ੨੧੯

ਅੰਨੁਸ਼ਠਾਨ ਵਾਸ਼ਨਾ ਹੋਇਆ ਕਰਦੀ ਹੈ, ਸ਼ਾਸਤਰ ਵਾਸ਼ਨਾ ਹੋਇਆ ਕਰਦੀ ਹੈ, ਕਿਤਾਬਾਂ ਪੜ੍ਹੀ ਜਾਣੀਆਂ, ਕੁਟੇਸ਼ਨਾਂ ਲਿਖੀ ਜਾਣੀਆਂ, ਲਿਖ-ਲਿਖ ਕੇ ਸੁਣਾਈ ਜਾਣੀਆਂ। ਉਹਨੂੰ ਗਧਾ ਕਹਿੰਦੇ ਨੇ ਕਿਤਾਬਾਂ ਢੋਣ ਵਾਲਾ ਗਧਾ। ਤੇ ਅੱਗੇ ਹੁੰਦਾ ਹੈ ਸੰਤ, ਸਾਧੂ, ਮਹਾਤਮਾ, ਤਾਂਤਰੀ, ਛੀਲੇ ਕੱਟਦੇ ਨੇ, ਛੀਲੇ ਕੱਟ ਕੇ ਲੋਕਾਂ ਨੂੰ ਧਾਗੇ ਦਿੰਦੇ ਨੇ, ਮੰਤਰ ਦਿੰਦੇ ਨੇ, ਲਾਚੀਆਂ ਦੇਈ ਜਾਂਦੇ ਨੇ, ਲੈ-ਲੈ ਕੇ ਲੋਕ ਉਹਨੂੰ ਖਿਲਾ ਦਿਤੀ, ਫਲਾਣੇ ਨੂੰ ਖਿਲਾ ਦਿਤੀ, ਉਹ ਤਾਂਤਰੀ ਕਹਾਉਂਦੇ ਨੇ। ਅੰਨੁਸ਼ਠਾਨ ਵਾਸ਼ਨਾ, ਮਿਹਨਤ ਕਰਦੇ ਨੇ, ਰੱਬ ਦਾ ਭਜਨ ਨਹੀਂ ਕਰਦੇ।

ਸੋ ਗੁਰੂ ਨਾਨਕ ਸਾਹਿਬ ਕਹਿਣ ਲੱਗੇ, ਨਵਾਬ ਸਾਹਿਬ! ਏਸ ਤਰ੍ਹਾਂ ਦੀਆਂ ਅਨੇਕਾਂ ਵਾਸ਼ਨਾਵਾਂ ਮਨ ਨੂੰ ਘੇਰ ਕੇ ਰੱਖਦੀਆਂ ਨੇ। ਸੋ ਆਦਮੀ ਨਾਮ ਨਹੀਂ ਜਪ ਸਕਦਾ। ਮਰਦਾਨਾ ਕਹਿਣ ਲੱਗਿਆ ਕਿ ਸੁਮੱਤ ਦੇ ਕੇ ਮਹਾਰਾਜ ਨੇ ਸਭ ਨੂੰ ਸਹੀ ਰਸਤੇ ਤੇ ਪਾਇਆ। ਕਹਿਣ ਲੱਗੇ, ਰਾਇ ਜੀ! ਜੋ ਨਵਾਬ ਦੌਲਤਖਾਨ ਸੀ ਉਹ ਗੁਰੂ ਨਾਨਕ ਦਾ ਮੁਰੀਦ ਬਣ ਗਿਆ। ਮੁਰੀਦ ਬਣ ਕੇ ਉਨ੍ਹਾਂ ਦੇ ਚਰਨਾਂ ਤੋਂ, ਚਰਨਾਅੰਮ੍ਰਿਤ ਲੈ ਕੇ ਉਸਨੇ, ਉਨ੍ਹਾਂ ਤੋਂ ਨਾਮ ਲੈ ਕੇ ਉਹ ਨਾਮ ਜਪਣ ਲੱਗ ਗਿਆ।

ਰਾਇ ਬੁਲਾਰ ਕਹਿਣ ਲੱਗਿਆ, ਧਨ ਹੈ ਉਹ। ਜਿਸਨੂੰ ਮੇਰੇ ਗੁਰੂ ਨਾਨਕ ਦੀ ਸੋਝੀ ਪੈ ਗਈ। ਮਰਦਾਨੇ ਨੇ ਕਿਹਾ ਕਿ ਉਸ ਤੋਂ ਬਾਅਦ ਅਸੀਂ ਭਾਈ ਲਾਲੋ ਦੇ ਚਲੇ ਗਏ, ਗੁਰੂ ਨਾਨਕ ਪਾਤਸ਼ਾਹ ਕਾਫੀ ਦਿਨ ਰਹੇ। ਉਥੇ ਸ਼ਿਕਾਇਤ ਕਰ ਦਿਤੀ ਕੱਟੜਾਂ ਨੇ ਕਿ ਗੁਰੂ ਨਾਨਕ ਖੱਤਰੀ ਹੋ ਕੇ ਲਾਲੋ ਤਰਖਾਣ ਦੇ ਘਰ ਰਹਿੰਦਾ ਹੈ, ਜਿਨ੍ਹਾਂ ਨੂੰ ਸ਼ੂਦਰ ਕਹਿੰਦੇ ਨੇ। ਸ਼ੂਦਰਾਂ ਦੀ ਵੰਡ ਦੋ ਤਰ੍ਹਾਂ ਦੀ ਕਰੀ ਹੋਈ ਸੀ ਇਨ੍ਹਾਂ ਲੋਕਾਂ ਨੇ ਕਿ ਜਿਹੜੇ ਬੰਦੇ ਦੇ ਰੋਟੀ ਕਮਾਉਣ ਵਾਸਤੇ ਸਰੀਰ ਵਿਚੋਂ ਪਸੀਨਾ ਆ ਜਾਵੇ ਉਹ ਸ਼ੂਦਰ ਹੈ। ਉਨ੍ਹਾਂ 'ਚ ਦੋ ਨੇ, ਜਿਨ੍ਹਾਂ ਨੂੰ untouchable ਕਹਿੰਦੇ ਨੇ ਕਿ ਹੱਥ ਲਾਇਆ, ਹੱਥ ਭਿੱਟ ਹੋ ਜਾਂਦਾ ਹੈ। ਇਕ ਉਹ ਨੇ ਜਿਨ੍ਹਾਂ ਦੇ ਪੱਕਿਆ ਹੋਇਆ ਨਹੀਂ ਖਾਣਾ ਜੇ ਖਾਣਾ ਤਾਂ ਉਨ੍ਹਾਂ ਦੇ ਘਰ 'ਚੋਂ ਆਪ ਪਕਾ ਕੇ ਖਾਣਾ ਹੈ। ਜਾਤ ਪਾਤ ਦੀ ਵੰਡ ਬਹੁਤ ਗਹਿਰੀ ਸੀ। ਕਹਿਣ ਲੱਗੇ, ਭਾਈ ਲਾਲੋ ਕੀਰਤੀ, ਪਰ ਰੱਬ ਦਾ ਪਿਆਰਾ। ਗੁਰੂ ਨਾਨਕ ਦਾ ਪ੍ਰਵਾਨ ਕੀਤਾ ਗੁਰਸਿੱਖ। ਨਿਰਾ ਹੀ ਪਿਆਰ ਦੀ ਮੂਰਤ। ਰਾਇ ਜੀ! ਉਹਦੀ ਐਨੀ ਨਿੰਦਿਆ ਕਿ ਜਾ ਕੇ ਮਲਕ ਭਾਗੋ, ਜੋ ਉਸ ਪਰਗਣੇ ਦਾ ਮਾਲਕ ਸੀ ਓਸ ਦੇ ਕੋਲ ਕਰ ਦਿਤੀ। ਉਹਨੇ ਬ੍ਰਹਮਭੋਜ ਕਰਿਆ, ਗੁਰੂ ਨਾਨਕ ਨੇ ਜਵਾਬ ਦੇ ਦਿਤਾ, ਅਖੀਰ ਗੁਰੂ ਨਾਨਕ ਨੇ ਕਿਹਾ ਕਿ ਤੈਨੂੰ ਜਾਣਾ ਪੈਣਾ ਹੈ, ਉਥੇ ਚਲੇ ਗਏ ਤਾਂ ਉਥੇ ਗੁਰੂ ਨਾਨਕ ਪਾਤਸ਼ਾਹ ਨੂੰ ਕਹਿਣ ਲੱਗੇ ਤੂੰ ਬ੍ਰਹਮ ਭੋਜ ਖਾਂਦਾ ਕਿਉਂ ਨਹੀਂ। ਉਨ੍ਹਾਂ ਨੇ ਕਿਹਾ ਕਿ ਮੈਨੂੰ ਭੁੱਖ ਹੀ ਨਹੀਂ ਹੈ। ਫੇਰ ਕਹਿਣ ਲੱਗੇ, ਮਲਕ ਜੀ! ਇਹ ਤੁਹਾਡੀ ਕਮਾਈ ਪਵਿੱਤਰ ਨਹੀਂ ਹੈ, ਜਿਹੜੇ ਲਾਲੋ ਦਾ ਤੁਸੀਂ ਮੈਨੂੰ ਮੇਹਣਾ ਮਾਰਦੇ ਓਂ ਉਹ ਦੱਸਾਂ ਨੌਹਾਂ ਦੀ ਕਮਾਈ ਕਰਕੇ, ਉਹ ਤਾਂ ਜਿਹਦੇ ਮੁੱਖ ਵਿਚ ਚਲੀ ਜਾਏਗੀ ਉਹ ਨਾਮ ਜਪਣ ਲੱਗ ਜਾਏਗਾ। ਤੇਰੀ ਗਰਾਹੀ ਜਿਸਦੇ ਮੁੱਖ 'ਚ ਚਲੀ ਜਾਏਗੀ ਉਹ ਨਾਮ ਜਪਦਾ ਹੋਇਆ ਭੁੱਲ ਜਾਏਗਾ–

ਜਾ ਕੀ ਰਹਿਤ ਨ ਜਾਣੀਐ ਗੁਰਬਾਣੀ ਨਹੀਂ ਗੀਤ
ਤਿਸ ਦੇ ਹਥਹੁ ਖਾਧੀਐ ਵਿਸਰੈ ਹਰਿ ਕੀ ਪ੍ਰੀਤ।

ਸੋ ਉਥੇ ਗੁਰੂ ਨਾਨਕ ਨੇ ਕੌਤਕ ਕਰਿਆ ਤੇ ਲਾਲੋ ਦੇ ਸੁੱਕੇ ਟੁਕੜੇ ਮੰਗਾਏ ਤੇ ਇਹਦੇ ਬ੍ਰਹਮ ਭੋਜ ਦੀਆਂ ਪੂਰੀਆਂ ਮੰਗਾਈਆਂ ਤੇ ਦੋ ਥਾਲੀਆਂ ਲੈ ਲਈਆਂ ਤੇ ਹੱਥ 'ਚ ਨਪੀੜ ਦਿਤੇ। ਮਲਕ ਭਾਗੋ ਦੇ ਮਾਲ ਪੂੜਿਆਂ ਦੇ ਵਿਚੋਂ ਖੂਨ ਚੱਲ ਰਿਹਾ ਹੈ ਤੇ ਲਾਲੋ ਦੇ ਸੁੱਕੇ ਟੁਕੜੇ ਦੇ ਵਿਚੋਂ ਜੋ ਬਾਜਰੇ ਦਾ ਸੀ ਉਹਦੇ ਵਿਚੋਂ ਦੁੱਧ ਦੀ ਧਾਰ ਚੱਲ ਰਹੀ ਹੈ। ਉਸ ਵੇਲੇ ਗੁਰੂ ਨਾਨਕ ਜੀ ਨੇ ਉਸਨੂੰ ਕਿਹਾ ਕਿ ਮਲਕ ਜੀ, ਪੁੰਨ ਕਰਦਾ ਹੈਂ ਕਿ ਪਾਪ ਕਰਦਾ ਹੈਂ? ਲੋਕਾਂ ਤੋਂ ਖੋਹ-ਖੋਹ ਕੇ ਲਿਆ ਕੇ ਫੇਰ ਤੂੰ ਦਾਨ ਕਰਦਾ ਹੈਂ, ਇਹਨੂੰ ਪਿਆਰਿਆ ਦਾਨ ਦਾ ਫਲ ਨਹੀਂ ਮਿਲਣਾ। ਕਦੇ ਅਸੂਲ ਉਲਟ ਹੋਇਆ ਹੈ? –

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥
ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥
ਅੰਗ – ੧੩੭੯

ਕਹਿਣ ਲੱਗੇ, ਮਲਕ ਜੀ! ਤੁਸੀਂ ਹਾਕਮ ਲੋਕ ਓਂ, ਇਕ ਗੱਲ ਇਨਸਾਫ ਦੀ ਦੱਸੋ ਕਿ ਬੀਜੇ ਕਿੱਕਰ ਤੇ ਉਹਨੂੰ ਅੰਗੂਰ ਲਗਦੇ ਨੇ ਕਦੇ? ਕਹਿੰਦਾ ਨਹੀਂ। ਕੱਤਦੀ ਤਾਂ ਰਹੀ ਬੀਬੀ ਕਪਾਹ, ਕਹਿੰਦੀ ਹੈ ਉੱਨ ਮੈਨੂੰ ਮਿਲ ਜਾਵੇ, ਰੇਸ਼ਮ ਮਿਲ ਜਾਵੇ। ਉਹ ਮਿਲ ਸਕਦਾ ਹੈ? ਕਹਿੰਦਾ ਨਹੀਂ। ਇਹ ਤਾਂ –

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥
ਅੰਗ – ੧੩੪

ਕਿੰਨੇ ਤੂੰ ਪਾਪ ਬੀਜਦਾ ਹੈਂ, ਕਿੰਨੇ ਧੱਕੇ ਕਰਦਾ ਹੈਂ,

ਕਿੰਨਾ ਪਰਜਾ ਤੋਂ ਅਨਾਜ ਖੋਂਹਦਾ ਹੈਂ ਤੇ ਫੇਰ ਬੜਾ ਦਾਨੀ ਬਣ ਜਾਂਦਾ ਹੈਂ। ਯਾਦ ਰੱਖ ਜਿਹੜੇ ਆਹ ਕਰਮ ਤੂੰ ਕੀਤੇ ਨੇ, ਇਹ ਕੀਤੇ ਹੋਏ ਕਰਮ ਲਿਖੇ ਗਏ, ਇਹ ਅੱਟਲ ਹੋ ਗਏ। ਫੇਰ ਧਰਮਰਾਜ ਦੀ ਦਰਗਾਹ 'ਚ ਜਾ ਕੇ ਤੈਨੂੰ ਇਹ ਭੋਗਣੇ ਪੈਣੇ ਨੇ, ਸਜਾਵਾਂ ਮਿਲਣੀਆਂ ਨੇ ਇਹਦੀਆਂ। ਇਹ ਨਹੀਂ ਹੈ ਕਿ ਤੂੰ ਕਰ ਗਿਆ ਤੇ ਤੈਨੂੰ ਕੋਈ ਰੋਕਣ ਵਾਲਾ ਨਹੀਂ। ਐਥੇ ਤਾਂ ਤੂੰ ਕਰ ਗਿਆ ਤੇ ਸੰਸਾਰ 'ਚ ਸਦਾ ਤੂੰ ਰਹਿਣਾ ਨਹੀਂ। ਇਥੋਂ ਚਲੇ ਜਾਣਾ ਹੈ ਤੇ ਜਦੋਂ ਦਰਗਾਹ 'ਚ ਜਾਵੇਂਗਾ ਪਿਆਰਿਆ! ਉਥੇ ਫੇਰ ਅੱਖਾ ਹੋ ਜਾਏਂਗਾ ਤੇ ਮਹਾਂਪੁਰਸ਼ਾਂ ਦਾ ਕਹਿਣਾ ਮੰਨ।

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥
ਅੰਗ - ੧੩੭੯

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥
ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥
ਮਨ ਮੇਰੇ ਭੂਲੇ ਕਪਟੁ ਨ ਕੀਜੈ ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧ ॥ਰਹਾਉ॥
ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥
ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥ ੨ ॥
ਕਹਤੁ ਕਬੀਰੁ ਕੋਈ ਨਹੀ ਤੇਰਾ ॥
ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ॥
ਅੰਗ - ੬੫੬

ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥
ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥
ਸੰਨੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥
ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥
ਅੰਗ - ੩੧੫

ਕਬੀਰ ਲੇਖਾ ਦੇਨਾ ਸੁਹੇਲਾ
ਜਉ ਦਿਲ ਸੂਚੀ ਹੋਇ ॥
ਉਸੁ ਸਾਚੇ ਦੀਬਾਨ ਮਹਿ
ਪਲਾ ਨ ਪਕਰੈ ਕੋਇ ॥ ਅੰਗ - ੧੩੭੫

ਕਹਿਣ ਲੱਗੇ, ਮਲਕ! ਆਹ ਖੂਨ ਤੂੰ ਸਾਧੂਆਂ ਨੂੰ ਖਿਲਾਉਂਦਾ ਹੈਂ। ਭਜਨ ਰਹਿ ਜਾਏਗਾ ਇਨ੍ਹਾਂ ਦਾ? ਪੁੰਨ ਦਾਨ ਬਚ ਜਾਣਗੇ ਇਨ੍ਹਾਂ ਦੇ ਕੀਤੇ ਹੋਏ? ਜਿਥੇ ਤੂੰ ਨਰਕਾਂ ਨੂੰ ਜਾਏਂਗਾ ਜਿਨ੍ਹਾਂ ਨੂੰ ਦਾਨ ਦਿੰਦਾ ਹੈਂ ਇਹ ਵੀ ਨਰਕਾਂ ਨੂੰ ਜਾਣਗੇ। ਕਹਿਣ ਲੱਗੇ, ਰਾਇ ਸਾਹਿਬ! ਸਮਝਾ ਦਿਤਾ, ਚਰਨੀਂ ਢਹਿ ਪਿਆ ਜੋ ਉਥੇ ਦਾ ਨਵਾਬ ਸੀ ਜ਼ਾਲਮ ਖਾਂ, ਉਹਨੂੰ ਵੀ ਗੁਰੂ ਨਾਨਕ ਨੇ ਸੁਮੱਤ ਦਿਤੀ। ਐਨੇ ਬਚਨ ਸੁਣਦਾ-ਸੁਣਦਾ, ਰਾਇ ਬੁਲਾਰ ਦੇ ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਬਹੁਤ ਮਨ ਦੇ ਅੰਦਰ ਸ਼ਰਧਾ ਤੇ ਪਿਆਰ ਜਾਗਿਆ ਹੋਇਆ ਹੈ। ਓਸ ਵੇਲੇ ਮਰਦਾਨਾ ਜੀ ਕਹਿਣ ਲੱਗੇ, ਰਾਇ ਜੀ! ਗੁਰੂ ਨਾਨਕ ਨੂੰ ਬੰਦਾ ਨਾ ਕਹੋ, ਬੜੀ ਭਾਰੀ ਭੁੱਲ ਹੈ, ਜਿਹੜੇ ਉਸਨੂੰ ਇਕ ਮਨੁੱਖ ਜਾਣਦੇ ਨੇ। ਗੁਰੂ ਨਾਨਕ ਤਾਂ ਸਾਖਸ਼ਾਤ ਅੱਲਾਹ ਦਾ ਰੂਪ ਹੈ।

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ
ਇਕ ਵਸਤੁ ਅਨੂਪ ਦਿਖਾਈ ॥
ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ
ਨਾਨਕ ਭੇਦੁ ਨ ਭਾਈ ॥ ਅੰਗ - ੪੪੨

ਕਹਿਣ ਲੱਗਿਆ, ਰਾਇ ਜੀ! ਗੁਰੂ ਨਾਨਕ ਦੀ ਮਹਿਮਾ ਕੀਹਦੇ ਬਰਾਬਰ ਕਰਾਂ।

ਕਹਿ ਮਰਦਾਨਾ 'ਸੁਨਿਯੇ ਰਾਇ!
ਨਾਨਕ ਧਾਰਯੋ ਰੂਪ ਖੁਦਾਇ।
ਕਿਹ ਕੀ ਉਪਮਾ ਦੋਵੋਂ ਤਾਂਹੀ।
ਤਿਨ ਕੀ ਸਮ ਕੋ ਦੀਸਤਿ ਨਾਹੀ।
ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 467

ਸੰਸਾਰ ਦੇ ਉਤੇ ਤਾਂ ਕੋਈ ਨਜ਼ਰ ਨਹੀਂ ਆਉਂਦਾ ਜੀਹਦੇ ਵਰਗਾ ਮੈਂ ਗੁਰੂ ਨਾਨਕ ਨੂੰ ਕਹਿ ਸਕਾਂ। ਹਾਂ ਖੁਦਾ ਵਰਗਾ ਹੀ ਹੈ ਖੁਦਾ ਦਾ ਰੂਪ। ਐਨੇ ਬਚਨ ਜਦੋਂ ਖਬਰ ਸਾਰ ਸੁਣੀ, ਮਨ ਵਿਚ ਬੜਾ ਗੱਚ ਉਠਿਆ ਉਸਦੇ, ਅੱਖਾਂ ਦੇ ਵਿਚੋਂ ਜਲ ਜਾਂਦਾ ਹੈ ਰਾਇ ਬੁਲਾਰ ਦੇ। ਆਪਣੀ ਅਵਸਥਾ ਨੂੰ ਦੇਖਦਾ ਹੈ, ਗਲਾ ਰੁਕ ਗਿਆ, ਓਸ ਵੇਲੇ ਕਹਿਣ ਲੱਗਿਆ, ਭਾਈ ਮਰਦਾਨਾ! ਮੇਰੇ ਮਨ ਵਿਚ ਗੁਰੂ ਨਾਨਕ ਦੇ ਦਰਸ਼ਨਾਂ ਦੀ ਲੋਚਾ ਲੱਗੀ ਪਈ ਹੈ। ਪਰ ਪਿਆਰਿਆ! ਮੌਜ ਦੇ ਮਾਲਕ, ਪਤਾ ਨਹੀਂ ਕਦੋਂ ਮੋੜਾ ਪਾਉਣ, ਮੈਨੂੰ ਦਰਸ਼ਨ ਹੋ ਜਾਣ ਜਾਂ ਨਾ ਹੋ ਜਾਣ। ਮੈਂ ਤਾਂ ਦਿਨ ਰਾਤ ਲੋਚਦਾ ਹਾਂ, ਜਦ ਮੈਂ ਆਪਣੇ ਸਰੀਰ ਦੇਖਦਾ ਹਾਂ ਮੈਂ ਹੈਰਾਨ ਹੋ ਜਾਂਦਾ ਹਾਂ ਇਹਨੂੰ ਦੇਖ ਕੇ।

ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥
ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥
ਅੰਗ - ੨੩

ਭਾਈ ਮਰਦਾਨਾ! ਸਰੀਰ ਤਾਂ ਪੈਦਾ ਹੁੰਦਾ ਹੈ, ਫੇਰ ਜੁਆਨ ਹੁੰਦਾ ਹੈ ਫੇਰ ਉਸ ਤੋਂ ਬਾਅਦ ਬੁਢਾਪਾ ਆਉਂਦਾ ਹੈ ਫੇਰ ਉਸ ਤੋਂ ਬਾਅਦ ਜਾਣਾ ਹੀ ਜਾਣਾ ਹੋਇਆ ਕਰਦਾ ਹੈ।

ਇਹ ਚੀਜ਼ਾਂ ਨਾ ਧਨ ਸਦਾ ਰਹਿੰਦਾ ਹੈ, ਨਾ ਜੋਬਨ ਰਹਿੰਦਾ ਹੈ, ਨਾ ਫੁੱਲਾਂ ਦੀ ਬਾੜੀ ਰਹਿੰਦੀ ਹੈ।

ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ॥
ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥
ਅੰਗ - ੨੩

ਜਿੰਨਾ ਚਿਰ ਤੱਕ ਜੋਬਨ ਹੈ, ਤਕੜਾ ਹੈਂ ਓਨੀਂ ਦੇਰ ਤੱਕ ਨਾਮ ਦਾ ਰੰਗ ਮਾਣ ਲੈ।

ਰਾਇ ਬੁਲਾਰ ਕਹਿਣ ਲੱਗੇ ਕਿ ਮਰਦਾਨਾ ਜੀ! ਦੇਖੋ ਮੇਰੀ ਉਮਰ ਵਲ ਸਰੀਰ ਸਾਥ ਨਹੀਂ ਦੇ ਰਿਹਾ। ਵਡੇਰੀ ਉਮਰ ਹੋ ਗਈ ਤੇ ਮੇਰੇ ਹਿਰਦੇ ਦੇ ਅੰਦਰ ਗੁਰੂ ਨਾਨਕ ਦਾ ਪਿਆਰ ਹੈ, ਕਿਸ ਤਰ੍ਹਾਂ ਮੈਂ ਦੱਸਾਂ, ਜਿਵੇਂ ਚੰਦ ਚਕੋਰ ਦਾ ਪਿਆਰ ਹੁੰਦਾ ਹੈ, ਐਉਂ ਮੇਰਾ ਮਨ ਲੋਚਦਾ ਹੈ ਕਿ ਮੈਂ ਉਸਦੇ ਹਰ

ਵਕਤ ਦਰਸ਼ਨ ਕਰਾਂ। ਹਰ ਵਕਤ ਮੇਰੇ ਮਨ ਵਿਚ ਇਹ ਭਾਵਨਾ ਬਣੀ ਰਹਿੰਦੀ ਹੈ।

ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।
ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।
ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।
ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮਾਲੇ।
ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥
ਭਾਈ ਗੁਰਦਾਸ ਜੀ, ਵਾਰ 17/4

ਭਾਈ ਮਰਦਾਨਾ! ਇਨ੍ਹਾਂ ਦੀਆਂ ਪ੍ਰੀਤਾਂ ਮਸ਼ਹੂਰ ਨੇ, ਚੰਦ ਵਲ ਚਕੋਰ ਦੇਖਦਾ ਹੀ ਰਹਿੰਦਾ ਹੈ, ਚੰਦ ਨੂੰ ਚਾਹੇ ਪਤਾ ਹੈ ਚਾਹੇ ਨਹੀਂ ਪਤਾ, ਲੇਕਿਨ ਚਕੋਰ ਜਿਹੜਾ ਹੈ ਉਹ ਪਿਆਰ ਵਿਚ ਮਸਤ ਹੈ। ਚਕਵੀ ਦਾ ਸੂਰਜ ਨਾਲ ਪਿਆਰ ਹੈ, ਉਹਦੇ ਵਲ ਮੂੰਹ ਕਰਕੇ ਖੜ੍ਹਾ ਰਹਿੰਦਾ ਹੈ। ਜਿਸ ਵਕਤ ਸੂਰਜ ਛਿਪ ਜਾਂਦਾ ਹੈ ਜੋੜੀ ਉਸੇ ਵੇਲੇ ਅੱਡ ਹੋ ਜਾਇਆ ਕਰਦੀ ਹੈ। ਸੋ ਇਸੇ ਤਰ੍ਹਾਂ ਕਮਲ ਦਾ ਜਲ ਨਾਲ ਪਿਆਰ ਹੈ, ਮੋਰਾਂ ਤੇ ਬਬੀਹਿਆਂ ਨੂੰ ਬੱਦਲ ਕਾਲੇ ਚੰਗੇ ਲਗਦੇ ਨੇ। ਨਾਰ ਦਾ ਭਤਾਰ ਨਾਲ ਤੇ ਮਾਂ ਪੁੱਤ ਨੂੰ ਸੰਭਾਲਦੀ ਹੈ। ਐਸੇ ਤਰ੍ਹਾਂ ਮੇਰੇ ਮਨ ਵਿਚ ਪਿਆਰ ਹੈ। ਪਰ ਮੇਰਾ ਗੁਰੂ ਨਾਨਕ ਘਟ-ਘਟ ਦੇ ਜਾਨਣਹਾਰ ਹੈ। ਇਹ ਨਹੀਂ ਜਾਣਦੇ ਇਹ ਆ ਕੇ ਦਰਸ਼ਨ ਨਹੀਂ ਦੇ ਸਕਦੇ। ਇਹ ਪਿਆਰ ਐਨਾ ਜ਼ਬਰਦਸਤ ਹੈ ਕਿ ਇਹ ਘਟਦਾ ਨਹੀਂ ਹੈ ਕਿਸੇ ਤਰੀਕੇ ਨਾਲ।

ਸਲਿਲ ਨਿਵਾਸ ਜੈਸੇ ਮੀਨ ਕੀ ਨ ਘਟੈ ਰੁਚਿ,
(ਭਾਈ ਗੁਰਦਾਸ ਜੀ, ਕਬਿੱਤ 424)

ਪਾਣੀ 'ਚ ਰਹਿੰਦੀ ਹੈ ਮੱਛੀ ਪਰ ਸਾਰੀ ਜ਼ਿੰਦਗੀ ਉਹਦਾ ਪਾਣੀ ਨਾਲੋਂ ਕਦੇ ਪਿਆਰ ਨਹੀਂ ਟੁੱਟਦਾ।

ਦੀਪਕ ਪ੍ਰਗਾਸ ਘਟੈ ਪ੍ਰੀਤਿ ਨ ਪਤੰਗ ਕੀ॥
(ਭਾਈ ਗੁਰਦਾਸ ਜੀ, ਕਬਿੱਤ 424)

ਦੀਵਾ ਜਲਦਾ ਹੈ ਤੇ ਪਤੰਗਾ ਆ ਕੇ ਉਸ ਵਿਚ ਜਲੀ ਜਾਂਦਾ ਹੈ। ਦੂਜਾ ਜਲੀ ਜਾਂਦਾ ਹੈ, ਤੀਜਾ ਜਲੀ ਜਾਂਦਾ ਹੈ, ਪਰ ਪਿਆਰ ਨਹੀਂ ਇਨ੍ਹਾਂ ਦਾ ਟੁੱਟਦਾ।

ਕੁਸਮ ਸੁਬਾਸ ਜੈਸੋ ਤ੍ਰਿਪਤਿ ਨ ਮਧੁਪ ਕਉ
(ਭਾਈ ਗੁਰਦਾਸ ਜੀ, ਕਬਿੱਤ 424)

ਫੁੱਲਾਂ ਦੇ ਵਿਚ ਭੌਰਾ ਜਿਹੜਾ ਹੈ ਉਹ ਨਿਵਾਸ ਕਰ ਲੈਂਦਾ ਹੈ, ਫੁੱਲ ਬੰਦ ਹੋ ਜਾਂਦਾ ਹੈ ਤੇ ਉਹ ਉਸੇ ਵਿਚੇ ਹੀ ਮਰ ਜਾਂਦਾ ਹੈ।

ਉਡਤ ਅਕਾਸ ਆਸ ਘਟੈ ਨ ਬਿਹੰਗ ਕੀ॥
(ਭਾਈ ਗੁਰਦਾਸ ਜੀ, ਕਬਿੱਤ 424)

ਜਾਨਵਰ ਜਿਹੜੇ ਉਡਦੇ ਨੇ ਅਕਾਸ਼ ਵਿਚ, ਉਨ੍ਹਾਂ ਦਾ ਚਾਹ ਘਟਦੀ ਨਹੀਂ ਹੈ –

ਘਟਾ ਘਨਘੋਰ ਮੋਰ ਚਾਤ੍ਰਿਕ ਰਿਦੈ ਉਲਾਸ,
(ਭਾਈ ਗੁਰਦਾਸ ਜੀ, ਕਬਿੱਤ 424)

ਜਦੋਂ ਘਨਘੋਰ ਘਟਾ ਆਉਂਦੀਆਂ ਨੇ, ਮੋਰਾਂ ਦੇ ਚਿੱਤਾਂ 'ਚ ਖੁਸ਼ੀ ਹੁੰਦੀ ਹੈ, ਚਾਤ੍ਰਿਕ ਦੇ ਚਿੱਤ 'ਚ ਖੁਸ਼ੀ ਹੁੰਦੀ ਹੈ –

ਨਾਦ ਬਾਦ ਸੁਨਿ ਰਤਿ ਘਟੈ ਨ ਕੁਰੰਗ ਕੀ॥
ਤੈਸੇ ਪ੍ਰਿਅ ਪ੍ਰੇਮ ਰਸ ਰਸਿਕ ਰਸਾਲ ਸੰਤ,
ਘਟਤ ਨ ਤ੍ਰਿਸਨਾ ਪ੍ਰਬਲ ਅੰਗ ਅੰਗ ਕੀ॥
(ਭਾਈ ਗੁਰਦਾਸ ਜੀ, ਕਬਿੱਤ 424)

ਘੰਡੇਹੇੜੇ ਦਾ ਸ਼ਬਦ ਸੁਣਦਾ ਹੈ, ਹਰਨ ਲਿਟਣ ਲਗ ਜਾਂਦਾ ਹੈ, ਸ਼ਿਕਾਰੀ ਆ ਕੇ ਫੜ ਲੈਂਦਾ ਹੈ ਲੇਕਿਨ ਉਹਦੀ ਰੁਚੀ ਨਹੀਂ ਭੌਰਾ ਜਿੰਨੀ ਵੀ ਘਟਦੀ। ਅਫੁਰ ਅਵਸਥਾ ਹੁੰਦੀ ਹੈ ਉਹਨੂੰ ਕੋਈ ਪਤਾ ਨਹੀਂ ਕਿ ਮੈਨੂੰ ਸ਼ਿਕਾਰੀ ਆ ਕੇ ਫੜ ਲਏਗਾ। ਐਸੇ ਤਰ੍ਹਾਂ ਜਿਹੜੇ ਪ੍ਰਮੇਸ਼ਰ ਨੂੰ ਪਿਆਰ ਕਰਦੇ ਨੇ ਸਾਧੂ ਲੋਕ, ਉਨ੍ਹਾਂ ਦੇ ਮਨ ਵਿਚ ਹਰ ਵਕਤ ਪਿਆਰ ਬਣਿਆ ਰਹਿੰਦਾ ਹੈ।

ਸੋ ਮੈਂ ਕੀ ਦੇਵਾਂ ਭਾਈ ਮਰਦਾਨਾ, ਮੇਰੇ ਸਤਿਗੁਰੂ ਦੇ ਤੁਸੀਂ ਦੋਵਾਂ ਜਣਿਆਂ ਨੇ ਬਚਨ ਸੁਣਾਏ ਨੇ ਤੇ ਉਨ੍ਹਾਂ ਦੇ ਹੀ ਹੁਕਮ ਦੇ ਮੁਤਾਬਿਕ ਕੀਮਤ ਵੱਡੀ ਤੋਂ ਵੱਡੀ ਦਿਤੀ ਜਾ ਸਕਦੀ ਹੈ।

ਤੈ ਸਾਹਿਬ ਕੀ ਬਾਤ ਜਿ ਆਖੈ
ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੇ ਕਰਿ ਬੈਸਣੁ ਦੀਜੈ
ਵਿਣੁ ਸਿਰ ਸੇਵ ਕਰੀਜੈ ॥ *ਅੰਗ - ੫੫੮*

ਭਾਈ ਮਰਦਾਨਾ! ਕੀ ਅਰਪਾਂ ਮੈਂ ਤੁਹਾਨੂੰ, ਮੇਰੇ ਸਾਹਿਬ ਦੇ ਤੁਸੀਂ ਐਨੀਆਂ ਗੱਲਾਂ ਸੁਣਾਈਆਂ ਨੇ, ਐਨੇ ਬਚਨ ਸੁਣਾਏ ਨੇ, ਮੇਰੇ ਕੋਲ ਦੇਣ ਨੂੰ ਨਹੀਂ ਕੁੱਛ। ਕੋਈ ਕੀਮਤ ਨਹੀਂ ਹੈ ਜੋ ਮੈਂ ਦੇ ਸਕਾਂ। ਤੁਸੀਂ ਮੇਰੇ ਗੁਰੂ ਨਾਨਕ ਨੂੰ ਕਿਸੇ ਤਰ੍ਹਾਂ ਨਾਲ ਮਿਲਾ ਸਕਦੇ ਓਂ। ਵੱਡੀ ਤੋਂ ਵੱਡੀ ਕੀਮਤ ਦੇਣ ਵਾਸਤੇ ਤਿਆਰ ਹਾਂ।

ਹਉ ਮਨੁ ਅਰਪੀ ਸਭੁ ਤਨੁ ਅਰਪੀ
ਅਰਪੀ ਸਭਿ ਦੇਸਾ ॥
ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ
ਜੋ ਪ੍ਰਭ ਦੇਇ ਸਦੇਸਾ ॥ *ਅੰਗ - ੨੪੭*

ਭਾਈ ਮਰਦਾਨਾ ਜੀ! ਤੁਸੀਂ ਧੰਨ ਹੋਂ ਮੇਰੇ ਮੁਰਸ਼ਦ ਦੇ ਨਾਲ ਜਾਂਦੇ ਓਂ। ਮੇਰਾ ਸਰੀਰ ਵਡੇਰਾ ਹੋ ਗਿਆ, ਮੇਰੇ 'ਚ ਤਾਕਤ ਨਹੀਂ ਰਹੀ ਤੁਰਨ ਦੀ। ਦੂਸਰਾ ਮੇਰੇ ਸਿਰ ਜਿਹੜੀ ਮੇਰੇ ਸਿਰ ਜ਼ਿੰਮੇਵਾਰੀ ਪੈ ਗਈ ਰਾਜ ਦੀ, ਇਹ ਮੈਨੂੰ ਛੱਡ ਕੇ ਜਾਣਾ ਬੜਾ ਔਖਾ ਹੈ ਤੇ ਮੈਂ ਕੀ ਅਰਪਾਂ ਤੁਸੀਂ ਮੈਨੂੰ ਸੰਦੇਸਾ ਦੇ ਰਹੇ ਓਂ, ਮੇਰਾ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਦਾ। ਮੇਰਾ ਮੇਲ ਕਰਾ ਦਿਓ ਉਨ੍ਹਾਂ ਨਾਲ। ਮੈਂ ਹਜ਼ਾਰ ਵਾਰੀ ਜਾਂਦਾ ਜੇ ਸਰੀਰ ਵਿਚ ਸ਼ਕਤੀ ਹੁੰਦੀ। ਪੈਰਾਂ ਭਾਰ ਨਾ ਮੈਂ ਤੁਰਦਾ, ਮੈਂ ਸਿਰ ਭਾਰ ਤੁਰ ਕੇ ਜਾਣਾ ਸੀ।

ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨ੍ਹਿ ॥
ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨ੍ਹਿ ॥
ਅੰਗ - ੧੩੮੪

ਭਾਈ ਮਰਦਾਨਾ ਜੇ ਮੇਰੇ ਵਿਚ ਬਲ ਹੁੰਦਾ ਤਾਂ ਮੈਂ ਸਿਰ ਦੇ ਭਾਰ ਚੱਲ ਕੇ ਆਉਂਦਾ।

ਮੇਰਾ ਸੰਦੇਸ਼ਾ ਦੇ ਦੇਈਂ ਗੁਰੂ ਨਾਨਕ ਪਾਤਸ਼ਾਹ ਨੂੰ। ਜੇ ਮੇਰੇ ਸਰੀਰ 'ਚ ਬਲ ਹੁੰਦਾ ਤਾਂ ਮੈਂ ਪੈਰਾਂ ਨਾਲ ਤੁਰ ਕੇ ਨਹੀਂ ਸੀ ਆਉਣਾ, ਸਿਰ ਦੇ ਭਾਰ ਚੱਲ ਕੇ ਆਉਣਾ ਸੀ। ਐਸੀ ਵੀ ਗੱਲ ਹੁੰਦੀ ਹੈ।

ਯੂ.ਪੀ. 'ਚ ਅਸੀਂ ਦੇਖਿਆ, ਨਾਨਕ ਮਤੇ ਨੂੰ ਜਾਇਆ ਕਰਦੇ ਨੇ। ਥਾਰੂ ਕੌਮ ਹੈ ਜਿਹੜੇ ਗੁਰੂ ਨਾਨਕ ਵੇਲੇ ਤੋਂ ਗੁਰੂ ਦੀ ਸਿੱਖੀ ਵਿਚ ਆਏ ਹੋਏ, ਆਪਣੇ ਰਹੁਰੀਤ, ਰਿਵਾਜਾਂ ਦੇ ਮੁਤਾਬਿਕ ਰਹਿੰਦੇ ਸੀ ਤੇ ਗੁਰੂ ਨਾਨਕ ਪਾਤਸ਼ਾਹ ਨਾਲ ਉਨ੍ਹਾਂ ਦੀ ਸਿੱਧੀ ਗੱਲ ਹੈ, ਸਾਡੇ ਵਾਲੀ ਨਹੀਂ ਹੈ, ਅਸੀਂ ਅਰਦਾਸ ਕਰਦੇ ਹਾਂ, ਅਰਦਾਸ ਦਾ ਉਨ੍ਹਾਂ ਨੂੰ ਪਤਾ ਹੀ ਨਹੀਂ। ਉਹ ਸਿੱਧਾ ਹੀ ਕਹਿੰਦੇ ਨੇ ਬਾਬਾ ਜੀ! ਮੈਨੂੰ ਆਹ ਤਕਲੀਫ ਹੈ ਮੇਰੀ ਇਹ ਦੂਰ ਕਰ ਦਿਓ, ਬਾਬਾ ਜੀ ਉਦੋਂ ਹੀ ਸੁਣ ਲੈਂਦੇ ਨੇ। ਹੈਰਾਨੀ ਦੀ ਗੱਲ ਹੈ।

ਸਾਡੇ ਇਕ ਨੌਕਰ ਸੀ ਰਾਮ ਸਰੂਪ ਸੀ ਉਹਦਾ ਨਾਉਂ। 40-45 ਸਾਲ ਦਾ ਹੋ ਗਿਆ ਸੀ, ਘਰਵਾਲੀ ਸੀ ਓਹਦੀ 42-43 ਸਾਲ ਦੀ। ਐਉਂ ਵੀ ਨਹੀਂ ਸੀ ਕਿ ਬੜਾ ਸ਼ੁੱਧ ਜੀਵਨ ਹੈ, ਪੀ ਲੈਂਦੀ ਸੀ ਸ਼ਰਾਬ ਕਿ ਤੂੰ ਇਹ ਕੀ ਕਰਦੀ ਹੈਂ, ਸਿਗਰਟਾਂ ਪੀਂਦੀ ਸੀ। ਨਾਨਕ ਮਤੇ ਨੂੰ, ਨੌਕਰਾਂ ਨੂੰ ਮੈਂ ਕਿਹਾ ਕਿ ਤੁਸੀਂ ਜਾਓ ਦਰਸ਼ਨ ਕਰ ਆਓ। ਕਿਉਂਕਿ ਉਹ ਮੰਨਦੇ ਗੁਰੂ ਨਾਨਕ ਨੂੰ ਨੇ, ਸਾਨੂੰ ਨਹੀਂ ਪਤਾ ਅਸੀਂ ਉਨ੍ਹਾਂ ਨੂੰ ਸੰਭਾਲ ਨਹੀਂ ਸਕੇ। ਟਰਾਲੀ ਦੇ ਦਿਤੀ, ਟਰੈਕਟਰ ਦੇ ਦਿਤਾ, ਉਹ ਕਹਿਣ ਲੱਗੀ ਮੈਨੂੰ ਕਿ ਬਾਬੂ ਜੀ! ਮੈਨੂੰ ਗੁਰੂ ਨਾਨਕ ਸਾਹਿਬ ਤੋਂ ਇਕ ਪੁੱਤਰ ਮਿਲ ਜਾਏਗਾ। ਕਹਿੰਦੀ, ਕਿਵੇਂ ਕਰਾਂ? ਮੈਂ ਕਿਹਾ, ਤੂੰ ਮੰਗੀ ਜਾਈਂ ਉਥੇ ਖੜ੍ਹ ਕੇ, ਨਾਹ ਕੇ ਆਈਂ ਪਹਿਲਾਂ, ਫੇਰ ਉਥੇ ਪੰਜਾ ਸਾਹਿਬ ਦੇ ਸਾਮ੍ਹਣੇ ਹੁੰਦੇ ਪਿੱਪਲ ਥੱਲੇ, ਉਥੇ ਕਹਿ ਦੇਈਂ ਮਹਾਰਾਜ ਨੂੰ। ਉਹ ਸਹਿਜ-ਸੁਭਾਅ ਗੱਲ ਹੋ ਗਈ। ਉਹਨੇ ਮੰਨ ਲਈ 100%। ਉਥੇ ਚਲੀ ਗਈ, ਜਾ ਕੇ ਇਸ਼ਨਾਨ ਕਰਕੇ ਆ ਕੇ ਜਿੱਥੇ ਮਹਾਰਾਜ ਪ੍ਰਕਾਸ਼ ਸੀ, ਉਥੇ ਕੋਈ ਪ੍ਰੇਮੀ ਸੀਗਾ ਬਾਹਰ ਲਾਇਆ ਹੋਇਆ ਪਹਿਰੇ ਤੇ, ਤੇ ਉਹ ਮੱਥਾ ਟੇਕ ਕੇ ਖੜ੍ਹ ਗਈ, ਇਕੋ ਹੀ ਗੱਲ ਕਹੀ ਜਾਏ ਕਿ ਬਾਬਾ ਜੀ! ਮੈਂ ਪੁੱਤਰ ਲੇਨੇ ਆਈ ਹੂੰ। ਜਿਹੜਾ ਉਥੇ ਗ੍ਰੰਥੀ ਬੈਠਾ ਸੀ ਉਹਦਾ ਸਹਿਜ ਸੁਭਾਅ ਸਿਰ ਹੇਠਾਂ ਨੂੰ ਹਿੱਲ ਗਿਆ। ਖੁਸ਼ ਹੋ ਗਈ ਕਿ ਹਾਂ ਕਹਿ ਦਿਤੀ ਬਾਬਾ ਜੀ ਨੇ। ਉਹਨੂੰ ਨਹੀਂ ਪਤਾ ਕਿ ਗੁਰੂ ਗ੍ਰੰਥ ਸਾਹਿਬ ਤੋਂ ਮੰਗੀਦਾ ਹੈ ਕਿ ਉਸ ਤੋਂ ਮੰਗੀਦਾ ਹੈ। ਸ਼ਰਧਾ ਦੀ ਗੱਲ ਹੈ ਭਰੋਸੇ ਦੀ। ਭਰੋਸੇ ਵਾਲਿਆਂ ਦੇ ਬੇੜੇ ਪਾਰ ਹੋਇਆ ਕਰਦੇ ਨੇ, ਚਤੁਰ ਜਿਹੜਾ ਹੈ ਉਹ ਡੁੱਬ ਜਾਇਆ ਕਰਦਾ ਹੈ। ਰੱਬ ਭੋਲਿਆਂ ਨੂੰ ਮਿਲਦਾ ਹੈ, ਭਰੋਸੇ ਵਾਲਿਆਂ ਨੂੰ ਮਿਲਿਆ ਕਰਦਾ ਹੈ। ਹੈਰਾਨ ਹੋ ਗਿਆ ਦੱਸ ਮਹੀਨੇ ਤੋਂ ਬਾਅਦ ਮਹਾਰਾਜ ਜੀ ਨੇ ਉਹਨੂੰ ਪੁੱਤਰ ਦੀ ਦਾਤ ਬਖਸ਼ ਦਿਤੀ। 45ਵਾਂ ਸਾਲ ਸੀ ਓਸਨੂੰ, ਓਹ ਲੋਕ ਜਿਸ ਵਕਤ ਉਥੇ ਜਾਂਦੇ ਨੇ ਤਾਂ ਕਹਿੰਦੇ ਨੇ ਬਾਬਾ ਜੀ! ਮੈਂ ਡੰਡਉਤਾਂ ਕਰਦਾ ਆਵਾਂਗੇ ਤੇਰੇ ਦਰ ਤੇ। ਜਿਸ ਥਾਂ ਤੋਂ ਕਲਸ ਦਿਸਣ ਲਗ ਜਾਂਦਾ ਹੈ। ਹੁਣ ਤਾਂ ਉੱਚਾ ਕਰ ਦਿਤਾ ਗੁਰਦੁਆਰਾ। ਚਾਰ ਪੰਜ ਮੀਲ ਤੋਂ ਦਿਸਦਾ ਹੈ। ਉਥੋਂ ਹੀ ਕੱਪੜੇ ਆਪਣੇ ਘਰਵਾਲੀ ਜਾਂ ਨਾਲ ਦਿਆਂ ਨੂੰ ਫੜਾ ਕੇ ਲੰਮੇ ਪੈਂਦੇ ਨੇ, ਲਕੀਰ ਕੱਢ ਲੈਂਦੇ ਨੇ, ਉਥੇ ਫੇਰ ਪੈਰ ਲਾ ਕੇ ਲੰਮੇ ਪੈਂਦੇ ਨੇ, ਫੇਰ ਲਕੀਰ ਕੱਢ ਲੈਂਦੇ ਨੇ। ਛਾਤੀਆਂ 'ਚੋਂ ਖੂਨ ਨਿਕਲ ਜਾਂਦਾ ਹੈ, ਇਕੋ ਹੀ ਗੱਲ ਧੰਨ ਗੁਰੂ ਨਾਨਕ-ਧੰਨ ਗੁਰੂ ਨਾਨਕ। ਗੁਰੂ ਨਾਨਕ ਦੇਵ ਕੀ ਜੈ। ਚਾਰ-ਚਾਰ ਮੀਲ ਪੈ ਕੇ ਆਉਂਦੇ ਨੇ।

ਬਹੁਤ ਸ਼ਰਧਾ ਹੋਵੇ ਤਾਂ ਐਸੇ ਬਚਨ ਆਇਆ ਕਰਦੇ ਨੇ ਕਿ ਮੈਂ ਸਿਰ ਦੇ ਭਾਰ ਚੱਲ ਕੇ ਆਵਾਂ। ਕਹਿਣ ਲੱਗੇ, ਭਾਈ ਮਰਦਾਨਾ! ਨਾ ਤਾਂ ਮੈਂ ਗੁਰੂ ਨਾਨਕ ਦੀ ਕੋਈ ਸੇਵਾ ਕਰੀ ਹੈ। ਅੰਦਰੋਂ ਤਾਂ ਮੈਂ ਓਸ ਵੇਲੇ ਪਛਾਣ ਲਿਆ ਸੀ, ਜਦੋਂ ਸੱਪ ਨੇ ਛਾਂ ਕਰੀ ਸੀ, ਫੇਰ ਮੇਰਾ ਨਿਹਚਾ ਵਧ ਗਿਆ ਜਿਸ ਵਕਤ ਬਿਰਛ ਦਾ ਸਾਇਆ ਇਨ੍ਹਾਂ ਉਤੇ ਪਿਆ, ਬਾਕੀ ਸਭ ਦੇ ਢਲ ਗਏ ਸੀ ਤੇ ਇਨ੍ਹਾਂ ਦਾ ਨਹੀਂ ਸੀ ਢਲਿਆ। ਤੀਸਰੀ ਵਾਰੀ ਜਦੋਂ ਮੈਂ ਦੇਖਿਆ ਕਿ ਮੱਝਾਂ ਖੇਤ ਸੱਚਮੁੱਚ ਚਰ ਗਈਆਂ, ਪਰ ਜਦੋਂ ਮੈਂ ਬੰਦਾ ਭੇਜਿਆ ਉਹ ਕਹਿੰਦੇ ਜੀ ਖੇਤ ਤਾਂ ਪਹਿਲਾਂ ਨਾਲੋਂ ਵੀ ਲਹਿ-ਲਹਾਉਂਦੇ ਨੇ। ਸਾਰਿਆਂ ਨਾਲੋਂ ਚੰਗਾ ਖੇਤ ਹੈ ਜਿਹਨੂੰ ਇਹ ਕਹਿੰਦਾ ਹੈ ਕਿ ਗੁਰੂ ਨਾਨਕ ਦੀਆਂ ਮੱਝੀਆਂ ਚਰ ਗਈਆਂ। ਬੱਸ ਉਸ ਵੇਲੇ ਮੈਂ ਦੇਖ ਲਿਆ ਕਿ ਇਹ ਤਾਂ ਅੱਲਾਹ ਤਾਲਾ ਦੀ ਜਾਤ ਛੁਪੀ ਪਈ ਹੈ, ਪਤਾ ਨਹੀਂ ਲਗਦਾ, ਮਹਿਤਾ ਜੀ ਨੂੰ ਤਾਂ ਬਿਲਕੁਲ ਹੀ ਪਤਾ ਨਹੀਂ ਲਗਦਾ। ਸੋ ਮੈਂ ਹੀ ਉਨ੍ਹਾਂ ਨੂੰ ਦੂਰ ਭੇਜ ਦਿਤਾ, ਐਥੇ ਹੁੰਦੇ ਸੀ ਮੈਂ ਦਰਸ਼ਨ ਕਰਦਾ ਸੀ, ਆਨੇ-ਬਹਾਨੇ ਮੈਂ ਲੰਘ ਜਾਣਾ, ਜਿਥੇ ਗੁਰੂ ਨਾਨਕ ਜੰਗਲ ਦੇ ਵਿਚ ਸਮਾਧੀ ਸਥਿਤ ਬੈਠਾ ਹੁੰਦਾ। ਹੁਣ ਮੇਰਾ ਤਨ ਕਿਸੇ ਕੰਮ ਦਾ ਨਹੀਂ ਰਿਹਾ, ਮੇਰੇ ਮਨ ਵਿਚ ਹਰ ਵਕਤ ਲਗਨ ਲੱਗੀ ਰਹਿੰਦੀ ਹੈ ਤੇ ਉਹਦੇ ਕਰਕੇ ਮੇਰੇ ਤਨ ਵਿਚ ਆਸ ਸੀ, ਮੈਂ ਤਾਂ ਬਿਲਕੁਲ ਖਾਲੀ ਹਾਂ।

ਜੇ ਨਦੀ ਹੈ ਉਸ ਵਿਚ ਜੇ ਪਾਣੀ ਨਹੀਂ ਉਸਦਾ ਕੀ ਫਾਇਦਾ, ਬਾਲੂ ਰੇਤ ਦਾ।

ਜਿਉਂ ਸਰਿਤਾ ਨਿਸ਼ਫਲ ਬਿਨਬਾਰੀ।
ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 469

ਚੰਦਰਮਾ ਤੋਂ ਬਗੈਰ ਜਿਹੜੀ ਕਾਲੀ ਰਾਤ ਹੈ ਉਹ ਕਿਸੇ ਕੰਮ ਦੀ ਨਹੀਂ।

ਹੀਨਮਯੰਕ ਸਰਬਰੀ ਕਾਰੀ।
ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 469

ਜਿਵੇਂ ਪਤੀ ਤੋਂ ਬਗੈਰ ਅਨਾਥ ਇਸਤ੍ਰੀ ਹੋਇਆ ਕਰਦੀ ਹੈ, ਉਹਦਾ ਜੀਵਨ ਕੁਛ ਨਹੀਂ ਹੁੰਦਾ।

ਜਿਉਂ ਅਨਾਥ ਬਿਨ ਭਰਤਾ ਨਾਰੀ।
ਤਿਉਂ ਤੁਮ ਮਯ ਬਿਨ ਦੇਹ ਹਮਾਰੀ।
(ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 469)

ਐਸੇ ਤਰ੍ਹਾਂ ਦੇ ਨਾਲ ਮੇਰੀ ਜਿਹੜੀ ਦੇਹ ਹੈ ਇਹ ਕਿਸੇ

ਕੰਮ ਦੀ ਨਹੀਂ ਹੈ। ਭਾਈ ਮਰਦਾਨਾ ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੋਈ ਤਰੀਕਾ ਕਰੋ, ਜਿਹਦੇ ਕਰਕੇ ਮੈਨੂੰ ਆ ਕੇ ਦਰਸ਼ਨ ਦੇਣ।

ਕਹਿਣ ਲੱਗਿਆ, ਮਹਾਰਾਜ! ਭਾਈ ਬਾਲਾ ਜੀ ਵੀ ਜੇ ਮੇਰੇ ਨਾਲ ਰਲ ਜਾਣ ਤਾਂ ਅਸੀਂ ਦੋਵੇਂ ਜਣੇ ਜਾ ਕੇ ਗੁਰੂ ਨਾਨਕ ਪਾਤਸ਼ਾਹ ਨੂੰ ਆਪ ਤੁਹਾਡੇ ਜਿਹੜੇ ਵਲਵਲੇ ਨੇ ਜਿਹੜੇ ਉਹਦੇ ਬਾਰੇ ਗਿਆਤ ਕਰਾਈਏ। ਕਹਿੰਦੇ, ਮੈਨੂੰ ਮਿਲਾ ਦੇਵੇ, ਕੋਈ ਮਿਲਾਓ। ਮੇਰਾ ਹਰ ਵਕਤ ਮਨ ਲੋਚਦਾ ਰਹਿੰਦਾ ਹੈ।

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ।। ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥ ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ॥ (ਸ਼ਬਦ ਹਜ਼ਾਰੇ)

ਹਰ ਵਕਤ ਮੇਰੇ ਮਨ ਵਿਚ ਰਹਿੰਦਾ ਹੈ ਕਿ ਮੈਨੂੰ ਦਰਸ਼ਨ ਹੋ ਜਾਣ ਤੇ ਮੈਂ ਲੋਚਦਾ ਹਾਂ, ਕੋਈ ਮਿਲਾ ਦਿਓ, ਤੁਸੀਂ ਮਿਲਾ ਦਿਓ।

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ
ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥
ਦਰਸਨੁ ਹਰਿ ਦੇਖਣ ਕੈ ਤਾਈ ॥
ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ
ਹਰਿ ਹਰਿ ਨਾਮੁ ਧਿਆਈ ॥ ਅੰਗ - ੭੫੭

ਭਾਈ ਮਰਦਾਨਾ ਮੇਰਾ ਮਨ ਹਰ ਵਕਤ ਲੋਚਦਾ ਹੈ। ਕੀ ਦੱਸਾਂ ਨਾ ਮੈਨੂੰ ਰੋਟੀ ਚੰਗੀ ਲਗਦੀ ਹੈ, ਨਾ ਮੈਨੂੰ ਨੀਂਦ ਆਉਂਦੀ, ਹਰ ਵਕਤ ਮੇਰਾ ਮਨ ਗੁਰੂ ਨਾਨਕ ਵਲ ਰਹਿੰਦਾ ਹੈ। ਪਿਆਰਿਆ! ਤੂੰ ਕਰ ਉਪਕਾਰ, ਮੈਂ ਤੇਰਾ ਅਹਿਸਾਨ ਜ਼ਿੰਦਗੀ ਭਰ ਨਹੀਂ ਭੁੱਲਾਂਗਾ।

ਕਰਿ ਮਰਦਾਨੇ! ਕਾਰਜ ਮੇਰਾ।
ਹੋਵੋਂ ਰਿਨੀ ਸਦਾ ਮੈਂ ਤੇਰਾ।
ਤਵ ਅਸਾਨ ਕਬਿ ਮਨ ਨ ਭੁਲਾਊਂ।
ਜੇ ਦਰਸ਼ਨ ਨਾਨਕ ਅਬ ਪਾਊਂ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 467

ਸਰੀਰ ਛੱਡਣ ਤੋਂ ਪਹਿਲਾਂ-ਪਹਿਲਾਂ ਜੇ ਮੈਨੂੰ ਗੁਰੂ ਨਾਨਕ ਦਾ ਦਰਸ਼ਨ ਹੋ ਜਾਵੇ, ਭਾਈ ਮਰਦਾਨਾ ਮੈਂ ਤੇਰਾ ਅਹਿਸਾਨ ਨਹੀਂ ਕਦੇ ਭੁਲਾਵਾਂਗਾ।

ਕਰਿ ਮੁਜ ਪਰ ਇਹ ਪਰ ਉਪਕਾਰਾ।
ਦਰਸਾਵਹੁ ਦਰਸ਼ਨ ਇਕ ਬਾਰਾ।
ਜਿਉਂ ਰੰਕਹਿ ਕੌ ਪਾਰਸ ਦੇਈ।
ਜਸ ਆਮੀ ਕੌ ਆਮ ਮਿਟੇਈ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 468

ਜਿਵੇਂ ਗਰੀਬ ਆਦਮੀ ਨੂੰ ਪਾਰਸ ਮਿਲ ਜਾਂਦਾ ਹੈ, ਐਸ ਤਰ੍ਹਾਂ ਦੇ ਨਾਲ ਮੇਰੀ ਹਾਲਤ ਹੈ। ਮੈਨੂੰ ਜੇ ਗੁਰੂ ਨਾਨਕ ਦਾ ਦਰਸ਼ਨ ਹੋ ਜਾਏ ਓਹਦੀ ਕੀਮਤ ਕੋਈ ਨਹੀਂ ਹੈ ਤੇ ਮੇਰਾ ਹਾਲ ਤਾਂ ਓਸ ਮੱਛੀ ਵਰਗਾ ਹੈ ਜਿਹੜੀ ਪਾਣੀ ਤੋਂ ਵਿਛੜੀ ਹੋਈ ਹੈ।

ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥
ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥

ਅੰਗ - ੭੦੮

ਭਾਈ ਮਰਦਾਨਾ! ਲਗਦਾ ਹੈ ਕਿ ਮੈਂ ਸਾਹ ਲੈ ਰਿਹਾ ਹਾਂ, ਪਰ ਮੈਂ ਗੁਰੂ ਨਾਨਕ ਤੋਂ ਬਗੈਰ ਜੀਵਨ ਤੋਂ ਖਾਲੀ ਹਾਂ। ਕ੍ਰਿਪਾ ਕਰ ਕਿਸੇ ਤਰੀਕੇ ਨਾਲ ਮੈਨੂੰ ਗੁਰੂ ਨਾਨਕ ਮਿਲਾ ਦੇ, ਮੈਂ ਤੇਰਾ ਅਹਿਸਾਨ ਨਹੀਂ ਭੁੱਲਾਂਗਾ।

ਇਹਨੂੰ ਸਾਧਸੰਗਤ ਜੀ! ਬਿਰਹਾ ਕਹਿੰਦੇ ਨੇ, ਜਿਸ ਹਿਰਦੇ 'ਚ ਬਿਰਹਾ ਨਹੀਂ ਪੈਂਦਾ ਹੁੰਦਾ ਵਾਹਿਗੁਰੂ ਵਾਸਤੇ, ਗੁਰੂ ਵਾਸਤੇ ਮਹਾਰਾਜ ਕਹਿੰਦੇ ਉਹ ਤਾਂ ਫਜ਼ੂਲ ਹੈ ਹਿਰਦਾ।

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ
ਸੋ ਤਨੁ ਜਾਣੁ ਮਸਾਨ ॥ ਅੰਗ - ੧੩੭੯

ਉਹ ਤਾਂ ਮਸਾਣਾਂ ਦੀ ਧਰਤੀ ਹੈ, ਜਿਥੇ ਪਿਆਰ ਨਾ ਹੋਵੇ ਪ੍ਰਭੂ ਦੀ ਖਿੱਚ ਨਾ ਹੋਵੇ। ਖਿੱਚ ਦੀ ਨਿਸ਼ਾਨੀ ਹੈ -

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ
ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।

ਡਾ. ਭਾਈ ਵੀਰ ਸਿੰਘ ਜੀ

ਸੋ ਜਿਸ ਦੇ ਅੰਦਰ ਬਿਰਹਾ ਨਹੀਂ ਉਪਜਦਾ ਉਹ ਤਾਂ ਮਸਾਣ ਹੈ -

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ
ਮੰਤੁ ਨ ਮਾਨੈ ਕੋਇ ॥
ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥

ਅੰਗ - ੧੩੬੮

ਇਹ ਵੈਰਾਗ ਦੀ ਨਿਸ਼ਾਨੀ ਹੁੰਦੀ ਹੈ ਸਾਧਸੰਗਤ ਜੀ! ਜੇ ਵੈਰਾਗ ਨਹੀਂ ਪੈਦਾ ਹੋਇਆ ਤਾਂ ਜੀਵਨ ਦੇ ਵਿਚ ਉਹ ਚੀਜ਼ ਨਹੀਂ ਆਈ ਜਿਹਦੇ ਨਾਲ ਪ੍ਰਮੇਸ਼ਰ ਦਾ ਮਿਲਾਪ ਹੋਣਾ ਹੈ। ਜੇ ਸੀਨੇ ਵਿਚ ਖਿੱਚ ਨਹੀਂ ਹੈ ਤਾਂ ਰੱਬ ਕਿੱਥੋਂ ਆ ਜਾਏਗਾ, ਪ੍ਰਮੇਸ਼ਰ ਤਾਂ ਪਿਆਰ ਦਾ ਬੰਨ੍ਹਿਆ ਹੋਇਆ ਹੈ।

ਸੋ ਇਸ ਤਰ੍ਹਾਂ ਦੀਆਂ ਬੇਨਤੀਆਂ ਕਰਦਾ ਹੈ ਕਿ ਭਾਈ ਮਰਦਾਨਾ! ਤੂੰ ਇਕ ਵਾਰੀ ਲੈ ਆ ਗੁਰੂ ਨਾਨਕ ਨੂੰ ਤੇ ਮੈਂ ਵੱਡੀ ਤੋਂ ਵੱਡੀ ਸੇਵਾ ਕਰਾਂਗਾ। ਆਪਣਾ ਆਪ ਨਿਛਾਵਰ ਕਰ ਦੇਵਾਂਗਾ ਤੇ ਇਥੇ ਤੱਕ ਕਿ ਜਿਹੜੀ ਉਹਦੀ ਸੇਜਾ ਵੀ ਜਿਹੜੀ ਹੈ ਉਹ ਆਪਣੀਆਂ ਅੱਖੀਆਂ ਦੀ ਵਿਛਾਵਾਂਗਾ।

ਮੁ ਬੀਆਊ ਸੇਜ ਨੈਣਾ ਪਿਰੀ ਵਿਛਾਵਣਾ ॥

ਜੇ ਡੇਖੈ ਹਿਕ ਵਾਰ ਤਾ ਸੁਖ ਕੀਮਾ ਹੂ ਬਾਹਰੇ ॥
ਅੰਗ - ੧੦੯੮

ਇਕ ਵਾਰੀ ਦੇਖ ਲਵਾਂ, ਮੈਂ ਅੱਖਾਂ ਦੀ ਸੇਜ ਵਿਛਾ ਦੇਵਾਂ। ਸੋ ਐਸੀਆਂ ਹਿਜਰ ਦੀਆਂ ਬਾਤਾਂ, ਵੈਰਾਗ ਦੀਆਂ ਬਾਤਾਂ ਸੁਣ ਕੇ ਮਰਦਾਨੇ ਦੇ ਨੇਤਰਾਂ 'ਚੋਂ ਵੀ ਜਲ ਜਾ ਰਿਹਾ ਹੈ ਕਿ ਐਨੀ ਲਗਨ, ਐਨਾ ਪਿਆਰ, ਫੇਰ ਗੁਰੂ ਮੇਰਾ ਬੇਪਰਵਾਹ। ਕਿਵੇਂ ਦਰਸ਼ਨ ਹੋਣਗੇ ਇਸਨੂੰ। ਕਿਉਂਕਿ ਜੋ ਵੈਰਾਗ ਦੀ ਅਵਸਥਾ ਹੁੰਦੀ ਹੈ ਸਾਧਸੰਗਤ ਜੀ ਇਹ ਸਮਝਣੀ ਬਹੁਤ ਔਖੀ ਹੈ।

ਲਾਗੀ ਹੋਇ ਸੁ ਜਾਨੈ ਪੀਰ ॥
ਰਾਮ ਭਗਤਿ ਅਨੀਆਲੇ ਤੀਰ ॥
ਅੰਗ - ੩੨੭



ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨਾਲ ਹਨ, ਬਾਲਾ ਅਤੇ ਮਰਦਾਨਾ

ਅਣੀਆਂ ਵਾਲੇ ਤੀਰ ਜਿਸਦੇ ਹਿਰਦੇ ਵਿਚ ਖੁੱਭ ਗਏ, ਉਸੇ ਨੂੰ ਪੀੜ ਦਾ ਪਤਾ ਹੈ, ਦੂਸਰੇ ਨੂੰ ਕਹਾਣੀਆਂ ਨੇ ਲੇਕਿਨ ਜਿਹਨੂੰ ਲਗ ਜਾਂਦੀ ਹੈ ਉਹਨੂੰ ਪਤਾ ਹੁੰਦਾ ਹੈ ਕਿ ਬਿਰਹਾ ਕਿੰਨਾ ਔਖਾ ਕਰਦਾ ਹੈ। ਜਦੋਂ ਤੱਕ ਮਿਲਦਾ ਨਹੀਂ ਆਪਣਾ ਪਿਆਰਾ ਓਨੀ ਦੇਰ ਤੱਕ ਸੁਖ ਨਹੀਂ ਹੁੰਦਾ।

ਵਿਛੋੜਾ ਸੁਣੇ ਭੁਖ ਵਿਣੁ ਡਿਠੇ ਮਰਿਓਦਿ ॥
ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥
ਅੰਗ - ੧੧੦੦

ਸੋ ਕਹਿਣ ਲੱਗਿਆ, ਭਾਈ ਮਰਦਾਨਾ! ਮੈਂ ਤੁਹਾਡਾ ਕਦੇ ਵੀ ਅਹਿਸਾਨ ਨਹੀਂ ਭੁੱਲਾਂਗਾ। ਇਕ ਵਾਰੀ ਮੈਨੂੰ ਆਪਣੀ ਜ਼ਿੰਦਗੀ ਦੇ ਅੰਦਰ ਗੁਰੂ ਨਾਨਕ ਦੇ ਦਰਸ਼ਨ ਕਰਾ ਦੇ, ਗਿਣਵੇ ਦਿਨ ਮੇਰੇ ਬਾਕੀ ਰਹਿ ਗਏ ਨੇ ਤੇ ਮੈਨੂੰ ਇਹੀ ਹੈ ਬੜਾ ਭਾਰਾ ਹਰ ਵਕਤ ਰਹਿੰਦਾ, ਦਰਸ਼ਨ ਹੋ ਜਾਣਗੇ? ਮਰਦਾਨੇ ਨੇ ਕਿਹਾ ਕਿ ਭਾਈ ਬਾਲੇ ਨੂੰ ਵੀ ਕਹਿ ਦਿਓ ਅਸੀਂ ਦੋਵੇਂ ਜਣੇ ਗੁਰੂ ਨਾਨਕ ਦੇ ਚਰਨ ਫੜਾਂਗੇ ਜਾ ਕੇ। ਸਾਰੀ ਵਾਰਤਾ ਦੱਸਾਂਗੇ।

ਭਾਈ ਬਾਲਾ ਜੀ ਨੂੰ ਬੁਲਾ ਲਿਆ ਤੇ ਕਿਹਾ ਕਿ ਭਾਈ ਬਾਲਾ ਜੀ ਤੁਸੀਂ ਦੋਵੇਂ ਜਾਓ ਤੇ ਜਾ ਕੇ ਮੇਰੀ ਬੇਨਤੀ ਗੁਰੂ ਨਾਨਕ ਦੇ ਦਰ ਤੇ ਕਰ ਦਿਓ। ਬਹੁਤ ਮੁਸ਼ਕਲ ਹੈ ਮੈਨੂੰ ਜੀਉਣਾ, ਇਕ-ਇਕ ਸਾਹ ਦੇ ਵਿਚ ਮੈਂ ਗੁਰੂ ਨਾਨਕ ਦਾ ਇੰਤਜ਼ਾਰ ਕਰ ਰਿਹਾ ਹਾਂ, ਹਰ ਵਕਤ ਮੇਰੇ ਮਨ ਵਿਚ ਆਸ ਲੱਗੀ ਰਹਿੰਦੀ ਹੈ।

ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥
ਉਰ ਨਾ ਭੀਜੈ ਪਗੁ ਨ ਖਿਸੈ
ਹਰਿ ਦਰਸਨ ਕੀ ਆਸਾ ॥ *ਅੰਗ - ੩੩੯*

ਦੋਹਾਂ ਨੂੰ ਗੁਰੂ ਨਾਨਕ ਵਲ ਭੇਜ ਦਿਤਾ। ਸੱਤ ਦਿਨ ਤੇ ਸੱਤ ਰਾਤਾਂ ਤੋਂ ਬਾਅਦ ਗੁਰੂ ਨਾਨਕ ਪਾਤਸ਼ਾਹ ਪਾਸ ਪਹੁੰਚ ਜਾਂਦੇ ਨੇ। ਮਹਾਰਾਜ ਜੀ ਨੂੰ ਜਾ ਕੇ ਸਾਰਾ ਹਾਲ ਦੱਸਿਆ, ਮਾਤਾ ਪਿਤਾ ਦਾ ਦੱਸਿਆ ਤੇ ਨਾਲ ਕਿਹਾ ਕਿ ਸੱਚੇ ਪਾਤਸ਼ਾਹ! ਰਾਇ ਬੁਲਾਰ ਜੀ ਵੈਰਾਗ ਦੇ ਅੰਦਰ ਗ੍ਰਸਤ ਨੇ ਤੇ ਹਰ ਵਕਤ ਨੇਤਰਾਂ 'ਚੋਂ ਜਲ ਚਲਦਾ ਹੈ ਉਨ੍ਹਾਂ ਦੇ। ਕਿਸੇ ਨਾਲ ਗੱਲ ਨਹੀਂ ਕਰਦੇ। ਇਕੋ ਲਗਨ ਹਰ ਵਕਤ ਉਨ੍ਹਾਂ ਦੇ ਮਨ ਵਿਚ ਰਹਿੰਦੀ ਹੈ ਕਿ ਮੈਂ ਕਿਵੇਂ ਆਪ ਦਾ ਦਰਸ਼ਨ ਕਰਾਂ, ਸਾਨੂੰ ਵੀ ਬਹੁਤ ਕਿਹਾ ਹੈ ਤੇ ਨਾਲ ਕਿਹਾ ਕਿ -

ਜੇ ਹੋਵਹਿ ਬਲ ਤਨ ਵਿਖੈ ਆਵੋਂ ਸਿਰ ਕੇ ਭਾਰ।
ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 469

ਮਹਾਰਾਜ ਜੀ! ਵੈਰਾਗੀ ਹੈ ਉਸ ਦੀ ਭਾਵਨਾ ਬੜੀ ਉਚੀ ਹੈ। ਆਪ ਕ੍ਰਿਪਾ ਕਰੋ ਉਸਨੂੰ ਦਰਸ਼ਨ ਦੇਵੋ।

ਕਹਿੰਦੇ ਲੱਗੇ, ਭਾਈ ਮਰਦਾਨਾ! ਭਾਈ ਬਾਲਾ! ਜਿੰਨੀ ਖਿੱਚ ਉਸਦੇ ਹਿਰਦੇ 'ਚ ਹੈ ਉਸ ਤੋਂ ਕਿਤੇ ਵੱਧ ਸਾਡੇ ਹਿਰਦੇ ਵਿਚ ਵੀ ਉਹ ਖਿੱਚ ਪੈ ਰਹੀ ਹੈ। ਸਾਡਾ ਵੀ ਮਨ ਕਰ ਰਿਹਾ ਹੈ।

ਸਤਿਗੁਰੂ ਦਾ ਬਿਰਧ ਹੈ ਜਦੋਂ ਸਿੱਖ ਗੁਰੂ ਨੂੰ ਯਾਦ ਕਰਦਾ ਹੈ, ਗੁਰੂ ਉਸ ਤੋਂ ਵੱਧ ਯਾਦ ਕਰਦਾ ਹੈ।

ਚਰਨ ਸਰਨਿ ਗੁਰ ਏਕ ਪੈਂਡਾ ਜਾਇ ਚਲ,
ਸਤਿਗੁਰ ਕੋਟਿ ਪੈਂਡਾ ਆਗੈ ਹੋਇ ਲੈਤ ਹੈਂ॥
ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ,
ਸਿਮਰਨ ਤਾਹਿ ਬਾਰੰਬਾਰ ਗੁਰ ਹੇਤ ਹੈਂ॥
ਭਾਵਨੀ ਭਗਤਿ ਭਾਇ ਕਉਡੀ ਅਗ੍ਰਭਾਗ ਰਾਖੈ,
ਤਾਹਿ ਗੁਰ ਸਰਬ ਨਿਧਾਨ ਦੇਤ ਹੈਂ॥
ਸਤਿਗੁਰੁ ਦਇਆ ਨਿਧਿ, ਮਹਿਮਾ ਅਗਾਧਿ ਬੋਧਿ,
ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈਂ॥
ਕਬਿੱਤ
੧੧੧



ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਮਹਾਰਾਜ, ਭਾਈ ਲਾਲੋ ਦੀ ਸੱਚੀ ਸੁਚੀ ਕਿਰਤ ਵਿਚੋਂ ਪ੍ਰਸ਼ਾਦਾ ਛਕਦੇ ਹੋਏ।

ਭਾਈ ਮਰਦਾਨਾ! ਸਾਡੇ ਹਿਰਦੇ ਦੇ ਅੰਦਰ ਵੀ ਬਹੁਤ ਖਿੱਚ ਪੈ ਰਹੀ ਹੈ। ਚਲੋ ਤਲਵੰਡੀ ਨੂੰ ਵਾਪਸ ਚਲਦੇ ਹਾਂ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ, ਭਾਈ ਬਾਲਾ ਜੀ ਤੇ ਮਰਦਾਨਾ ਜੀ ਦੇ ਨਾਲ ਤਲਵੰਡੀ ਆ ਗਏ। ਉਸ ਵੇਲੇ ਭਾਈ ਬਾਲਾ ਦੇ ਪਿਤਾ ਦਾ ਨਾਮ ਚੰਦਰਭਾਨ ਸੀ ਉਹਦੇ ਖੂਹ ਤੇ ਬੈਠ ਗਏ, ਦੋਹਾਂ ਨੂੰ ਭੇਜ ਦਿਤਾ ਤੇ ਮਾਤਾ ਨੂੰ ਪਤਾ ਲੱਗਿਆ, ਪਿਤਾ ਨੂੰ ਪਤਾ ਲੱਗਿਆ, ਪਰਿਵਾਰ ਨੂੰ ਪਤਾ ਲੱਗਿਆ। ਕਿਉਂਕਿ ਮਹਿਤਾ ਕਾਲੂ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ ਮਹਾਰਾਜ ਦਾ। ਦੇਖਦਾ ਹੈ ਜਾ ਕੇ ਕਿ ਇਹ ਕੀ ਬਣੇ ਫਿਰਦੇ ਨੇ ਸਿਰ ਦੇ ਉਤੇ ਇਕ ਪਰਨਾ ਜਿਹਾ ਬੰਨ੍ਹਿਆ ਹੋਇਆ ਹੈ, ਤੇੜ ਦੋ ਗਜ਼ ਦਾ ਕਪੜਾ ਪਾਇਆ ਹੋਇਆ ਹੈ, ਵਸਤਰ ਕੋਈ ਪਹਿਨਿਆ ਨਹੀਂ ਹੋਇਆ ਤੇ ਦੋ ਚਾਦਰਾਂ ਚੁੱਕੀ ਫਿਰਦਾ ਹੈ। ਆਹ ਕੀ ਹਾਲ ਬਣਾ ਲਿਆ ਇਹਨੇ? ਕਿੱਡਾ ਵੱਡਾ ਸੀ, ਕਿੰਨੀ ਮਹਿਮਾ ਸੀ ਜਿਸ ਵਕਤ ਮੋਦੀਖਾਨੇ 'ਚ ਕੰਮ ਕਰਦਾ ਹੈ। ਨਰਾਜ਼ ਹੋਇਆ ਜਾਂਦਾ ਹੈ, ਭਵਾਂ ਚੜ੍ਹੀਆਂ ਹੋਈਆਂ ਨੇ, ਬੁੱਲ੍ਹ ਫਰਕਦੇ ਨੇ। ਪਤਾ ਨਹੀਂ ਕੀ ਕੁੱਛ ਕਹਿਣਾ ਸੀ। ਲਾਲੂ ਜੀ ਕਹਿਣ ਲੱਗੇ, ਭ੍ਰਾਤਾ ਜੀ! ਬੜੀ ਦੇਰ ਤੋਂ ਬਾਅਦ ਮੁੜੇ ਨੇ ਇਹ ਤੁਸੀਂ ਥੋੜ੍ਹਾ ਸਬਰ 'ਚ ਰਹੋ, ਕੋਈ ਗੱਲ ਨਾ ਕਰੋ। ਗੱਲ ਕਰ ਲਵਾਂਗੇ, ਹੁਣੇ ਨਾ ਜਾ ਕੇ ਵਰ੍ਹਨ ਲੱਗ ਜਾਇਓ ਉਨ੍ਹਾਂ ਨੂੰ। ਉਹ ਪੂਰਨ ਪੁਰਖ ਨੇ। ਉਸ ਵੇਲੇ ਚੁੱਪ ਕਰ ਰਿਹਾ, ਜਬਤ ਕਰਨ ਦੀ ਕੋਸ਼ਿਸ਼ ਕਰਦਾ ਹੈ, ਲੇਕਿਨ ਕੰਬਦਾ ਹੈ ਸਰੀਰ ਐਨਾ ਅੰਦਰ ਕ੍ਰੋਧ ਆਇਆ। ਮਾਤਾ ਜੀ ਦੌੜੀ ਆਉਂਦੀ ਹੈ, ਮਾਤਾ ਜੀ ਨੇ ਆ ਕੇ ਗੁਰੂ ਨਾਨਕ ਪਾਤਸ਼ਾਹ ਨੂੰ ਬੁੱਕਲ 'ਚ ਲੈ ਲਿਆ ਤੇ ਐਨਾ ਵੈਰਾਗ ਕਰਿਆ ਕਿ ਨਾ ਜੱਫੀ ਛੱਡਦੀ ਹੈ, ਨਾ ਰੋਣ ਤੋਂ ਹੱਟਦੀ ਹੈ। ਨੇਤਰਾਂ 'ਚੋਂ ਐਨਾ ਜਲ ਗਿਆ, ਗੁਰੂ ਮਹਾਰਾਜ ਦੇ ਵੀ ਸਰੀਰ ਦੇ ਉਤੇ ਧਾਰਾਂ ਚੱਲ ਗਈਆਂ।

ਗਰ ਸੌਂ ਲਾਇ ਨੀਰ ਦ੍ਰਿਗ ਜਾਈ।
ਮਹਾਂ ਮੋਹ ਮਾਤਾ ਬਿਰਮਾਈ।
ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 471

ਜਿਵੇਂ ਗਰੀਬ ਨੂੰ ਪਾਰਸ ਮਿਲ ਜਾਂਦਾ ਹੈ ਉਹ ਛੱਡਦਾ ਨਹੀਂ, ਐਉਂ ਮਾਂ ਛੱਡ ਨਹੀਂ ਰਹੀ।

ਅਸ਼੍ਰਪਾਤ ਸੌਂ ਭੀਗੇ ਅੰਗਾ।
ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 471

ਗੁਰੂ ਮਹਾਰਾਜ ਦੇ ਅੰਗ ਭਿੱਜ ਗਏ ਹੰਝੂਆਂ ਦੇ ਨਾਲ।

ਮਨਹੁ ਪ੍ਰੇਮ ਪਰਵਾਹਿ ਉਮੰਗਾ।
ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 471

ਐਉਂ ਲਗ ਰਿਹਾ ਸੀ ਕਿ ਜਿਵੇਂ ਕੋਈ ਦਰਿਆ ਚਲ ਰਿਹਾ ਹੁੰਦਾ ਹੈ ਪ੍ਰਵਾਹ ਦਾ। ਸੋ ਮਾਤਾ ਜੀ ਨੇ ਕਾਫੀ ਸਮੇਂ ਤੋਂ ਬਾਅਦ ਹੱਥ ਖੋਲ੍ਹੇ ਤੇ ਮਹਾਰਾਜ ਜੀ ਉਸ ਵੇਲੇ ਖੜ੍ਹੇ ਨੇ, ਮਾਤਾ ਨੇ ਉਸ ਵੇਲੇ ਕਿਹਾ ਕਿ ਪੁੱਤਰ! ਘਰ ਚਲ। ਘਰ ਚਲਦੇ ਨੇ, ਗੱਲਬਾਤ ਹੋਈ ਕਹਿਣ ਲੱਗੇ, ਕਿ ਰਾਇ ਜੀ ਤੁਹਾਨੂੰ ਬਹੁਤ ਯਾਦ ਕਰਦੇ ਨੇ, ਇਕ ਵਾਰੀ ਓਧਰ ਚੱਲੋ ਤੇ ਇਨ੍ਹਾਂ ਦੋਹਾਂ ਭਰਾਵਾਂ ਨੇ ਸਲਾਹ ਕਰੀ ਕਿ ਇਥੇ ਨਹੀਂ ਆਪਾਂ ਕੁਛ ਕਹਿਣਾ ਜਦੋਂ ਰਾਇ ਬੁਲਾਰ ਜੀ ਦੇ ਪਾਸ ਜਾਵਾਂਗੇ। ਉਥੇ ਕਹਾਂਗੇ ਉਨ੍ਹਾਂ ਦੇ ਸਾਮ੍ਹਣੇ। ਉਹ ਕਿਉਂਕਿ ਇਨ੍ਹਾਂ ਨੂੰ ਪ੍ਰੇਮ ਕਰਦੇ ਨੇ ਤੇ ਉਨ੍ਹਾਂ ਦੀ ਗੱਲ ਇਹ ਮੰਨ ਜਾਣਗੇ।

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਸਾਰਿਆਂ ਦੇ ਨਾਲ ਰਾਇ ਬੁਲਾਰ ਦੇ ਪਹੁੰਚਦੇ ਨੇ। ਉਥੇ ਜਾ ਕੇ ਰਾਇ ਬੁਲਾਰ ਨੇ ਜਦੋਂ ਗੁਰੂ ਨਾਨਕ ਪਾਤਸ਼ਾਹ ਨੂੰ ਦੇਖਿਆ, ਪਹਿਲਾਂ ਗੁਰੂ ਨਾਨਕ ਪਾਤਸ਼ਾਹ। ਜਿਵੇਂ ਭਗਤਾਂ ਦੀ ਲਾਜ ਪ੍ਰਮੇਸ਼ਰ ਹਮੇਸ਼ਾ ਹੀ ਰਖਦਾ ਆਇਆ, ਵੱਡੇ ਕਰਦਾ ਹੈ ਉਨ੍ਹਾਂ ਨੂੰ। ਆਪ ਉਸਦੇ ਚਰਨਾਂ ਤੇ ਹੱਥ ਲਾਉਣ ਲੱਗੇ ਲੇਕਿਨ ਉਹਨੇ ਕਿਹਾ ਹੇ ਨਾਨਕ! ਦੇਖੀਂ ਇਹ ਨਾ ਕਰ ਦੇਈਂ, ਮੈਨੂੰ ਦਰਗਾਹ ਨੇ ਨਹੀਂ ਬਖਸ਼ਣਾ। ਮੇਰੇ ਨੇਤਰ ਖੁਲ੍ਹ ਗਏ, ਮੈਂ ਤੈਨੂੰ ਪਛਾਣ ਲਿਆ। ਹੇ ਨਾਨਕ! ਐਸਾ ਨਾ ਕਰ ਦੇਈਂ ਕਿ ਮੇਰੇ ਤੋਂ ਗੁਨਾਹ ਉਤਰੇ ਨਾ ਤੇ ਮੈਂ ਦੋਜਕਾਂ ਦੇ ਵਿਚ ਸੜਦਾ ਰਹਾਂ। ਤੂੰ ਤਾਂ ਆਪ ਪ੍ਰਮੇਸ਼ਰ ਹੈਂ।

ਪਰਮੇਸ਼ੁਰ ਤੂੰ ਪੁਰਖ ਪੁਰਾਤਨ।
ਪਾਰਬ੍ਰਹਮ ਕਿਰਪਾਲ ਸਨਾਤਨ।
ਜੋਤੀ ਰੂਪ ਅਨੂਪ ਸਰੂਪਾ।
ਸ਼ਾਹਿਨਸ਼ਾਹ ਭੂਪ ਕੌ ਭੂਪਾ।
ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 476

ਤੂੰ ਤਾਂ ਬਾਦਸ਼ਾਹਾਂ ਦਾ ਬਾਦਸ਼ਾਹ ਆਪ ਪ੍ਰਮੇਸ਼ਰ ਹੈਂ।

ਕਰੁਨਾਕਰਿ ਬਖਸ਼ਹੁ ਮੁਝ ਸ੍ਵਾਮੀ!।
ਦੀਨਬੰਧੁ ਸਭਿ ਅੰਤਰਜਾਮੀ।
ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 476



ਧੰਨ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਮੋਦੀਖਾਨੇ ਅੰਦਰ ੧੩ ਤੇ ਆ ਕੇ ਤੇਰਾ-ਤੇਰਾ ਆਖ ਕੇ ਅਤੁੱਟ ਭੰਡਾਰੇ ਵਰਤਾਉਂਦੇ ਹੋਏ।

ਹੇ ਪ੍ਰਭੂ! ਮੇਰੇ ਤੇ ਕ੍ਰਿਪਾ ਕਰੋ ਐਨਾ ਕਹਿ ਕੇ ਗੁਰੂ ਮਹਾਰਾਜ ਦੇ ਚਰਨਾਂ ਤੇ ਨਮਸਕਾਰ ਕਰਕੇ ਸਾਮ੍ਹਣੇ ਖੜ੍ਹਾ ਹੋ ਕੇ ਬੇਨਤੀ ਕਰਦਾ ਹੈ ਬੜੇ ਜਨਮ ਲੰਘ ਗਏ -

ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥ ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ॥ ਅੰਗ- ੧੭੬

ਪਾਤਸ਼ਾਹ! ਹੁਣ ਮੇਰਾ ਜੰਮਣਾ ਮਰਣਾ ਕੱਟ ਦਿਓ। ਤੂੰ ਆਪ ਸਮਰੱਥ ਪ੍ਰਮੇਸ਼ਰ ਹੈਂ।

ਭਵ ਬੰਧਨ ਤੇ ਕਰਿ ਛੁਟਕਾਰਾ।
ਪਤਿਤ ਉਧਾਰਨ ਬਿਰਦ ਤੁਮਾਰਾ।
ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 476

ਪਤਿਤਾਂ ਨੂੰ ਉਧਾਰ ਦੇਣਾ ਤੇਰਾ ਬਿਰਧ ਹੈ, ਕ੍ਰਿਪਾ ਕਰ ਮੇਰੇ ਹੁਣ ਬੰਧਨ ਕੱਟ ਦੇ। ਮੈਂ ਮੁੜ ਕੇ ਜਨਮ ਮਰਨ 'ਚ ਨਾ ਆਵਾਂ।

ਜਿਉਂ ਜਿਉਂ ਬਿਨੈ ਦੀਨ ਹੁਇ ਕਰਿਈ।
ਤਿਉਂ ਤ੍ਰਿਂ ਰਾਇ ਮੋਹ ਤਮ ਟਰਿਈ।
ਦੇਖ ਦੀਨਤਾ ਅਧਿਕ ਦਯਾਲਾ।
ਰਿਦੈ ਪ੍ਰਸੀਦਤਿ ਭਯੇ ਬਿਸਾਲਾ।
ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 476

ਜਿਵੇਂ-ਜਿਵੇਂ ਰੋ ਰੋ ਕੇ ਬੇਨਤੀਆਂ ਕਰਦਾ ਹੈ, ਤਿਉਂ-ਤਿਉਂ ਉਹਦੀ ਜਿਹੜੀ ਹਨ੍ਹੇਰੀ ਮਤ ਸੀ ਉਹ ਦੂਰ ਹੁੰਦੀ ਜਾਂਦੀ ਹੈ। ਪ੍ਰਕਾਸ਼ ਹਿਰਦੇ 'ਚ ਹੋ ਗਿਆ। ਗੁਰੂ ਮਹਾਰਾਜ ਦਾ ਪਵਿੱਤਰ ਹੱਥ ਉਠਿਆ ਤੇ ਰਾਇ ਦੇ ਸਿਰ ਤੇ ਜਾ ਕੇ ਜਦ ਟਿਕਿਆ, ਉਸ ਵੇਲੇ ਜਿੰਨੇ ਜਨਮਾਂ-ਜਨਮਾਂਤਰਾਂ ਦੇ ਕੀਤੇ ਹੋਏ ਦੋਖ ਸੀ, ਪਾਪ ਸੀ, ਓਹ ਸਾਰੇ ਦੇ ਸਾਰੇ ਮਹਾਰਾਜ ਨੇ ਕੱਟ ਦਿਤੇ।

ਕਰਿ ਹੁਕਮੁ ਮਸਤਕਿ ਹਥੁ ਧਰਿ
ਵਿਚਹੁ ਮਾਰਿ ਕਢੀਆ ਬੁਰਿਆਈਆ ॥
ਸਹਿ ਤੁਠੈ ਨਉ ਨਿਧਿ ਪਾਈਆ ॥ ਅੰਗ - ੪੭੩

ਬਜਰ ਕਪਾਟ ਖੁੱਲ੍ਹ ਗਏ, ਸੁਰਤ ਪਹੁੰਚ ਗਈ ਜਿਸਨੂੰ ਕਹਿੰਦੇ ਨੇ -

ਨਉ ਦਰਵਾਜੇ ਕਾਇਆ ਕੋਟੁ ਹੈ
ਦਸਵੈ ਗੁਪਤੁ ਰਖੀਜੈ ॥
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥
ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥
ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥
ਵਾਹੁ ਵਾਹੁ ਸਚੇ ਪਾਤਿਸਾਹੁ ਤੂ ਸਚੀ ਨਾਈ॥ ਅੰਗ - ੯੫੪

ਦ੍ਰਿਸ਼ਟੀ ਦੇ ਦਿਤੀ, ਮਾਇਆ ਦਾ ਪੜਦਾ ਦੂਰ ਕਰ ਦਿਤਾ।

ਗਿਆਨ ਅੰਜਨੁ ਗੁਰਿ ਦੀਆ
ਅਗਿਆਨ ਅੰਧੇਰ ਬਿਨਾਸੁ ॥ ਹਰਿ ਕਿਰਪਾ ਤੇ ਸੰਤ
ਭੇਟਿਆ ਨਾਨਕ ਮਨਿ ਪਰਗਾਸੁ ॥

ਅੰਗ - ੨੯੩

ਕੀ ਦੇਖਦਾ ਹੈ ਕਿ ਇਹ ਤਾਂ ਸਾਰੀ ਕਾਇਨਾਤ ਦੇ ਵਿਚ, ਜਿਧਰ ਵੀ ਮੈਂ ਦੇਖਦਾ ਹਾਂ ਓਸ ਪਾਸੇ ਹੀ ਗੁਰੂ ਨਾਨਕ ਹੈ। ਇਹ ਤਾਂ ਸਾਰੇ ਹੀ ਗੁਰੂ ਨਾਨਕ ਹੈ, ਕਿਉਂਕਿ ਨੇਤਰ ਖੁਲ੍ਹ ਗਏ।

ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥
ਈਤਹਿ ਊਤਹਿ ਘਟਿ ਘਟਿ ਘਟਿ
ਤੂੰਹੀ ਤੂੰਹੀ ਮੋਹਿਨਾ ॥

ਅੰਗ - ੪੦੭



ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਾਕ ਦੇਵ ਜੀ ਮਹਾਰਾਜ ਦਾ ਰਾਏ ਬੁਲਾਰ ਨੂੰ ਮਿਲਣ ਦਾ ਇਕ ਦ੍ਰਿਸ਼।

ਅੱਖ ਖੁਲ੍ਹ ਗਈ, ਜਿਹੜੀ ਸਾਡੀ ਬੰਦ ਪਈ ਹੈ, ਜਿਸਦੇ ਵਾਸਤੇ ਅਸੀਂ ਜਪ ਕਰਦੇ ਹਾਂ, ਤਪ ਕਰਦੇ ਹਾਂ, ਦਾਨ ਕਰਦੇ ਹਾਂ, ਤੀਰਥ ਯਾਤਰਾ ਕਰਦੇ ਹਾਂ, ਦੀਵਾਨ ਸੁਣਨ ਦੂਰ ਦਰਾਜ਼ ਤੋਂ ਆਉਂਦੇ ਹਾਂ। ਉਹ ਇਹੀ ਹੈ ਕਿ ਮਾਇਆ ਦਾ ਜਿਹੜਾ ਹਨ੍ਹੇਰਾ ਪਿਆ ਹੋਇਆ ਹੈ ਉਹ ਦੂਰ ਹੋ ਜਾਵੇ ਤੇ ਅਸਲੀਅਤ ਦਾ ਪ੍ਰਕਾਸ਼ ਹੋ ਜਾਵੇ। ਉਹ ਅੱਖ ਖੁਲ੍ਹ ਗਈ, ਗੁਰੂ ਨੇ ਦਿਖਾ ਦਿਤੀ, ਆਪਣੇ ਆਪ ਨਹੀਂ ਖੁਲ੍ਹਦੀ।

ਸੋ ਅੰਤਰਿ ਸੋ ਬਾਹਰਿ ਅਨੰਤ ॥
ਘਟਿ ਘਟਿ ਬਿਆਪਿ ਰਹਿਆ ਭਗਵੰਤ ॥
ਧਰਨਿ ਮਾਹਿ ਆਕਾਸ ਪਇਆਲ ॥
ਸਰਬ ਲੋਕ ਪੂਰਨ ਪ੍ਰਤਿਪਾਲ ॥
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥
ਜੈਸੀ ਆਗਿਆ ਤੈਸਾ ਕਰਮੁ ॥
ਪਉਣ ਪਾਣੀ ਬੈਸੰਤਰ ਮਾਹਿ ॥
ਚਾਰਿ ਕੁੰਟ ਦਹ ਦਿਸੇ ਸਮਾਹਿ ॥
ਤਿਸ ਤੇ ਭਿੰਨ ਨਹੀ ਕੋ ਠਾਉ ॥
ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ਅੰਗ - ੨੯੪

ਪੰਜੇ ਭਰਮ ਦੂਰ ਕਰ ਦਿਤੇ, ਪ੍ਰਮੇਸ਼ਰ ਦਾ ਦਰਸ਼ਨ ਦਾ ਕਰਾ ਦਿਤਾ ਸਾਕਾਰ ਰੂਪ ਵਿਚ। ਜਿਧਰ ਦੇਖਦਾ ਹੈ ਗੁਰੂ ਨਾਨਕ ਨਜ਼ਰ ਆਉਂਦਾ ਹੈ। ਉਹ ਵਿਛੋੜਾ ਜਿਹਦੇ ਵਾਸਤੇ ਕਲਪਦਾ ਸੀ ਦੂਰ ਕਰ ਦਿਤਾ। ਹੁਣ ਵਿਛੋੜਾ ਨਹੀਂ ਹੁੰਦਾ, ਕਿਉਂਕਿ ਗੁਰੂ ਨਾਨਕ ਦਾ ਰੂਪ ਬਣ ਗਿਆ, ਗੁਰੂ ਨਾਨਕ ਤੇ ਉਸਦਾ ਫਰਕ ਨਾ ਰਿਹਾ, ਆਪਣਾ ਰੂਪ ਬਣਾ ਲਿਆ ਉਨ੍ਹਾਂ ਨੇ।

ਸੋ ਤਰ੍ਹਾਂ ਦੇ ਨਾਲ ਗੁਰੂ ਭਿਜਦਾ ਹੈ ਪਿਆਰ ਦੇ ਨਾਲ। ਪੈਸੇ ਟਕੇ ਦੀ ਲਿਹਾਜ਼ ਨਹੀਂ ਹੈ, ਰਾਜਾ ਸੀ ਓਸ ਥਾਂ ਦਾ ਲੇਕਿਨ ਪਿਆਰ ਵਾਲਾ ਸੀ, ਜਦੋਂ ਪਿਆਰ ਦੀ ਪ੍ਰਬਲਤਾ ਆਈ, ਤਾਂ ਉਸ ਵੇਲੇ ਗੁਰੂ ਨਾਨਕ ਨੇ ਛੌੜ ਕੱਟੇ ਬਜਰ ਕਪਾਟ ਤੜਾਕ ਦੇ ਕੇ ਖੋਲ੍ਹ ਕੇ, ਅਸਲੀਅਤ ਦਾ ਝਲਕਾ ਦਿਖਾ ਦਿਤਾ।

ਜਿਮੀ ਜਮਾਨ ਕੇ ਬਿਖੈ
ਸਮਸੱਤਿ ਏਕ ਜੋਤ ਹੈ
ਨਾ ਘਾਟ ਹੈ ਨ ਬਾਢ ਹੈ ਨ ਬਾਢ ਘਾਟ ਹੋਤ ਹੈ।
ਅਕਾਲ ਉਸਤਤਿ

ਸੋ ਉਹ ਨੇਤਰਾਂ ਦੇ ਅੰਦਰ ਜੋਤੀ ਆ ਗਈ ਜਿਹੜੀ ਪ੍ਰਮੇਸ਼ਰ ਨੂੰ ਹਰ ਥਾਂ ਵਿਆਪਕ ਦੇਖਦੀ ਹੈ। ਸੋ ਇਸ ਤਰ੍ਹਾਂ ਪਿਆਰ ਦੇ ਨਾਲ, ਗੁਰੂ ਪੈਸੇ ਨਾਲ ਨਹੀਂ ਕਾਬੂ ਆਉਂਦਾ, ਨਾ ਭਿੱਜਦਾ ਹੈ। ਨਾ ਕਿਸੇ ਰਾਗ ਨਾਲ ਭਿੱਜਦਾ ਹੈ, ਨਾ ਗਾਣਿਆਂ ਨਾਲ ਭਿੱਜਦਾ ਹੈ, ਨਾ ਦਾਨ ਦਿੱਤੇ ਤੇ ਕੁਛ ਕਰੇ ਤੇ।

ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥
ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥

ਅੰਗ - ੯੬੨

ਸੰਤ ਬਿਮਲਾ ਸਿੰਘ

ਡਾ. ਭਾਈ ਵੀਰ ਸਿੰਘ ਜੀ

ਛੇਵਾਂ ਪਰਤਾਵਾ - ਸਿਖੀ

ਸਾਧ ਸੰਗਤ ਜੀ! ਇਸ ਪ੍ਰਕਾਰ ਦੀਆਂ ਸਾਖੀਆਂ ਸੁਣਾ ਕੇ ਤਾਤਪਰਜ ਆਪ ਨੂੰ ਇਹ ਦੱਸਣ ਦਾ ਹੈ ਕਿ ਗੁਰੂ ਜੀ ਨੇ ਜੋ ਮਹਾਨ ਕੰਮ ਕਰਨ ਲਈ ਵੀਚਾਰਿਆ ਸੀ, ਉਸ ਲਈ ਪਰਤਾਵੇ ਲੈ ਰਹੇ ਹਨ ਕਿ ਕਿਸ ਪਾਸਿਓਂ ਮਦਦ ਮਿਲੇਗੀ ਤੇ ਕਿਸ ਪਾਸਿਓਂ ਮੁਖਾਲਫਤ ਹੋਵੇਗੀ। ਇਹ ਸਭ ਤੋਂ ਮੁਖੀ ਮਸੰਦ ਸੀ, ਇਹਦਾ ਪਾਜ ਖੁਲ੍ਹ ਗਿਆ। ਹੋਰ ਬੀ ਦੇਖੋ, ਅੰਤ ਵਿਚ ਆਪ ਇਸੇ ਸਿੱਟੇ ਤੇ ਪਹੁੰਚੇ ਕਿ ਇਨ੍ਹਾਂ ਵਿਚ ਲੋਭ ਲਹਿਰ ਘਰ ਕਰ ਗਈ ਹੈ, ਮਾਇਆ ਦਾ ਪ੍ਰੇਮ ਇਨ੍ਹਾਂ ਦੀ ਸਿੱਖੀ ਨੂੰ ਉੱਲੀ ਲਾ ਗਿਆ ਹੈ, ਇਹ ਹੁਣ ਕੰਮ ਨਹੀਂ ਆ ਸਕਦੇ ਚਾਹੇ ਵਿਚ ਕੋਈ ਕੋਈ ਖਰਾਬੀ ਹੈ, ਪਰ ਉਹ ਬਹੁਤ ਥੋੜ੍ਹਾ ਹੈ। ਮਸੰਦਾਂ ਨੂੰ ਪਰਤਾ ਕੇ ਸਤਿਗੁਰ ਨੇ ਪਰਦਾ ਨਹੀਂ ਪਾਯਾ। ਜਿਸ ਤਰ੍ਹਾਂ ਕੇਸ਼ੋਦਾਸ ਆਦਿ ਦੇ ਪਰਤਾਵੇ ਤੇ ਸੱਚੇ ਵਾਕ ਕਹੇ, ਜਿਸ ਤਰ੍ਹਾਂ ਜੋਗੀ ਸੰਨਿਆਸੀ ਪਰਖ ਕੇ ਵਾਕ ਫੁਰਮਾਏ ਓਸੇ ਤਰ੍ਹਾਂ ਮਸੰਦਾਂ ਨੂੰ ਪਰਖ ਕੇ ਏਹ ਵਾਕ ਉਚਾਰੇ - ਜੋ ਕਰ ਕੋਊ ਮਸੰਦਨ ਸੋਂ ਕਹੈਂ 'ਸਰਬ ਦਰੱਬ ਲੈ ਮੋਹਿ ਅਬੈਦੇ।

ਜੌ ਕਰ ਸੇਵ ਮਸੰਦਨ ਕੀ ਕਹਿਂ - "ਆਨ ਪ੍ਰਸਾਦਿ ਸਭੈ ਮੁਹਿ ਦੀਜੈ। ਜੋ ਕੁਛ ਮਾਲ ਤਵਾਲਯ ਸੋ ਅਬ ਹੀ ਉਠ ਭੇਟ ਹਮਾਰੀ ਹੀ ਕੀਜੈ। ਮੇਰੋ ਹੀ ਧਯਾਨ ਧਰੋ ਨਿਸ ਬਾਸਰ ਭੂਲ ਕੈ ਔਰ ਕੋ ਨਾਮ ਨ ਲੀਜੈ। ਦੀਨੇ ਕੇ ਨਾਮ ਸੁਨੇ ਭਜ ਰਾਤਹਿ ਲੀਨੇ ਬਿਨਾ ਨਹਿ ਨੈਕ ਪ੍ਰਸੀਜੈ।

ਮਸੰਦਾਂ ਦੀਆਂ ਪਰਖਣਾਂ ਤੋਂ ਨਿਰਾਸ ਹੋ ਕੇ ਗੁਰੂ ਜੀ ਨੇ ਇਨ੍ਹਾਂ ਤੋਂ ਸਾਰੀ ਆਸ ਚੁਕਾ ਦਿਤੀ ਤੇ ਇਨ੍ਹਾਂ ਨੂੰ ਪੰਥ ਵਿਚੋਂ ਕੱਢ ਦੇਣ ਦੀ ਠਾਣ ਲਈ, ਚਾਹੋ ਇਹ ਕਾਰਜ ਮਹਾਨ ਕਠਨ ਸੀ। ਹੁਣ ਬਾਕੀ ਸੰਗਤ ਸੀ ਜਿਸ ਤੇ ਸਤਿਗੁਰ ਦੀ ਟੇਕ ਸੀ। ਆਪ ਨੂੰ ਪਤਾ ਸੀ ਨਵਾਂ ਗੁਰੂ ਸਾਹਿਬਾਂ ਦੀਆਂ ਘਾਲਨਾ ਨਾਲ ਸਿੱਖੀ ਵਿਚ ਨਾਮ ਹੈ, ਬਾਣੀ ਦਾ ਪ੍ਰੇਮ ਹੈ, ਸਿਖੀ ਵਿਚ ਵਾਹਿਗੁਰੂ ਦਾ ਸਿਦਕ ਭਰੋਸਾ ਹੈ ਸਿੱਖੀ ਵਿਚ ਸੱਚ ਹੈ, ਸੱਚ ਦਾ ਵਰਤਾਉ ਹੈ, ਪਰਸਪਰ ਪ੍ਰੇਮ ਹੈ, ਕੁਰਬਾਨੀ ਦਾ ਮਾਦਾ ਹੈ, ਪਰ ਆਪ ਚਾਹੁੰਦੇ ਸੀ ਕਿ ਜੋ ਜਾਚ ਛੇਵੇਂ ਸਤਿਗੁਰਾਂ ਨੇ ਸਿਖਾਈ ਸੀ ਕਿ 'ਮਰੀ ਕਾ ਕੀਕੂੰ ਹੈ' ਉਹ ਜਾਚ ਹੁਣ ਨਿਰੀ ਆਪਣੀ ਸੈਨਾ ਵਿਚ ਹੀ ਨਾ ਰਹੇ, ਸਾਰੇ ਪੰਥ ਵਿਚ ਪ੍ਰਵਿਰਤ ਹੋ ਜਾਵੇ। ਪਰ ਇਥੇ ਬੀ ਆਪ ਦੇ ਮਹਾਨ ਆਤਮਾ ਨੇ ਪਰਤਾਵਾ ਕਰਨਾ ਜ਼ਰੂਰੀ ਜਾਤਾ। ਜੈਸਾ ਕਿ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ - 'ਪੁਨ ਸੋਧਨ ਸੰਗਤਿ ਗੁਰ ਚਾਹਤਿ। ਪਰਖਨਿ ਸਿੱਖੀ ਬੀਚ ਉਮਾਹਿਤ। ਖੋਜਨ ਕਰਕੇ ਪੰਥ ਚਲਾਵਨ। ਅਜਬ ਖਾਲਸਾ ਕਰੋਂ ਉਪਾਵਨ। ਰਿਦੈ ਮਨੋਰਥ ਕੋ ਧਰ ਐਸੇ। ਚਿਤਵਤਿ ਸ੍ਰੀ ਸਤਿਗੁਰ ਬਿਧਿ ਤੈਸੇ। ਇਸ ਮਨੋਰਥ ਸਿੱਧੀ ਲਈ ਆਪ ਜੀ ਨੇ ਪਰਵਾਨੇ ਜਾਰੀ ਕਰਵਾਏ ਕਿ ਵੈਸਾਖੀ ਪਰ ਸੰਗਤਾਂ ਸਭ ਦੇਸ਼ ਦੇਸ਼ਾਂਤਰਾ ਤੋਂ ਆਉਣ। ਸੰਨ 1756 ਬਿਕਰਮੀ ਸੀ।



ਧੰਨ ਸਾਹਿਬ ਸ੍ਰੀ ਗੁਰੂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਕ ਸੀਸ ਦੀ ਮੰਗ ਕਰਦੇ ਹੋਏ

ਸੋ ਐਸਾ ਹੀ ਹੋਇਆ। ਇਕ ਦਿਨ ਇਕ ਭਾਰੀ ਦੀਵਾਨ ਸਜ ਗਿਆ, ਵਿਚ ਸ੍ਰੀ ਗੁਰੂ ਜੀ ਤਖਤ ਤੇ ਬਿਰਾਜ ਰਹੇ ਹਨ। ਸੰਗਤ ਨਾਲ ਜਦ ਸਾਰਾ ਦੀਵਾਨ ਭਰ ਗਿਆ ਤਾਂ ਆਪ ਨੇ ਹਥ ਵਿਚ ਫੜਿਆ ਤੀਰ ਭੱਥੇ ਪਾਯਾ ਤੇ ਤਲਵਾਰ ਖਿੱਚ ਲਈ ਤੇ ਬੋਲੇ - ਸਾਧ ਸੰਗਤ ਜੀ! ਮੇਰੀ ਪਿਆਰੀ ਸੰਗਤ ਜੀ! ਕੋਈ ਮੇਰਾ ਐਸਾ ਅਤਿ ਪ੍ਰੇਮੀ ਸਿੱਖ ਹੈ ਜੋ ਅਪਨਾ ਸੀਸ ਭੇਟਾ ਦੇ ਸਕੇ। ਕੋਈ ਐਸਾ ਕੰਮ ਹੈ ਕਿ ਉਸ ਲਈ 'ਸੀਸ ਭੇਟ' ਦੀ ਲੋੜ ਹੈ। ਇਹ ਕਹਿ ਕੇ ਸੂਤੀ ਤਲਵਾਰ ਤੇ ਨਜ਼ਰ ਟਿਕਾ ਲਈ ਤੇ ਸੰਗਤ ਵਿਚ ਹਲਚਲੀ ਮਚ ਗਈ। ਇਕ ਦੂਜੇ ਦੇ ਮੂੰਹ ਵਲ ਤੱਕਣ, ਸੋਚਣ, ਵਿਚਾਰਣ, ਉਮਲਣ ਫੇਰ ਸੋਚੀਂ ਪੈ ਜਾਣ। ਗੁਰੂ ਜੀ ਵਲ ਤੱਕਣ ਤਾਂ ਤੱਕਿਆ ਨਾ ਜਾਵੇ, ਐਸਾ ਕੋਈ ਤੇਜ ਦਮਕ ਰਿਹਾ ਦਿੱਸੇ। ਆਪ ਫੇਰ ਦੂਜੀ ਵਾਰ ਗਰਜ ਕੇ ਬੋਲੇ - ਹੈ ਕੋਈ ਸਿੱਖ! ਦੇਹ ਦਾ ਪਿਆਰ ਤਿਆਗ ਕੇ ਜੋ ਆਪਣੇ ਪ੍ਰਾਣਾਂ ਦਾ ਦਾਨ ਦੇ ਦੇਵੇ। ਜੋ ਧੀਰਜਵਾਨ ਹੋ ਕੇ ਸੀਸ ਅਰਪੇ। ਕੁਛ ਚਿਰ ਫੇਰ ਚੁੱਪ ਰਹੇ ਪਰ ਫੇਰ ਗਰਜੇ ਤੇ ਬੋਲੇ, ਹੈ ਕੋਈ ਪਿਆਰਾ ਪ੍ਰੇਮੀ ਸਿੱਖ? ਬੀਜ ਹੈ ਸਿੱਖੀ ਦਾ ਕਿ ਨਾਂ? ਤੀਜੀ ਵਾਰ ਇਕ ਸੀਸ ਦਾਨ ਮੰਗ ਰਿਹਾ ਹਾਂ, ਕੋਈ ਦੇਵੇਗਾ ਪਿਆਰਾ?



ਧੰਨ ਸਾਹਿਬ ਸ੍ਰੀ ਗੁਰੂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ
ਇਕ ਸੀਸ ਲੈਂਦੇ ਹੋਏ

ਸੰਗਤਾਂ ਵਿਚ ਚੁੱਪ ਤੇ ਸਤੰਭ ਅਵਸਥਾ ਛਾ ਰਹੀ ਸੀ, ਅਕਲ ਕੰਮ ਨਹੀਂ ਸੀ ਕਰਦੀ। ਨਾਹ ਕੀਤੀ ਨਹੀਂ ਸੀ ਜਾਂਦੀ, ਸਿੱਖੀ ਰਹੁ ਰੀਤਿ ਦੇ ਉਲਟ ਸੀ, ਹਾਂ ਕੀਤੀ ਨਹੀਂ ਸੀ ਜਾਂਦੀ, ਪ੍ਰਾਣ ਅਤਿ ਪਿਆਰੇ ਹਨ। ਦੇਵੀ ਪੁੱਠੀ ਪੈ ਗਈ ਹੈ ਇਹ ਖਿਆਲ ਮਸੰਦਾਂ ਸਿੱਖੀ ਵਿਚ ਬਹੁਤ ਪਰਵਿਰਤ ਕਰ ਰੱਖਿਆ ਸੀ। ਸੋਚਦੇ ਸਨ ਸਿਰ ਲੈ ਕੇ ਕੀਹ ਕਰਨਗੇ, ਦੇਵੀ ਹੀ ਪੁੱਠੀ ਪਈ ਹੈ ਜੋ ਐਸਾ ਕਰਦੇ ਹਨ। ਫੇਰ ਸੋਚ ਪੁਰੀ, ਗੁਰੂ ਪੂਰਾ ਹੈ, ਦਾਨਾ ਹੈ, ਦਾਤਾ ਹੈ, ਪ੍ਰੇਮ ਹੈ, ਭੁੱਲ ਕਦੇ ਨਹੀਂ ਕਰ ਸਕਦਾ। ਐਸੀ ਦੁਚਿਤਾਈ ਅਖੀਰ ਸਤੰਭ ਕਰ ਦੇਂਦੀ ਸੀ ਕਿ ਇੰਨੇ ਵਿਚ ਲਾਹੌਰ ਦਾ ਇਕ ਖਤਰੀ ਸਿੱਖ, ਜੋ ਗੁਰੂ ਘਰ ਦੀ ਅਨੁਭਵੀ ਵਿਦਿਆ ਦੇ ਸਿਵਾ ਵੇਦਾਂਤ ਤੇ ਜੋਗ ਮਤ ਦਾ ਗਿਆਤਾ ਸੀ, ਉਠਿਆ, ਇਹ ਸੋਚਦਾ ਕਿ ਸਰੀਰ ਤਾਂ ਰਹਿਣਾ ਨਹੀਂ, ਆਤਮਾ ਮਰਨਾ ਨਹੀਂ ਸਰੀਰ ਵਰਗੀ ਨਾਸ਼ਵਾਨ ਸ਼ੈ ਗਿਆਨ ਭਗਤੀ ਦਾ ਦਾਤਾ ਗੁਰੂ ਮੰਗਦਾ ਹੈ, ਐਸਾ ਸਮਾਂ ਫੇਰ ਕਦ ਲੱਭਣਾ ਹੈ, ਸਫਲਾ ਕਰ ਜਨਮ, ਇਹ ਮਿੱਟੀ ਦਾ ਹਾਂਡੀ ਨੂੰ ਫੋੜ ਦੇਹ ਦਾਤੇ ਦੇ ਚਰਨਾਂ ਵਿਚ। ਇਉਂ ਅਮਰ ਭਾਵਨਾ ਵਿਚ ਆ ਕੇ ਸਿੱਖ ਸਿਰ ਨੁਛਾਵਰ ਕਰਨ ਲਈ ਅੱਗੇ ਹੋਇਆ ਤੇ ਹਾਜ਼ਰ ਹੋ ਕੇ ਹੱਥ ਜੋੜ ਕੇ ਬੋਲਿਆ - ਲੀਜਹਿ ਸਤਿਗੁਰ ਮੇਰੇ ਸਿਰ ਕੋ। ਲਿਆ ਬਈ ਸਿਖਾ ਦੇਹ ਸਿਰ ਕਹਿ ਕੇ ਉਠੇ, ਪਲੰਘ ਤੋਂ ਹੇਠਾਂ ਆਏ, ਬਾਂਹ ਫੜ ਲਈ ਇਕ ਹੱਥ ਨਾਲ, ਦੂਜੇ ਵਿਚ ਚਮਕ ਰਹੀ ਚੰਦ੍ਰਹਾਸ, ਲੈ ਗਏ ਤੰਬੂ ਵਿਚ ਜੋ ਲਗ ਰਿਹਾ ਸੀ ਕੁਛ ਦੂਰ। ਜਾ ਕੇ ਬਿਠਾ ਦਿਤਾ ਇਕ ਪਾਸੇ ਖੜਗ ਸੂਤ ਲਈ ਤੇ ਲਹੂ ਭਿੰਨੀ ਤਲਵਾਰ ਚਮਕਾਉਂਦੇ ਫੇਰ ਆ ਗਏ ਦੀਵਾਨ ਵਿਚ।

ਸਿੱਖਾਂ ਨੇ ਲਹੂ ਭਰੀ ਤਲਵਾਰ ਹੁਣ ਤੱਕ ਲਈ ਤੇ ਸਿੱਖ ਮਾਰਿਆ ਗਿਆ ਜਾਣ ਗਏ। ਹੁਣ ਪਹਿਲੀਆਂ ਸੋਚਾਂ ਉਤੇ ਡਰ ਵਧੇਰੇ ਛਾ ਗਿਆ, ਸੰਸੇ ਦੇ ਬੱਦਲਾਂ ਵਾਲੇ ਅਕਾਸ਼ ਤੇ ਭੈ ਦੀਆਂ ਹੋਰ ਕਾਲੀਆਂ ਘਟਾਂ ਛਾ ਗਈਆਂ। ਆਪ ਫੇਰ ਆ ਖੜੋਤੇ, ਫੇਰ ਲਲਕਾਰੇ ਹੁਣ ਸੁਰ ਵਧੇਰੇ ਗਰਜਵੀਂ ਸੀ, ਤ੍ਰੈ ਵੇਰ ਫੇਰ ਉਸੀ ਤਰ੍ਹਾਂ ਸੀਸ ਦੀ ਮੰਗ ਪਾਈ। ਤਦ ਇਕ ਹੋਰ ਸਿੱਖ ਨਿਤਰਿਆ। ਹਸਤਨਾਪੁਰ ਦਾ ਵਾਸੀ ਇਕ ਜਟ ਸਿੱਖ ਇਹ ਸੋਚਦਾ ਮਨਾ! ਜਦ ਸਭ ਕੁਛ ਗੁਰੂ ਅਰਪਤ ਕਰ ਚੁੱਕਾ ਹੈਂ ਤਾਂ ਸਿਰ ਤੇਰਾ ਹੈ? ਇਹ ਤਾਂ ਅੱਗੇ ਹੀ ਭੇਟਾ ਹੋ ਚੁੱਕਾ ਹੈ, ਇਸ ਵਿਚ ਕਿਉਂ ਸੰਦੇਹ, ਅੱਗੇ ਵਧਿਆ। ਸਿਰ ਨਿਹੁੜਾਕੇ - ਲਓ ਪਾਤਸ਼ਾਹ ਸੀਸ ਹਾਜ਼ਰ ਹੈ। ਇਸਨੂੰ ਬੀ ਅੰਦਰ ਲੈ ਗਏ। ਪਹਿਲੇ ਸਿੱਖ ਦਇਆ ਰਾਮ ਦੇ ਪਾਸ ਧਰਮ ਦਾਸ ਨੂੰ ਬਿਠਾ ਦਿਤਾ ਤੇ ਲਹੂ ਰੰਗੀ ਭਗਵਤੀ ਚਮਕਾਉਂਦੇ ਫੇਰ ਬਾਹਰ ਆ ਖੜ੍ਹੇ ਹੋਏ ਤੇ ਤੀਸਰੀ ਵੇਰ ਸਿਰ ਦੀ ਮੰਗ ਕੀਤੀ। ਸੰਗਤਾਂ ਵਿਚੋਂ ਹੁਣ ਕੁਛ ਮਸੰਦ ਸਹਿਜੇ ਸਹਿਜੇ ਤਿਲਕ ਗਏ ਸਨ ਤੇ ਮਾਤਾ ਜੀ ਪਾਸ ਜਾ ਫਰਿਆਦੀ ਹੋਏ ਕਿ ਮਾਤਾ! ਦੇਵੀ ਪੁੱਠੀ ਪੈ ਗਈ ਹੈ, ਗੁਰੂ ਕੇ ਬਾਵਲੇ ਹੋ ਗਏ ਹਨ, ਇਨ੍ਹਾਂ ਨੂੰ ਘਰ ਵਿਚ ਬੰਦ ਕਰਕੇ ਪਹਿਰੇ ਹੇਠ ਰੱਖੋ

ਤੇ ਗਦੀ ਪਰ ਪੋਤਰੇ ਨੂੰ ਬਿਠਾਓ ਤਾਂ ਗੁਰੂ ਘਰ ਦੀ ਕਾਰ ਚੱਲੇਗੀ। ਮਾਤਾ ਜੀ ਨੇ ਸੁਣ ਕੇ ਇਕ ਦਾਸ ਨੂੰ ਠੀਕ ਖਬਰ ਲਿਆਉਣ ਲਈ ਘੱਲਿਆ। ਉਧਰ ਸਹਿਰ ਵਿਚ ਰੌਲਾ ਪੈ ਗਿਆ ਕਿ ਗੁਰੂ ਕਿਆਂ ਨੂੰ ਕੁਛ ਹੋ ਗਿਆ ਹੈ, ਆਪਣੇ ਸਿੱਖਾਂ ਦੇ ਸਿਰ ਵੱਢੀ ਜਾਂਦੇ ਹਨ। ਸਤਿਗੁਰੂ ਆਪਣਾ ਕੰਮ ਉਸੇ ਅਹਿੱਲ ਰੰਗ ਵਿਚ ਕਰਦੇ ਰਹੇ। ਤੀਜੀ ਵਾਰ ਫੇਰ ਆ ਕੇ ਲਲਕਾਰੇ ਇਕ ਸੀਸ! ਕੋਈ ਸਿੱਖ ਸੀਸ ਭੇਟਾ ਕਰੇ। ਤ੍ਰੈ ਵਾਰ ਦੀ ਪੁਕਾਰ ਮਗਰੋਂ ਮੁਹਕਮ ਨਾਮ ਦਾ ਜਾਤ ਦਾ ਨਾਮਾਬੰਸੀ, ਦ੍ਵਾਰਕਾ ਦਾ ਵਾਸੀ ਇਕ ਸਿੱਖ ਉਠਿਆ ਤੇ ਆ ਸਿਰ ਨਿਹੁੜਾ ਕੇ ਸੀਸ ਪੇਸ਼ ਕੀਤਾ। ਪਾਤਸ਼ਾਹ ਲਓ ਸੀਸ ਤੇ ਛਿਮਾ ਕਰੋ ਜੋ ਐਤਨੀ ਦੇਰ ਲਾ ਕੇ ਤੇਰਾ ਦਿਤਾ ਤੈਨੂੰ ਅਰਪਨ ਕਰਨ ਆਯਾ ਹਾਂ। ਬਾਂਹ ਪਕੜ ਕੇ ਇਸ ਨੂੰ ਬੀ ਅੰਦਰ ਲੈ ਗਏ। ਪਹਿਲੇ ਦੋਂਹ ਦੇ ਪਾਸ ਠੀਕ ਤਰ੍ਹਾਂ ਬਿਠਾ ਕੇ ਲਾਲ ਬਾਣੇ ਨਾਲ ਚਮਕਦੀ ਭਵਾਨੀ ਲਹਿਰਾਉਂਦੇ ਬਾਹਰ ਆਏ। ਫੇਰ ਇਕ ਹੋਰ ਸੀਸ ਦੀ ਮੰਗ ਪਾਈ। ਹੁਣ ਸਾਹਿਬ ਰਾਮ ਨਾਮ ਦਾ ਸੈਣ ਜਾਤੀ ਵਾਲਾ (ਨਾਈ) ਸਿੱਖ ਸ਼ਹਿਰ ਬਿਦਰ ਦਾ ਵਾਸੀ ਹਾਜ਼ਰ ਹੋਇਆ – ਲਓ ਹਜ਼ੂਰ ਇਹ ਸੀਸ ਹਾਜ਼ਰ ਹੈ। ਜੇ ਆਪ ਦੇ ਕੰਮ ਆਵੇ ਤਾਂ ਮੈਂ ਰੱਖ ਕੇ ਕੀਹ ਕਰਨਾ ਹੈ। ਹੁਣ ਇਸਨੂੰ ਬਾਂਹੋਂ ਫੜ ਕੇ ਅੰਦਰ ਲੈ ਗਏ ਤੇ ਪਹਿਲਿਆਂ ਤਿੰਨਾਂ ਦੇ ਪਾਸ ਬਿਠਾ ਕੇ ਲਹੂ ਚੋਂਦੀ ਖੜਕ ਚਮਕਾਉਂਦੇ ਬਾਹਰ ਆਏ ਤੇ ਫੇਰ ਸੀਸ ਦੀ ਮੰਗ ਪਾਈ। ਜਦ ਚਾਰ ਸਿੱਖ ਮਾਰੇ ਗਏ ਸੰਗਤ ਨੇ ਲਖ ਲਏ ਤਾ ਮਰੌਣੀ ਛਾ ਗਈ। ਦੂਰ ਦੂਰ ਵਾਲਿਆਂ ਵਿਚੋਂ ਦਬੇ ਪੈਰੀ ਖਿਸਕੰਤ ਸ਼ੁਰੂ ਹੋ ਗਈ। ਕਈ ਸਤੰਭ ਹੋਏ ਬੈਠੇ ਰਹੇ, ਕਈ ਲਾਜ ਦੇ ਮਾਰੇ ਨਾ ਉਠੇ, ਪਰ ਬਹੁਤੇ ਦੁਚਿਤਾਈ ਵਿਚ ਸਜੇ ਰਹੇ। ਕਦੇ ਚਿਤ ਕਹੇ ਗੁਰੂ ਸਰਵੱਗ ਹੈ, ਅਭੁੱਲ ਹੈ, ਉਠੋ ਕਰੋ ਸੀਸ ਭੇਟਾ, ਕਿਸੇ ਰੋਗ ਨਾਲ ਮਰਨਾ ਹੀ ਹੈ ਨਾ, ਇਹ ਤਾਂ ਤਤ ਫਟ ਸ਼ਸਤਰ ਦੀ ਮੌਤ ਹੈ। ਕਦੇ ਚਿੱਤ ਕਹੇ, ਗੁਰੂ ਜੀ ਕਾਲੀ ਦੇ ਪ੍ਰਭਾਵ ਹੇਠ ਹਨ, ਆਪੇ ਵਿਚ ਨਹੀਂ ਹਨ, ਇਸ ਵੇਲੇ ਕੁਰਬਾਨੀ ਦੇਣ ਦਾ ਕੀ ਲਾਭ? ਪਰ ਫਿਰ ਬੀ ਇਕ ਸਿੱਖ ਹਿੰਮਤ ਨਾਮ ਦਾ ਹਿੰਮਤੀਆ ਉਠ ਬੈਠਾ। ਇਹ ਜਗਨ ਨਾਥ ਦਾ ਵਾਸੀ ਸੀ, ਜਾਤ ਦਾ ਝੀਵਰ ਸੀ, ਆ ਗਿਆ ਤੇ ਸੀਸ ਨਿਵਾ ਕੇ ਬੋਲਿਆ, ਲਓ ਮਹਾਰਾਜ ਇਹ ਹਾਜ਼ਰ ਹੈ। ਬਾਂਹੋ ਫੜ ਕੇ ਉਸਨੂੰ ਬੀ ਤੰਬੂ ਵਿਚ ਲੈ ਗਏ।



ਮਾਤਾ ਜੀਤੋ ਜੀ ਅੰਮ੍ਰਿਤ ਵਿਚ ਪਤਾਸੇ ਪਾਉਂਦੇ ਹੋਏ.

ਸੰਗਤ ਨੇ ਸਮਝ ਲਿਆ ਕਿ ਗਿਆ ਇਹ ਬੀ। ਅੰਦਰ ਹੁਣ ਕੀ ਵਰਤਿਆ, ਸੀਸ ਭੇਟਾ ਮੰਗਣ ਵਾਲੇ ਨੇ ਪੰਜਾਂ ਨੂੰ ਗਲਵਕੜੀ ਪਾ ਪਾ ਪਿਆਰਿਆ ਤੇ ਇਹ ਵਾਕ ਉਚਾਰੇ – ਤੁਸੀਂ ਆਪੇ ਤੋਂ ਮਰ ਗਏ ਹੋ, ਹੁਣ ਮਮ ਸਰੂਪ ਤੁਮ ਅਬ ਬਏ, ਹਉਂ ਭਾ ਤੁਮਹਿ ਸਰੂਪ। ਬ੍ਰਹਮ ਗਯਾਨ ਦ੍ਰਿਢ ਰਿਦੈ ਹ੍ਵੈ ਪਦ ਅਤਿ ਲੀਨ ਅਨੂਪ।' ਇਹ ਵਰ ਬਖਸ਼ ਕੇ ਬਾਹਰ ਨਿਕਲੇ। ਲਹੂ ਭਰੀ ਤਲਵਾਰ ਮਿਆਨ ਵਿਚ ਹੈ, ਪੰਜੇ ਜੀਉਂਦੇ ਜਾਗਦੇ ਸਹੀ ਸਲਾਮਤ ਤਾਰਿਆਂ ਦੇ ਪਰਵਾਰ ਵਾਂਗੂੰ ਗੁਰੂ ਚੰਦ ਨੂੰ ਆਪਣੇ ਵਿਚ ਪ੍ਰਵਾਰਿਤ ਕਰੀ ਆ ਰਹੇ ਹਨ। ਸੰਗਤ ਦੇ ਅਚਰਜ ਦਾ ਕੋਈ ਅੰਤ ਨਾ ਰਿਹਾ। ਮਰੇ ਹੋਏ ਜੀਉਂਦੇ ਹਨ। ਕੀ ਜਾਣੀਏ ਮਾਰ ਮਾਰ ਕੇ ਗੁਰੂ ਜੀ ਨੇ ਆਪਣੀ ਦੈਵੀ ਸ਼ਕਤੀ ਨਾਲ ਫੇਰ ਜਿਵਾ ਆਂਦੇ ਹਨ। ਖਬਰੇ ਕੋਈ ਹੋਰ ਕੌਤਕ ਹੋਵੇ। ਗੁਰੂ ਕੀ ਗਤਿ ਗੁਰੂ ਜਾਣੇ, ਪਰ ਮਸੰਦ ਗਲਤ ਕਹਿੰਦੇ ਹਨ ਕਿ ਦੇਵੀ ਪੂੱਠੀ ਪਈ ਹੈ। ਗੁਰੂ ਤਾਂ ਗੁਰੂ ਹੀ ਹੈ, ਬਉਰਾਨਿਆ ਨਹੀਂ ਹੈ। ਸੰਗਤ ਦੀ ਇਸ ਹੈਰਾਨੀ ਵਿਚ ਸਤਿਗੁਰੂ ਉਚੀ ਗਗਨ ਗੰਭੀਰ ਦੀ ਸੁਰ ਵਿਚ ਬੋਲੇ – ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਰਖਨਾ ਵਿਚ ਸਿੱਖੀ ਦੀ ਆਨ ਗੁਰੂ ਅੰਗਦ ਦੇਵ ਜੀ ਨੇ ਰੱਖੀ ਸੀ, ਅੱਜ ਦੀ ਪਰਖਨਾ ਵਿਚ ਸਿੱਖੀ ਦੀ ਆਨ ਇਨ੍ਹਾਂ ਪੰਜਾਂ ਨੇ ਰੱਖੀ ਹੈ। ਇਨ੍ਹਾਂ ਪੰਜਾਂ ਦੇ ਸਮੁਦਾਇ ਨੂੰ ਹੁਣ ਮੇਰੇ ਤੁੱਲ ਸਮਝੋ, ਮੇਰੇ ਤੇ ਇਨ੍ਹਾਂ ਵਿਚ ਕੋਈ ਭੇਦ ਨਹੀਂ ਜਾਣੋ।

ਹੁਣ ਸਿੱਖ ਸੰਗਤ ਸਮਝੀ ਕਿ ਓਹ ਹੋ! ਇਹ ਤਾਂ ਕਸੌਟੀ ਸੀ, ਅਸੀਂ ਕਿਉਂ ਕੱਸੇ ਨਿਕਲੇ। ਫੇਰ ਸ਼ੁਕਰ ਕਰਨ ਕਿ ਸਾਡੇ ਵਿਚੋਂ ਪੰਜ ਨਿਤਰੇ, ਸਿੱਖੀ ਦੀ ਲਾਜ ਰਹਿ ਆਈ। ਜੇ ਇਹ ਬੀ ਨਾ ਨਿਤਰਦੇ ਤਾਂ ਖਬਰੇ ਗੁਰੂ ਜੀ ਅੱਜ ਮਸੰਦਾਂ ਵਾਂਗੂੰ ਸਿੱਖੀ ਤੋਂ ਬੀ ਉਦਾਸ ਹੋ ਜਾਂਦੇ। ਧੰਨ ਏਹ ਪੰਜ ਆਪਾ ਵਾਰੂ ਸਿੱਖ ਜਿਨ੍ਹਾਂ ਸਾਰੀ ਸਿੱਖੀ ਦੀ ਰੱਖ ਦਿਖਾਈ। ਸਾਰੇ ਉਨ੍ਹਾਂ ਪੰਜਾਂ ਨੂੰ ਸਤਿਕਾਰ ਨਾਲ ਸੀਸ ਨਿਵਾਉਣ। ਕੁਛ ਸਮਾਂ ਇਸ ਤਰ੍ਹਾਂ ਸਾਹਿਬ ਗੁਰੂ ਜੀ ਤੇ ਪੰਜਾ ਪਿਆਰਿਆਂ ਨੂੰ ਦਰਸ਼ਨ ਦੇਂਦੇ ਲੰਘਿਆ।



ਧੰਨ ਸਾਹਿਬ ਸ੍ਰੀ ਗੁਰੂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪੰਜ ਪਿਆਰਿਆਂ ਨੂੰ ਅੰਮ੍ਰਿਤ ਦਾ ਛਿਟਾ ਦੇ ਕੇ ਸਰਜੀਤ ਕਰਦੇ ਹੋਏ।

ਹੁਣ ਉਸ ਭੀੜ ਵਿਚੋਂ ਇਕ ਹੋਰ ਸਿੱਖ ਅੱਗੇ ਵਧਿਆ ਝਿਜਕਦਾ ਤੇ ਚਰਨਾਂ ਤੇ ਢਹਿ ਪਿਆ – 'ਪਾਤਸ਼ਾਹ! ਬਖਸ਼, ਤੂੰ ਪੀੜੀਆਂ ਤੋਂ ਸਿੱਖ ਹਾਂ, ਜੀਅ ਦਾਨ ਪਾਇਆ ਹੈ, ਹਾਂ ਮੈਂ ਤਾਂ ਤੱਕਦਾ ਰਹਿ ਗਿਆ ਕਿ ਆਵੇਗੀ ਵਾਰੀ ਪਰ ਮੇਰੀ ਵਾਰੀ ਨਹੀਂ ਆਈ। ਹੁਣ ਲੈ ਲੈ ਇਹ ਸੀਸ ਨਿਕਾਰਾ। ਖੁੰਝੇ ਸਮੇਂ ਮਗਰੋਂ ਹੀ ਲੈ ਲੈ। ਫਿਰ ਇਕ ਹੋਰ ਨੇ ਅੱਗੇ ਹੋ ਕੇ ਕਿਹਾ, ਕਈ ਵੇਰ ਅੱਗੇ ਵਧਿਆ, ਕਈ ਵਾਰ ਅਝਟਿਆ, ਬਖਸ਼ ਦਾਤੇ! ਮੈਂ ਕੱਚਾ ਹਾਂ ਪਰ ਤੇਰੀ ਪ੍ਰੀਤ ਤਾਰ ਅੰਦਰ ਹੈ। ਜੇ ਨਾਂਹ ਨਿਤਰਨ ਕਰਕੇ ਤ੍ਰਾਹ ਦਿਓਗੇ ਤਾਂ ਮੈਂ ਰੋ ਰੋ ਕੇ ਮਰ ਜਾਸਾਂ ਕਿਉਂਕਿ ਤੈਂ ਬਿਨਾਂ ਮੇਰਾ ਆਸਰਾ ਹੋਰ ਕੋਈ ਨਹੀਂ। ਤੀਸਰਾ ਇਕ ਹੋਰ ਢਹਿ ਪਿਆ ਤੇ ਰੋ ਕੇ ਬੋਲਿਆ – ਪਾਤਸ਼ਾਹ! ਪੰਜ ਸੀਸ ਤਾਂ ਖੁਸ਼ੀ ਨਾਲ ਭੇਟ ਹੋਏ ਮੇਰਾ ਸੀਸ ਇਸ ਦੰਡ ਵਿਚ ਕੱਟ ਦੇਹ ਕਿ ਮੈਂ ਆਪਣੇ ਦਾਤਾ ਦੀ ਮੰਗ ਪਰ ਪਹਿਲੋਂ ਅੱਗੇ ਕਿਉਂ ਨਹੀਂ ਹੋਇਆ, ਮੈਂ 'ਦੇਹ' ਨੂੰ ਹੁਕਮ ਨਾਲੋਂ ਵੱਧ ਕਿਉਂ ਪਿਆਰ ਕੀਤਾ? ਹੁਣ ਇਹ ਸੀਸ ਲੈ ਲਓ। ਇਸ ਤਰ੍ਹਾਂ ਪੰਜ ਹੋ ਗਏ। ਜਦ ਸਤਿਗੁਰੂ ਜੀ ਨੇ ਡਿੱਠਾ ਕਿ ਅਨੇਕਾਂ ਤੇ ਅਨਗਿਣਤ ਹੋਰ ਹਨ ਜੋ ਰੋ ਰਹੇ ਹਨ ਤੇ ਪਿਆਰ ਵਿਚ ਪੱਛੋਤਾ ਰਹੇ ਹਨ, ਤਦ ਬੋਲੇ – ਤੁਸੀਂ ਸਾਰੇ ਮੇਰੇ ਹੋ, ਮੈਂ ਤੁਸਾਡਾ ਹਾਂ ਤੁਸੀਂ ਬੇਮੁਖ ਨਹੀਂ ਹੋ, ਬੇਮੁਖ ਨੱਸ ਗਏ, ਕੋਈ ਦੋ ਕੋਹ, ਕਓਈ ਚਾਰ ਕੋਹ ਨਿਕਲ ਗਿਆ ਹੈ, ਭੱਜੇ ਜਾਂਦੇ ਹਨ ਤੇ ਮੁੜ ਮੁੜ ਪਿੱਛੇ ਤੱਕਦੇ ਹਨ ਕਿ ਮਤਾਂ ਕੋਈ ਸਵਾਰ ਉਨ੍ਹਾਂ ਨੂੰ ਫੜਨ ਨਾ ਆ ਰਿਹਾ ਹੋਵੇ। ਤੁਸੀਂ ਸਨਮੁਖ ਹੋ ਜੋ ਪਿਆਰ ਵਿਚ ਉਮਲਦੇ ਬੀ ਰਹੇ ਹੋ, ਡਰਦੇ ਹੀ ਰਹੇ ਹੋ, ਹੀਆ ਉਛਲਦਾ ਬੀ ਰਿਹਾ ਹੈ ਫੇਰ ਫਿਕਰ ਮੇਰਾ ਬੀ ਕਰਦੇ ਰਹੇ ਹੋ, ਪਰ ਹਿੱਲੇ ਨਹੀਂ, ਸਨਮੁਖ ਬੈਠੇ ਰਹੇ ਹੋ ਤੇ ਗਏ ਨਹੀਂ ਤੇ ਲੜ ਛੁਡਾਇਆ, ਆਪਣੀ ਭੁੱਲ ਸਮਝਦੇ ਹੋ, ਦੁਆਰੇ ਹੀ ਢੱਠੇ ਪਏ ਹੋ ਤੇ ਸੀਸ ਅਰਪ ਰਹੇ ਹੋ। ਹਾਂ ਤੁਸੀਂ ਸਨਮੁਖ ਹੋ, ਜਿਨ੍ਹਾਂ ਦੀ ਨਜ਼ਰ ਲੋਕਾਂ ਦੇ ਖਿਆਲ ਵਿਚ ਮੇਰੇ ਕਮਲੇ ਹੋ ਜਾਣ ਤੇ ਬੀ ਹੋਰ ਪਾਸੇ ਨਹੀਂ ਗਈ, ਮੇਰੇ ਤੇ ਹੀ ਟਿਕੀ ਰਹੀ ਹੈ। ਏਹ ਜੋ ਮੇਰੇ ਨਾਲ ਹਨ ਪਿਆਰੇ ਪੰਜ ਇਹ ਗੁਰਮੁਖ ਹਨ, ਤੁਸੀਂ ਸਾਰੇ ਸਨਮੁਖ ਹੋ। ਜੋ ਹੁੱਜਤਾਂ ਪੜ੍ਹਦੇ ਰਹੇ ਹਨ, ਸੋ ਮਨਮੁਖ ਹਨ। ਜੋ ਭੱਜ ਗਏ ਹਨ, ਸੋ ਬੇਮੁਖ ਹਨ। ਸਿੱਖੀ ਧੰਨ ਹੈ, ਜਿਸ ਵਿਚੋਂ ਗੁਰਮੁਖ ਤੇ ਸਨਮੁਖ ਨਿੱਤਰੇ ਹਨ, ਇਹ ਪੰਥ ਜੀਉਂਦਾ ਹੈ ਜਿਸ ਦੀ ਜਾਨ ਇਹ ਪੰਜ ਪਿਆਰੇ ਹਨ। ਮੈਂ ਦਿਲ-ਸ਼ਾਦ ਹਾਂ ਕਿ ਪੰਜ ਗੁਰਮੁਖ ਤੇ ਤੁਸੀਂ ਸਾਰੇ ਸਨਮੁਖ ਨਿੱਤਰੇ ਹੋ ਤੇ ਹੋਰ ਆਸਵੰਦ ਹਜ਼ਾਰਾਂ ਖੜ੍ਹੇ ਦਿੱਸਦੇ ਹਨ। ਮੈਨੂੰ ਸੱਜਣੋ! ਜਿੰਦਾ ਦੀ ਲੋੜ ਨਹੀਂ, ਤੁਹਾਡੇ ਵਿਚੋਂ ਤੁਸਾਂ ਨੂੰ ਕੱਢ ਕੇ ਮੈਂ ਇਕ ਰੱਬੀ ਸੂਰਤ ਆਂਦੀ ਹੈ, ਉਹ ਤੁਸਾਂ ਵਿਚ ਵਾੜਨੀ ਹੈ, ਤੁਸਾਨੂੰ ਮਾਨੋ ਮਾਰਨਾ ਹੈ ਤੇ ਤੁਸਾਂ ਵਿਚ ਕੁਛ ਹੋਰ ਜਿਵਾਲਣਾ ਹੈ।

ਕੁਛ ਚਿਰ ਹੋਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚੰਦ ਸਮਾਨ ਚਮਕਦੇ ਦਮਕਦੇ ਖੜ੍ਹੇ ਰਹੇ, ਪੰਜੇ ਦੁਆਲੇ ਚਮਕਦੇ ਸਿਤਾਰਿਆਂ ਵਾਂਗੂੰ ਪਰਿਵਾਰ ਪਾਈ ਦਰਸ਼ਨ ਦਿੰਦੇ ਰਹੇ। ਫੇਰ ਗੁਰੂ ਜੀ ਤੇ ਪੰਜੇ ਗੁਰੂ ਜੀ ਦੇ ਨਾਲ ਚਲੇ ਗਏ ਤੇ ਸੰਗ ਆਪੋ ਆਪਣੇ ਟਿਕਾਣੇ ਜਾ ਟਿਕੀ।

ਅੰਮ੍ਰਿਤ

ਲਓ ਖਾਲਸਾ ਜੀ, ਹੁਣ ਕਰੋ ਹੋਰ ਅਦਭੁਤ ਦਰਸ਼ਨ – ਜਿੱਥੇ ਕੱਲ ਸਿੱਖੀ ਪਰਖੀ ਸੀ, ਜਿੱਥੇ ਤਲਵਾਰ ਸੀਸ ਮੰਗ ਰਹੀ ਸੀ, ਜਿੱਥੇ ਕੰਬ ਰਹੇ ਸਨ ਮਸੰਦ ਤੇ ਸਤੰਭ ਹੋਈ ਬੈਠੀ ਸੀ ਸੰਗਤ, ਅੱਜ ਓਥੇ ਸਿੰਘਾਸਨ ਲਗ ਰਿਹਾ ਹੈ, ਸੰਗਤ ਜੁੜੀ ਬੈਠੀ ਹੈ, ਚੁਫੇਰੇ ਸਨੱਧ ਬੱਧ ਸੂਰਮੇ ਸ਼ਸਤ੍ਰਧਾਰੀ ਖੜ੍ਹੇ ਹਨ, ਯਾਰਾਂ ਸੌ ਦਾ ਕੜਾਹ ਪ੍ਰਸ਼ਾਦ ਸਜ ਰਿਹਾ ਹੈ ਲੱਠੇ ਦੀਆਂ ਚਾਦਰਾਂ ਉਤੇ, ਸਿੰਘਾਸਨ ਤੇ ਬਿਰਾਜ ਰਹੇ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ੍ਵੇਤ ਬਸਤਰਾਂ ਵਿਚ, ਅੱਗੇ ਧਰਿਆ ਹੈ ਚਮਕਦਾ ਲੋਹਾ ਦਾ ਬਾਟਾ, ਵਿਚ ਪਿਆ ਹੈ ਜਲ, ਜਿਸ ਵਿਚ ਰੱਖਿਆ ਹੈ ਦੁਧਆਰਾ ਖੰਡਾ। ਸਾਹਮਣੇ ਖੜ੍ਹੇ ਹਨ ਕੱਲ ਵਾਲੇ ਪੰਜੇ ਸੀਸ ਭੇਟ ਕਰਨ ਵਾਲੇ ਦੂਲੇ, ਸਫੈਦ ਬਸਤ੍ਰ ਧਾਰੇ ਹੋਏ, ਤੇੜ ਕਛਹਿਰਾ, ਗਲ ਅੰਗਾ, ਸੀਸ ਸਿੱਧੀ ਚਿੱਟੀ ਦਸਤਾਰ, ਕਮਰਕਸਾ ਸਜਿਆ ਗਾਤਰੇ ਲਗੀ ਹੈ ਸ੍ਰੀ ਸਾਹਿਬ, ਹੱਥ ਜੋੜੇ ਖੜ੍ਹੇ ਹਨ। ਸੰਗਤ ਬਿਸਮਯ ਭਾਵ ਵਿਚ ਹੈ, ਅੱਜ ਤੌਖਲਾ, ਡਰ ਨਹੀਂ ਪਿਆ, ਪਰ ਬਿਸਮਯ ਹੈ ਕਿ ਦੇਖੀਏ ਹੋਰ ਕੀਹ ਰੰਗ ਖਿਲਦਾ ਹੈ ਅੱਜ। ਇੰਨੇ ਨੂੰ ਸਾਹਿਬਾਂ ਨੇ ਆਵਾਜ਼ ਦਿਤੀ ਨਿੱਤਰੇ ਹੋਏ ਤੇ ਤਲਵਾਰ ਨਾਲ ਨਿਤਾਰੇ ਹੋਏ ਪੰਜਾਂ ਨੂੰ ਕਿ ਭਾਈ ਵਾਹਿਗੁਰੂ ਗੁਰਮੰਤ੍ਰ ਹੈ ਗੁਰੂ ਬਾਬੇ ਦਾ, ਇਕ ਚਿੱਤ ਹੋ ਜਪੋ ਵਾਹਿਗੁਰੂ। ਪੰਜੇ ਤਾਂ ਇਸ ਕਾਰੇ ਲੱਗ ਗਏ, ਆਪ ਸਾਹਿਬਾਂ ਦਾ ਬਲੀ ਤੇ ਦਾਤਾ ਹੱਥ ਗਿਆ ਖੰਡੇ ਉਤੇ ਜੋ ਫਿਰਨ ਲਗ ਗਿਆ ਜਲ ਵਿਚ ਤੇ ਆਪ ਕਰਨ ਲਗ ਗਏ ਪਾਠ ਬਾਣੀਆਂ ਦਾ। ਆ ਗਏ ਸ੍ਰੀ ਪਰਮ ਪਵਿੱਤਰ ਯੋਗੀਰਾਜ ਮਾਤਾ ਜੀਤੋ ਜੀ, ਉਸ ਬਾਟੇ ਵਿਚ ਜਿਸ ਵਿਚ ਤੇਜ਼ ਪ੍ਰਵੇਸ਼ ਕਰ ਰਿਹਾ ਹੈ ਗੁਰੂ ਦਾ, ਪਤਾਸੇ ਜਾ ਪਾਏ ਇਸ ਦੇਵੀ ਨੇ। ਹੁਣ ਬੀਰ ਰਸ ਤੇ ਸ਼ਾਂਤਿ ਰਸ ਇਕੱਠੇ ਕਰਕੇ ਪ੍ਰਵੇਸ਼ ਕਰਨ ਲੱਗੇ ਹਨ ਪੰਥ ਵਿਚ। ਬਾਣੀਆਂ ਪੜ੍ਹ ਕੇ ਆਪ ਖੜ੍ਹੇ ਹੋ ਗਏ। ਕਲ ਦੇ ਤਲਵਾਰ ਦੀ ਧਾਰ ਅੱਗੇ ਮਰਨੇ ਲਈ ਨਿਵੇਂ ਆਪਾ ਵਾਰੂਆਂ ਦੇ ਸਨਮੁਖ ਖੜੋ ਕੇ ਇਕ ਤੋਂ ਮੂਲ ਮੰਤ੍ਰ ਦਾ ਪਾਠ ਕਰਵਾਇਆ ਪੰਜ ਵੇਰ। ਪਹਿਲਾਂ ਉਹ ਜੋ ਬਾਟੇ ਵਿਚ ਤਿਆਰ ਹੋਇਆ ਸੀ, ਮਰਿਆਂ ਨੂੰ ਅਮਰ ਕਰਨੇ ਵਾਲਾ ਅੰਮ੍ਰਿਤ, ਸਤਿਗੁਰ ਨੇ ਬਾਟੇ ਵਿਚੋਂ ਲਿਆ, ਛੱਟੇ ਮਾਰੇ ਪੰਜ ਵੇਰ ਨੈਣਾਂ ਵਿਚ ਤੇ ਗੱਜ ਕੇ ਬੁਲਵਾਇਆ ਨਵਾਂ ਬੋਲਾ ਜੋ ਅੱਜ ਹੀ ਪਹਿਲੀ ਵੇਰ ਸਤਿਗੁਰ ਦੇ ਮੁਖਾਰਬਿੰਦ ਤੋਂ ਰੂਪ ਧਾਰੀ ਹੋਇਆ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹਿ। ਪੰਜ ਵੇਰ ਅੰਮ੍ਰਿਤ ਦੇ ਚੁਲੇ ਛਕਾਏ ਫੇਰ ਨੇਤਰਾਂ ਪਰ ਪੰਜ ਛਟੇ ਲਾਏ, ਇਸੇ ਤਰ੍ਹਾਂ ਪੰਜ ਵੇਰ ਫੇਰ ਕੇਸਾਂ ਵਿਚ ਦਸਮ ਦੁਆਰ ਦੇ ਟਿਕਾਣੇ ਪਾ ਕੇ ਇਸੇ ਅੰਮ੍ਰਿਤ ਦੇ ਚੁਲੇ ਦੇ ਦੇ ਕੇ ਫੇਰ ਇਹੋ ਜੈਕਾਰਾ ਗਜਵਾਇਆ। ਐਉਂ ਪੰਜਾਂ ਨੂੰ ਅੰਮ੍ਰਿਤ ਛਕਾਇਆ। ਫੇਰ ਹੁਕਮ ਦਿਤਾ, ਅਕਾਲ ਪੁਰਖ ਵਾਹਿਗੁਰੂ ਦਾ ਅੰਮ੍ਰਿਤ ਤੁਸਾਂ ਛਕਿਆ ਹੈ, ਉਸ ਦੇ ਨਾਮ ਦੀ ਦਾਤ ਦਾਨ ਹੋਈ ਹੈ, ਨਾਮ ਜਪਣਾ ਸਿਮਰਨਾ ਹੈ ਵਾਹਿਗੁਰੂ। ਵਾਹਿਗੁਰੂ ਦਾ ਸਰੂਪ ਤੁਸਾਂ ਮੂਲ ਮੰਤਰ ਵਿਚ ਸੁਣਿਆ ਹੈ, ਸਮਝਿਆ ਹੈ, ਇਸ ਰੂਪ ਵਾਲਾ ਨਾਮੀ ਹੈ ਵਾਹਿਗੁਰੂ ਜਿਸ ਉਤੇ ਸਿਦਕ ਰਹੇ ਕਾਯਮ ਤੁਸਾਂ ਦਾ ਸਦਾ। ਤੁਸਾਂ ਨੂੰ ਖਾਲਸਾ ਸਾਜਿਆ ਹੈ ਉਸ ਵਾਹਿਗੁਰੂ ਦਾ ਤੁਸੀਂ ਹੁਣ ਖਾਲਸਾ ਹੋ, ਤੁਸੀਂ ਵਾਹਿਗੁਰੂ ਦੇ ਹੋ, ਫਤਹਿ ਸਦਾ ਵਾਹਿਗੁਰੂ ਦੀ ਹੈ, ਜੋ ਉਸਦਾ ਹੈ ਤੁਸਾਡਾ ਹੈ, ਇਉਂ ਤੁਹਾਡੀ ਫਤਹਿ ਹੈ। ਓਸ ਵਾਹਿਗੁਰੂ ਦੀ ਸਿਫਤ ਸਲਾਹ, ਗੁਣ ਕੀਰਤਨੀ, ਵਡਿਆਈ ਵੀਚਾਰ ਵਿਚਾਰ ਕੇ ਉਸ ਨਾਲ ਮਿਲੇ ਰਹੋ – ਅੰਮ੍ਰਿਤ ਵੇਲਾ ਸਚ ਨਾਮ ਵਡਿਆਈ ਵੀਚਾਰ। ਇਹ ਗੱਲ ਬਾਣੀ ਨਾਲ ਹੋਣੀ ਹੈ ਸੋ ਬਾਣੀ ਨਿਤਨੇਮ ਪੜ੍ਹਨੀ ਹੈ, ਗੁਰਬਾਣੀ ਤੋਂ ਅਵੇਸਲੇ ਨਹੀਂ ਹੋਣਾ। ਬਾਣੀ ਪੜ੍ਹਨੀ, ਕੀਰਤਨ ਸੁਣਨਾ, ਕਰਨਾ, ਬਾਣੀ ਵੀਚਾਰਨੀ, ਅਮਲ ਕਰਨਾ, ਨਿਤਨੇਮ ਨਹੀਂ ਘੁਸਾਉਣਾ। ਨਾਮ ਬਾਣੀ ਦੀ ਟੇਕ ਧਾਰ ਕੇ ਰਹਿਤ ਧਾਰੋ। ਦਾਤੇ ਨੇ ਫਿਰ ਰਹਿਤ ਦਾ ਉਪਦੇਸ਼ ਦਿਤਾ। ਫੇਰ ਤਾਕੀਦ ਕੀਤੀ ਕਿ ਕੇਸਾਧਾਰੀ ਰਹਿਣਾ ਹੈ। ਇਸੇ ਤੋਂ ਉਸ ਸਥਾਨ ਦਾ ਨਾਮ ਕੇਸਗੜ੍ਹ ਹੋਇਆ ਜਿੱਥੇ ਕਿ ਅੱਜ ਦਾਤੇ ਕੇਸਾਧਾਰੀ ਪੰਥ ਰਚਿਆ। ਫਿਰ ਮਸੰਦਾਂ, ਮੀਣਿਆਂ, ਧੀਰ ਮੱਲੀਆਂ ਆਦਿ ਨਾਲ ਵਰਤਣੋਂ ਵਰਜਿਆ, ਆਪ ਦਾ ਪ੍ਰੇਮ ਉਪਦੇਸ਼ਿਆ। ਅੱਜ ਤੋਂ ਵਾਸੀ ਅਨੰਦਪੁਰ, ਪਿਤਾ ਗੁਰੂ ਗੋਬਿੰਦ ਸਿੰਘ ਜੀ ਤੇ ਨਾਮ ਸਿੰਘ ਰੱਖਣ ਦਾ ਹੁਕਮ ਕੀਤਾ। ਸਿੰਘ ਸਿੰਘ ਦਾ ਭਰਾ। ਫੇਰ ਪੰਥ ਸੇਵਾ ਵਿਚ ਆਪਾ ਵਾਰਨ ਦਾ ਉਪਦੇਸ਼ ਦਿਤਾ – ਤੁਸੀਂ ਪੰਜੇ ਇਕ ਪੰਥ ਹੋਏ ਹੋ, ਤੁਸਾਂ ਪੰਜਾਂ ਦੇ ਸਮੂੰਹ ਵਿਚ ਮੈਂ ਆਪਣੀ ਜੋਤਿ ਧਰੀ ਹੈ।

ਹੁਣ ਸੰਤਾਂ ਨੇ ਇਕ ਕਾਗਜ਼ ਫੜਿਆ ਤੇ ਪੜ੍ਹਿਆ। ਸੁਣੋ ਖਾਲਸਾ ਜੀ ਓਹ ਵਾਕ ਜੋ ਇਸ ਸਮੇਂ ਲਈ ਲਿਖੇ ਹੋਏ ਹਨ – ਕਰ ਅਰਦਾਸ ਰਹਤ ਕੀ ਭਲੋ। ਪੰਚਾਂਮ੍ਰਿਤ ਅਚਿ ਪਾਂਚਉਂ ਮਿਲੇ। ਜਾਤ ਪਾਤ ਕੇ ਭੇਦ ਨ ਕੋਈ। ਚਾਰ ਬਰਨ ਅਚਵਹਿਂ ਇਕ ਹੋਈ। ਮਤਿ ਊਚੀ ਰਾਖਹੁ ਮਨ ਨੀਵਾਂ। ਸਿਮਰਹੁ ਵਾਹਿਗੁਰੂ ਸੁਖ ਸੀਵਾਂ। ਗੋਰ ਮੜ੍ਹੀ ਅਰ ਪੰਥ ਅਨੇਕਾ। ਆਨ ਨ ਮਾਨਹਿ ਰਾਖ ਵਿਵੇਕਾ। ਕਵੀ ਸੰਤੋਖ ਸਿੰਘ ਜੀ ਖਾਲਸੇ ਦੇ ਜਨਮ ਪਰ ਲਿਖਦੇ ਹਨ – ਵਾਹਿਗੁਰੂ ਜੀ ਕਾ ਭਯੋ ਖਾਲਿਸਾ ਸੁ ਨੀਕਾ ਅਤਿ ਵਾਹਿਗੁਰੂ ਜੀ ਕੀ ਮਿਲ ਫਤੇ ਸੋ ਬੁਲਾਈ ਹੈ। ਪੀਰ ਪਾਤਸ਼ਾਹ ਕਰਾਮਾਤੀ ਜੇ ਅਪਰ ਪੰਥ, ਹਿੰਦੂ ਕਿ ਤੁਰਕ ਹੂੰ ਕੀ ਕਾਨ ਕੋ ਮਿਟਾਈ ਹੈ। ਤੀਸਰਾ ਮਜ਼ਬ ਜਗ ਦੇਖਿ ਕੇ ਅਜਬ ਮਹਾਂ, ਬੈਰੀ ਕੇ ਗਜਬ ਪਰਜੋ ਛੀਨੈ ਠਕੁਰਾਈ ਹੈ। ਧਰਮ ਸਥਾਪਬੇ ਕੋ ਪਾਪਨ ਕੇ ਖਾਪਬੇ ਕੋ ਗੁਰੂ ਜਾਪਬੇ ਕੋ ਨਈ ਰੀਤਿ ਚਲਾਈ ਹੈ।

ਸੱਤਵਾਂ ਪਰਤਾਵਾ – ਗੁਰੂ

ਖਾਲਸਾ ਰਚਿਆ ਗਿਆ ਸੀ। ਇਹ ਸੀ ਆਦਰਸ਼ ਜੋ ਸਤਿਗੁਰੂ ਨੇ ਆਪਣੇ ਅਰਸ਼ੀ ਦਿਮਾਗ ਵਿਚੋਂ, ਉਸ ਸੁਰਤ ਵਿਚੋਂ, ਜੋ ਸਦਾ ਵਾਹਿਗੁਰੂ ਵਿਚ ਖੁਭੀ ਰਹਿੰਦੀ ਸੀ, ਕੱਢਿਆ ਤੇ ਮੂਰਤੀਮਾਨ ਕਰ ਦਿਤਾ। ਛੇ ਪਰਤਾਵੇ ਹੋ ਚੁੱਕੇ ਸੇ। ਹੁਣ ਇਕ ਪਰਤਾਵਾ ਬਾਕੀ ਸੀ, ਉਹ ਸੀ ਗੁਰੂ ਦੀ ਆਪਣੀ ਪ੍ਰੀਖਜਾ। ਗੁਰੂ ਪੂਰਨ ਹੈਸੀ, ਪੂਰਨ ਹੈ, ਪੂਰਨ ਰਹੇਗਾ। ਸਾਡੀ ਪਰੀਭਾਖਾ ਵਿਚ ਗੁਰੂ ਉਸਤਾਦ ਮਾਤ੍ਰ ਦਾ ਨਾਮ ਨਹੀਂ, ਪਰ

ਵਾਹਿਗੁਰੂ ਜਯੋਤਿ ਦਾ, ਜੋ ਪੂਰਨ ਪੁਰਖ ਦਸਾਂ ਸਤਿਗੁਰਾਂ ਵਿਚ ਟਿਕੀ ਉਸ ਦਾ ਨਾਮ ਹੈ ਗੁਰੂ। 'ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰ' ਅਭੁੱਲ ਨੂੰ ਕੌਣ ਪਰਖੇ, ਪੂਰੇ ਨੂੰ ਪਰਖਣਾ ਕਿਸ ਦਾਬਲ ਤੇ ਲੋੜ ਕਾਹਦੀ। ਪਰ ਕੌਤਕੀ ਦਾਤਾ ਗੁਰੂ ਨਾਨਕ ਵਲ ਤੱਕ ਰਿਹਾ ਹੈ, ਜਦੋਂ ਸਿੱਖੀ ਪਰਖੀ ਤੇ ਸ੍ਰੀ ਪਾਵਨ ਲਹਿਣਾ ਜੀ ਪੂਰੇ ਉਤਰੇ ਤਾਂ ਗੁਰੂ ਨਾਨਕ ਨੇ ਆਪਨੂੰ ਪਰਖਿਆ ਆਪੇ ਆਪਣੇ ਅਲੱਖ ਤਰੀਕੇ ਨਾਲ ਤੇ ਸਾਨੂੰ ਕਿਵੇਂ ਦਿਸਿਆ ਜਦੋਂ ਸਿਖ ਲਹਿਣਾ ਜੀ ਨੂੰ ਆਪਣੀ ਜੋਤਿ ਦੇ ਕੇ ਗੁਰੂ ਬਣਾ ਲਿਆ ਹੈ। ਪੂਰੇ ਉਤਰੇ ਨੂੰ ਗੁਰਤਾ ਦੇ ਦੇਣੀ ਇਹ ਸੀ ਪੂਰੇ ਗੁਰੂ ਦਾ ਸਾਡੇ ਨੈਣਾਂ ਵਿਚ ਪੂਰਾ ਉਤਰਨਾ। ਅੱਜ ਪੂਰਿਆਂ ਉਤਰਿਆਂ ਨੂੰ ਦਸਮੇ ਜਾਮੇ ਨੇ ਅੰਮ੍ਰਿਤ ਛਕਾ ਕੇ ਆਪਣੇ ਤੁੱਲ ਬਣਾ ਲਿਆ ਹੈ। ਪੂਰੇ ਉਤਰੇ ਨੂੰ ਗੁਰਤਾ ਦੇ ਦੇਣੀ ਇਹ ਸੀ ਪੂਰੇ ਗੁਰੂ ਦਾ ਸਾਡੇ ਨੈਣਾਂ ਵਿਚ ਪੂਰਾ ਉਤਰਨਾ। ਅੱਜ ਪੂਰਿਆਂ ਉਤਰਿਆਂ ਨੂੰ ਦਸਮੇ ਜਾਮੇ ਨੇ ਅਮ੍ਰਿਤ ਛਕਾ ਕੇ ਆਪਣੇ ਤੁੱਲ ਬਣਾ ਲਿਆ ਹੈ। ਤੁੱਲਤਾ ਬਖਸ਼ਣੀ ਗੁਰੂ ਦਾ ਆਪੇ ਆਪ ਕੀਤੇ, ਆਪਣੇ ਪਰਤਾਵੇ ਦੀ ਪੂਰਣਤਾ ਹੈ। ਪਰ ਅੱਜ ਇਥੇ ਹੀ ਬੱਸ ਨਹੀਂ ਕਰ ਰਿਹਾ। ਔਹ ਦੇਖੋ ਸਿੰਘਾਸਨ ਤੋਂ ਛਾਲ ਮਾਰ ਕੇ ਥੱਲੇ ਆ ਖਲੋਤਾ ਹੈ ਤੇ ਪੰਜਾਂ ਨੂੰ ਆਖਦਾ ਹੈ, ਤੁਸੀਂ ਪੰਜ ਮੇਰਾ ਰੂਪ ਹੋ, ਹੁਣ ਮੇਰੇ ਵਾਂਗੂੰ ਅੰਮ੍ਰਿਤ ਤਿਆਰ ਕਰੋ ਤੇ ਮੈਨੂੰ ਛਕਾਓ। ਗੁਰੂ ਨੇ ਸਿੱਖੀ ਪਰਖੀ, ਸਿੱਖੀ ਪੂਰੀ ਨਿਕਲੀ ਤਦ ਗੁਰੂ ਦੀ ਪੂਰਣਤਾ ਦੇਖੋ ਕਿ ਸਿੱਖੀ ਵਿਚ, ਸਿੱਖੀ ਨੂੰ ਤੁੱਲਤਾ ਦੇਣ ਵਿਚ ਦਰੇਗ ਨਹੀਂ ਕੀਤਾ, ਇਥੋਂ ਤਾਈਂ ਕਿ ਹੁਣ ਪੂਰੀ ਸਿੱਖੀ ਅੱਗੇ ਦਾਤਾ ਆਪ ਖੜੋ ਗਿਆ ਹੈ, ਆਪਾ ਸਾਰਾ ਵਾਰ ਰਿਹਾ ਹੈ ਸਿੱਖੀ ਉਤੇ। ਹੈ ਨਾ, ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ, ਇਹ ਵਾਕ ਸੁਣ ਕੇ ਸੰਗਤ ਵਿਚ ਫੇਰ ਅਚਰਜ ਛਾ ਗਿਆ ਹੈ, ਸੰਭ੍ਰਮ ਹੁੰਦੇ ਹਨ ਕਿ ਹੈਂ! ਗੁਰੂ ਸਿੱਖਾਂ ਅੱਗੇ ਖੜੋ ਗਿਆ ਹੈ, ਕਹਿੰਦਾ ਹੈ – ਮੈਨੂੰ ਅੰਮ੍ਰਿਤ ਛਕਾਓ।! ਸਿੱਖ ਗੁਰੂ ਹੋ ਗਏ, ਗੁਰੂ ਸਿੱਖ ਹੋ ਗਿਆ। ਇਉਂ ਅਚਰਜ ਹੁੰਦਿਆਂ ਫੇਰ ਲਹਿਰ ਫਿਰੀ ਸੰਸੇ ਦੀ ਕਿ ਗੁਰੂ ਜੀ ਨੂੰ ਕੀਹ ਹੋ ਗਿਆ ਹੈ? ਪਰ ਅੱਜ ਸੰਸਾ ਪਰਾਂ ਵਾਲਾ ਹੈ ਉਡਦਾ ਆਉਂਦਾ ਤੇ ਉਡਦਾ ਚਲਾ ਜਾਂਦਾ ਤੇ ਵੀਚਾਰ ਫੁਰਦੀ ਹੈ ਕਿ ਕੋਈ ਕੌਤਕ ਹੈ ਸਾਡੀ ਸਮਝੋਂ ਪਰੇ, ਕੱਲ ਵਾਂਗੂੰ ਅਸੀਂ ਭੁੱਲ ਨਾ ਕਰੀਏ ਤੇ ਡਰੀਏ ਨਾ। ਏਧਰ ਪੰਦ ਪਿਆਰੇ ਹੈਰਾਨ ਹਨ, ਅਸਮੰਜਸ ਵਿਚ ਹਨ ਕਿ ਸੇਵਕ ਹੋ ਕੇ ਸਾਹਿਬ ਨੂੰ ਅਸੀਂ ਅੰਮ੍ਰਿਤ ਛਕਾਈਏ? ਪੰਜਾਂ ਦਾ ਭਗਤੀ ਭਾਵ ਤੇ ਅਤੁੱਟ ਪ੍ਰੇਮ ਇਸ ਗੱਲ ਨੂੰ ਆਪਣੇ ਪਿਆਰੇ ਦੀ ਬੇਅਦਬੀ ਸਮਝਦਾ ਹੈ। ਦੇਖੋ ਕਵੀ ਜੀ ਕਿਵੇਂ ਇਕ ਦਾ ਰੂਪ ਦੱਸਦੇ ਹਨ – ਅਦਭੁੱਤ ਬਾਣੀ ਸੁਨਿ ਕਾਨ ਮੈਂ ਹੈਰਾਨੀ ਹੋਇ ਸਿੰਘਨ ਬਖਾਨੀ ਕਹਾਂ ਕਹੋ ਆਪ ਬੈਨ ਕੋ? ਜਾਤਿ ਕੇ ਕਮੀਨ, ਦੀਨ, ਰੰਕ ਹੈਂ ਅਧੀਨ, ਹੀਨ, ਕਾਮ ਕ੍ਰੋਧ ਪੀਨ ਮਨ ਛੀਨ ਹੈ ਨਾ ਚੈਨ ਕੋ। ਬਿਸ਼ਈ ਮਲੀਨ ਜੀਵ ਸਭਿ ਤੇ ਸਦੀਵ ਨੀਵ ਜੰਤੂ ਸੁ ਗਰੀਬ ਹਮ, ਭਲੋ ਗੁਣ ਹੈ ਨ ਕੋ। ਏਹ ਬਲ ਭਯੋ ਤੁਮ ਹਾਥ ਦਯੋ ਸੀਸ ਧਰ, ਨਯੋ ਰੰਗ ਥਿਯੋ ਮਯੋ ਕਿਯੋ ਸੁਖ ਐਨ ਕੋ। ਦੇਖੋ ਇਸ ਦੇ ਉਤਰ ਵਿਚ ਸ੍ਰੀ ਦਸ਼ਮੇਸ਼ ਪਿਤਾ ਜੀ ਕੀ ਫੁਰਮਾਉਂਦੇ ਹਨ – ਜੋਤੀ ਰੂਪ ਏਕੰਕਾਰ ਸਭਿ ਕੇ ਅਧਾਰ ਨਿਤ ਆਪ ਨਿਰਾਧਾਰ ਜਾ ਕੋ ਜਾਨਤ ਅਸ਼ੇਸ਼ ਹੈਂ। ਭਗਤਿ ਅਧੀਨ ਕਾਲ ਛਈਨ ਮਹੀਆਨ ਮਹਾਂ ਤਾ ਕੋ ਸੁਤ ਜਾਨੋ ਮਹਿ ਸਭਿ ਤੇ ਵਿਸ਼ੇਸ਼ ਹੈ। ਸਿਖਨ ਅਧੀਨ ਤਿਵ ਮੋਕਉ ਚੀਨ ਲੇਹੁ ਚਿਤ, ਪੰਥ ਕੇ ਰਚਨ ਕੋ ਹੁਕਮ ਜਗਤੇਸ਼ ਹੈ। ਅਰਥਾਤ ਜਿਵੇਂ ਪ੍ਰਮੇਸ਼ੁਰ ਨਿਰਾਧਾਰ ਤੇ ਸ੍ਵੈਯੰ (ਆਪਣੇ) ਆਧਾਰ ਤੇ ਹੈ ਪਰ ਉਹ ਆਖਦਾ ਹੈ ਕਿ ਮੈਂ ਭਗਤਾਂ ਦੇ ਅਧੀਨ ਹਾਂ ਤਿਵੇਂ ਮੈਂ ਉਸਦਾ ਪੁੱਤ ਸਿੱਖਾਂ ਦੇ ਅਧੀਨ ਹਾਂ।

ਪੰਜਾਂ ਨੇ ਹੁਣ ਵੀਚਾਰਿਆ ਕਿ ਚਾਹੋ ਸਾਡਾ ਗੁਰੂ ਨੂੰ ਅੰਮ੍ਰਿਤ ਛਕਾਉਣਾ ਬੇਅਦਬੀ ਹੈ ਸਾਡੇ ਅਦਬ ਤੇ ਭਗਤੀ ਭਾਵ ਤੇ ਨੁਕਤੇ ਤੋਂ, ਪਰ ਗੁਰੂ ਕਾ ਹੁਕਮ ਸਿਰ ਧਰਨਾ ਬੀ ਸਾਡਾ ਧਰਮ ਹੈ। ਅਸੀਂ ਸੀਸ ਭੇਟ ਕਰ ਚੁੱਕੇ ਹਾਂ, ਅਸੀਂ ਮਰ ਚੁੱਕੇ ਹਾਂ, ਹੁਣ ਜੋ ਕੁਛ ਹੈ ਗੁਰੂ ਕਾ ਹੈ, ਇਨ੍ਹਾਂ ਸਰੀਰਾਂ ਨਾਲ, ਜੋ ਸਾਡੇ ਨਹੀਂ, ਗੁਰੂ ਜੋ ਚਾਹੇ ਸੋ ਕਰੇ, ਏਹ ਉਸਦੇ ਹਨ, ਇਸ ਕਰਕੇ ਹੁਣ ਜੋ ਕੁਛ ਕਰਨਾ ਹੈ, ਕਾਠ ਦੀ ਪੁਤਲੀ ਦੇ ਖੇਲਾਵਨਹਾਰ ਦੇ ਹੱਥ ਵਿਚ ਕੌਤਕ ਮਾਤ੍ਰ ਹੈ। ਇਉਂ ਆਪਣੇ ਪੂਰਨ ਪ੍ਰੇਮ, ਪੂਰਨ ਆਪਾ ਵਾਰ ਭਾਵ ਤੇ ਭਗਤੀ ਦੀ ਅਵਧੀ ਦੇ ਆਸ਼ੇ ਨਾਲ ਉਠੇ ਤੇ ਪੂਰੇ ਨੂੰ ਪੂਰਾ ਕਰਨ ਵਾਸਤੇ ਪੂਰੇ ਦਾ ਹੁਕਮ ਬਜਾ ਲਿਆਂਦਾ। ਨਦੀਆਂ ਸਾਗਰ ਨੂੰ ਵਧਾ ਘਟਾ ਨਹੀਂ ਸਕਦੀਆਂ, ਉਹ ਹੈ ਪੂਰਨ ਪਰ ਨਦੀਆਂ ਉਸੇ ਵਿਚ ਪੈਂਦੀਆਂ ਹਨ, ਤਿਵੇਂ ਸਿੱਖ ਨਦੀਆਂ ਨੇ ਗੁਰੂ ਵਿਚ ਹੁਕਮ ਅਨੁਸਾਰ ਆਪਾਵਾਰਨ ਵਾਂਗੂੰ ਹੀ ਹੁਕਮ ਮੰਨ ਕੇ ਗੁਰੂ ਨੂੰ ਅੰਮ੍ਰਿਤ ਛਕਾਇਆ। ਕਿਸੇ ਪ੍ਰੇਮੀ ਨੇ ਪ੍ਰੇਮ ਹੁਲਾਸ ਵਿਚ ਜੈਕਾਰਾ ਗਜਾਇਆ – ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ। ਇਹ ਵਾਕ ਅੱਜ ਤਕ ਸਦੀਆਂ ਟਪ ਕੇ ਵੀ ਖਾਲਸੇ ਦੀ ਯਾਦ ਵਿਚ ਹੈ। ਖਾਲਸਾ ਜੀ! ਮੈਂ ਇਥੇ ਇਕ ਬੇਨਤੀ ਕਰਨੀ ਹੈ। ਗੁਰੂ ਜੀ ਦਾ ਇਹ ਕੌਤਕ ਉਨ੍ਹਾਂ ਦੀ ਬਜ਼ੁਰਗੀ ਤੇ ਆਪਾ ਵਾਰ ਕੁਰਬਾਨੀ ਹੈ ਜੋ ਉਨ੍ਹਾਂ ਨੇ ਆਪਣੇ ਪੰਥ ਲਈ, ਦੁਖੀ ਪ੍ਰਤਾ ਲਈ ਤੇ ਸ੍ਰਿਸ਼ਟੀ ਮਾਤ੍ਰ ਲਈ ਕੀਤੀ। ਇਸ ਦਾ ਇਹ ਭਾਵ ਨਹੀਂ ਕਿ ਅਸੀਂ ਗੁਸਤਾਖ ਹੋ ਕੇ ਬਰੱਬਰੀ ਤੇ ਬੇਅਦਬੀ ਦੇ ਭਾਵ ਵਿਚ ਆ ਕੇ ਗੁਰੂ ਤੁੱਲਤਾ ਦਾ ਮਾਣ ਧਾਰੀਏ। ਗੁਰੂ ਅੰਮ੍ਰਿਤ ਛਕ ਕੇ ਫੇਰ ਤਖਤ ਤੇ ਜਾ ਬਿਰਾਜੇ, ਖਾਲਸਾ ਸਦਾ ਅਦਬ ਵਿਚ ਰਿਹਾ, ਅੱਜ ਤਾਂਈ ਗੁਰੂ ਤੇ ਸਚਾ ਪਿਤਾ ਤੇ ਸਚਾ ਪਾਤਸ਼ਾਹ ਆਖੀਦਾ ਹੈ, ਖਾਲਸਾ ਸਦਾ ਮੱਥਾ ਟੇਕਦਾ ਤੇ ਸਿਦਕ ਸ਼ਰਧਾ ਭਗਤੀ ਵਿਚ ਰਿਹਾ ਤਿਵੇਂ ਅਸਾਂ ਰਹਿਣਾ ਹੈ।

ਜਦੋਂ ਦਾਤਾ ਆਪ ਅੰਮ੍ਰਿਤ ਛਕ ਕੇ ਜਾ ਸਿੰਘਾਸਣ ਬੈਠਾ ਤਾਂ ਸੰਗਤ ਵਿਚ ਆਪ ਦਾ ਇਕ ਐਲਾਨ ਸੁਣਾਇਆ ਗਿਆ। ਹੁਣ ਕੁਛ ਤਾਂ ਡਰੇ, ਕੁਛ ਮਨਮੁਖਤਾ ਵਿਚ ਦ੍ਰਿੜ ਰਹੇ ਪਰ ਬਹੁਤ ਨਿਤਰੇ ਤੇ ਖਾਲਸਾ ਸਜਣ ਲਈ ਤਿਆਰ ਹੋਏ। ਪਹਿਲੇ ਕੱਲ ਵਾਲੇ ਸਨਮੁਖ ਸਿਖ ਅੱਗੇ ਹੋਏ। ਫਿਰ ਸੰਤਾਂ ਨੇ ਆਪਣੇ ਲਿਖੇ ਕਾਗਤ ਚਾਏ ਤੇ ਐਉਂ ਪੜ੍ਹ ਸੁਣਾਇਆ –

ਦੋਹਰਾ। ਬਹੁਰ ਪੰਚ ਸਿੰਘ ਖਰੇ ਕਰਿ ਅਮ੍ਰਿਤ ਦਿਯੋ ਛਕਾਇ। ਸੰਗਜਾ ਮੁਕਤ ਜਿਨ ਕਹੇ ਭਏ ਸਿੰਘ ਹਰਖਾਇ। ਚੌਪਈ। ਦੇਵਾ ਸਿੰਘ ਰਾਮ ਸਿੰਘ ਧੀਰ। ਟਹਿਲ ਸਿੰਘ ਈਸ਼ਰ ਸਿੰਘ ਬੀਰ। ਫਤੇ ਸਿੰਘ ਪੰਚਹੁੰਇਹ ਭਏ। ਮੁਕਤੇ ਨਾਮ ਗੁਰੂ ਕਹਿ ਦਏ। ਅਪਰ ਅਨੇਕ ਖਰੇ ਪੁਨ ਹੋਇ। ਅੰਮ੍ਰਿਤ ਖੰਡੇ ਕਾ ਲੈ ਸੋਇ। ਅਪਨੀ ਵਾਸੀ ਨਾਮ ਬਤਾਵੈਂ। ਗੁਰ ਤੇ ਸੀਖਹਿ ਰਹਿਤ ਦ੍ਰਿੜਾਵੈਂ। ਬਹੁਰ ਇਕਾਦਸ ਹ੍ਵੈ ਸਿੱਖ ਖਰੇ। ਅੰਮ੍ਰਿਤ ਲੀਨ ਬੀਰ ਰਸ ਭਰੇ। ਬਖਸ਼ ਸਿੰਘ ਬਖਸ਼ਈਸ਼ ਸਿੰਘ ਪੁਨ। ਸਿੰਘ ਕਲਾਲ ਜਾਤਿ ਰਹਿਤੈ ਸੁਨਿ। ਭੈਰੋਵਾਲ ਗ੍ਰਾਮ ਕੇ ਸੋਇ। ਰਹੇ ਹਜ਼ੂਰ ਸਦਾ ਈ ਦੋਇ। ਸੁਰ ਸਿੰਘ ਕਾ ਸਿੱਧੂ ਸਿਖ ਭਯੋ। ਨਾਮ ਦਯਾਲ ਸਿੰਘ ਕਹਿ ਦਯੋ। ਖਤਰੀ ਸਿਖ ਗੁਲਾਬ ਸਿੰਘ ਜਾਨੋ। ਗੋਤਮ ਰਿਖਿ ਜੀ ਕੀਨ ਬਖਾਨੋ। ਬੇਗ ਸਿੰਘ ਅੰਬਰੀਕ ਸਿੰਘ ਦੁਇ। ਜੰਬਰ ਮਯਯਾਨੇ ਵਾਸੀ ਸੁਇ। ਭੰਡਾਰਾ ਸਿੰਘ ਸਿੰਘ ਹਜਾਰਾ। ਦਰਬਾਰਾ ਸਿੰਘ ਤ੍ਰਿਤੀ ਉਚਾਰਾ। ਸੀਰੰਗ ਕੇ ਵਾਸੀ ਸਿਖ ਬਨੀਏ। ਅੰਮ੍ਰਿਤ ਲੀਨ ਰਹਿਤ ਸਭ ਮਨੀਏ। ਭਯੋ ਖਰੋ ਧਨ ਸਿੰਘ_ਸ ਨਾਮੂ। ਬਰਨ ਸਿੰਘ ਫਾਜ਼ਲ ਤਿਹ ਗ੍ਰਾਮੂ। ਆਲਮ ਸਿੰਘ ਨਚਨਾ ਗੁਰ ਕਹੈਂ। ਸਜਾਲ ਕੋਟ ਕੀ ਵਾਸੀ ਅਹੈ। ਜਾਤ ਹੁਤੀ ਰਜਪੂਤ ਤਿਸੀ ਕੀ। ਸੀਖ ਰਹਤ ਲੇ ਪਾਹੁਲ ਨੀਕੀ। ਪੁਰ ਮੁਲਤਾਨ ਅਲੀਪੁਰ ਨੇਰੇ। ਮਾਈ ਦਾਸ ਰਜਪੂਤ ਬਸੇਰੇ। ਤਿਸ ਕੇ ਮਨੀ ਰਾਮ ਸੁਤ ਹੋਯੋ। ਆਇ ਤਹਾਂ ਗੁਰ ਦਰਸ਼ਨ ਜੋਯੋ। ਪੰਜ ਪੁੱਤਰ ਲੈ ਅਪਨੇ ਸਾਥ। ਸ਼ਰਨੀ ਪਰਯੋ ਰਹਯੋ ਗੁਰ ਨਾਥ। ਸੋ ਪੰਚਹੁ ਭ੍ਰਾਤਾ ਕਰਿ ਖਰੇ। ਸਿੰਘਨ ਯ ਤਿਨ ਕੇ ਗੁਰ ਧਰੇ। ਬਡੋ ਬਚਿੱਤ੍ਰ ਸਿੰਘ ਭਟ ਭਯੋ। ਉਦੈ ਸਿੰਘ ਦੂਸਰ ਬਿਦਤਯੋ। ਅਨਕ ਸਿੰਘ ਅਰੁ ਅਜਬ ਸਿੰਘ ਪੁਨ। ਪੰਚਮ ਭਯੋ ਅਜਾਇਬ ਸਿੰਘ ਗੁਨਿ। ਅੰਮ੍ਰਿਤ ਖੰਡੇ ਕੋ ਤਿਨ ਦੀਨਾ। ਮਨਹੁ ਪੰਚ ਪਾਂਡਵ ਬਲ ਪੀਨਾ। ਰਣ ਮਹਿ ਕਰੇ ਕਰਮ ਜਿਨ ਭੀਖਨ। ਰਿਪੁ ਮਾਰੇ ਜਿਨ ਸ਼ਸਤ੍ਰਨ ਤੀਖਨ। ਇਨ ਤੇ ਆਦਿਕ ਭਏ ਹਜ਼ਾਰੇ। ਅੰਮ੍ਰਿਤ ਲੇਤ ਰਹਿਤ ਕੋ ਧਾਰੇ।

ਆਦਰਸ਼ ਖਾਲਸਾ

ਹੁਣ ਖਾਲਸਾ ਮੁਕੰਮਲ ਸਜ ਗਿਆ ਹੈ। ਖਾਲਸਾ ਇਕ ਅਮੁੱਕ ਅਰਥਾਂ ਵਾਲਾ ਆਦਰਸ਼ ਹੈ। ਉਚਾ ਸੁੱਚਾ ਗੁਰਮੁਖ ਸਿਖ ਦਾ ਜੋ ਵਾਹਿਗੁਰੂ ਨਾਲ ਹਜ਼ੂਰੀ ਵਾਸ ਰਖਦਾ ਪਵਿਤਰਤਾ, ਧਰਮ, ਨੇਕੀ, ਉਪਕਾਰ ਤੇ ਇਖਲਾਕ ਦੀ ਮੂਰਤੀ ਹੈ। ਹਰੇਕ ਅੰਮ੍ਰਿਤਧਾਰੀ ਸਿਖ ਜੋ ਰਹਤਵਾਨ ਤੇ ਭਜਨਵਾਨ ਤੇ ਇਖ਼ਲਾਕਵਾਨ ਹੈ ਖਾਲਸਾ ਹੈ। ਪਰ ਖਾਲਸਾ ਪੰਥ ਬੀ ਹੈ। ਸਾਰੇ ਪੰਥ ਨੂੰ ਬੀ ਖਾਲਸਾ ਕਹੀਦਾ ਹੈ। ਖਾਲਸਾ ਗੁਰੂ ਹੈ, ਦੇਖੋ ਅੱਜ ਗੁਰੂ ਅੰਮ੍ਰਿਤ ਧਾਰਨ ਕਰਕੇ ਖਾਲਸਾ ਹੈ। 'ਗੁਰੂ ਸਿੱਖ' ਸਮੁੱਚਾ ਪੰਥ ਹੈ, ਇਹ ਸਮੁੱਚਾ ਖਾਲਸਾ ਹੈ ਖਾਲਸਾ ਆਦਰਸ਼ਕ ਇਨਸਾਨ ਹੈ ਜਿਸ ਦਾ ਕੰਮ ਹੈ ਹਰੇਕ ਨੂੰ ਖਾਲਸਾ ਬਨਾਉਣਾ। ਖਾਲਸਾ ਇਕ ਸਫੁਰਨ ਮੰਤ੍ਰ ਹੈ, ਇਕ ਸਤਿਆ ਹੈ, ਜਿਸ ਵਿਚ ਆਪਾ ਵਾਰ ਕੁਰਬਾਨੀ ਦਾ ਜਵਾਲਾ ਭਰਿਆ ਪਰਬਤ ਹਰ ਵੇਲੇ ਦਮਕਦਾ ਰਹਿੰਦਾ ਹੈ। ਖਾਲਸਾਕਹਿਣੇ ਨਾਲ ਹਰ ਖਾਲਸੇ ਵਿਚ ਸਾਰੇ ਖਾਲਸਾ ਲਈ ਪਿਆਰ ਤੇ ਸਦਕੇ ਹੋਣ ਦੀ ਝਰਨਾਟ ਛਿੜਦੀ ਸੀ, ਹੈ ਤੇ ਛਿੜਦੀ ਰਹਿਣੀ ਚਾਹੀਏ।

ਸੁਣੋ ਖਾਲਸਾ ਜੀ! ਕਲਗੀਆਂ ਵਾਲੇ ਪਾਤਸ਼ਾਹ ਨੇ ਖਾਲਸਾ ਦਾ ਆਦਰਸ਼ ਆਪ ਇਉਂ ਲਿਖਿਆ ਹੈ –

ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾਂ ਮਨ ਨੈਕ ਨ ਆਨੈ।
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰਮੜੀ ਮਠ ਭੂਲ ਨ ਮਾਨੈ।
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ।
ਪੂਰਨ ਜੋਤਿ ਜਗੈ ਘਟ ਮਹਿ ਤਬ ਖਾਲਸਾ ਤਾਹਿ ਨਖਾਲਸ ਜਾਨੈ।

ਜਦੋਂ ਇਹ ਖਾਲਸਾ ਮੂਰਤੀਮਾਨ ਹੋ ਗਿਆ ਤਾਂ ਕਵੀ ਸੈਨਾਪਤ ਜੀ ਆਨੰਦਪੁਰ ਸਨ, ਆਪ ਨੇ ਖਾਲਸਾ ਦੇ ਪ੍ਰਗਟ ਹੋ ਪੈਣ ਬਾਬਤ ਅਖੀਂ ਦੇਖ ਕੇ ਇਉਂ ਲਿਖਿਆ ਹੈ – ਨਿਰਮਲ ਕਰ ਸੰਸਾਰ ਜਗਤ ਮੈਂ ਬਚਨ ਸੁਨਾਏ। ਕੀਓ ਖਾਲਸਾ ਪ੍ਰਗਟ ਸੁਨਤਿ ਦੁਰਜਨ ਡਰਪਾਏ। ਸੁਨਿ ਜਨ ਕਰਤ ਬਿਚਾਰ ਚਾਰ ਅਚਰਜ ਸੁਨਿ ਬਾਈ। ਗੁਪਤ ਬਾਤ ਭਈ ਪ੍ਰਗਟਿ ਅੰਤ ਗੁਰਦੇਵ ਬਤਾਈ। ਇਹ ਖਾਲਸਾ ਸਤਿਗੁਰ ਜੀ ਨੇ ਖੰਡੇ ਦਾ ਅੰਮ੍ਰਿਤ ਦੇ ਕੇ ਮੂਰਤੀਮਾਨ ਕੀਤਾ। ਇਸ ਪਰ ਸ੍ਰੀ ਸੈਨਾਪਤ ਜੀ ਆਪਣੀ ਅੱਖੀਂ ਦੇਖੀ ਹੋਈ ਸਾਖ ਐਉਂ ਭਰਦੇ ਹਨ – ਖਾਂਡੇ ਕੀ ਪਾਹੁਲ ਦਈ ਕਰਨਹਾਰ ਪ੍ਰਭੂ ਸੋਇ। ਕੀਓ ਦਸੋ ਦਿਸ਼ ਖਾਲਸਾ ਤਾਂ ਬਿਨ ਅਵਰ ਨ ਕੋਇ।

ਇਹ ਖਾਲਸਾ ਖੰਡੇ ਦਾ ਅੰਮ੍ਰਿਤ ਛਕ ਕੇ ਜਵਾਨ ਤੇ ਬਲਵਾਨ ਹੋ ਗਿਆ, ਸੈਨਾਪਤੀ ਜੀ ਲਿਖਦੇ ਹਨ – ਦੇ ਖਾਂਡੇ ਕੀ ਪਾਹੁਲ ਤੇਜ ਬਢਾਇਆ। ਜ਼ੋਰਾਵਰ ਕਰ ਸਿੰਘ ਹੁਕਮ ਵਰਤਾਇਆ। ਸੈਨਾਪਤ ਜੀ ਦਸਦੇ ਹਨ ਕਿ ਖਾਲਸੇ ਨੂੰ ਮੂਰਤੀਮਾਨ ਕਰਕੇ ਗੁਰੂ ਜੀ ਨੇ ਰਹਿਤ ਐਉਂ ਦੱਸੀ – ਕੀਏ ਜਦ ਬਚਨ ਸਤਿਗੁਰੂ ਕਾਰਨ ਕਰਨ 'ਸਰਬ ਸੰਗਤ ਆਦਿ ਅੰਤ ਮੇਰਾ ਖਾਲਸਾ। ਮੰਨੇਗਾ ਹੁਕਮ ਸੋ ਤੋਂ ਹੋਵੇਗਾ ਸਿੱਖ ਸਹੀ, ਨ ਮਾਨੇਗਾ ਹੁਕਮ ਸੋ ਤੋਂ ਹੋਵੇਗਾ ਬਿਹਾਲਸਾ। ਪਾਂਚ ਕੀ ਕੁਸੰਗਤ ਤਜਿ ਸੰਗਤ ਸੋ ਪ੍ਰੀਤ ਕਰੇ ਦਯਾ ਔਰ ਧਰਮ ਧਾਰ ਤਿਆਗੇ ਸਭ ਲਾਲਸਾ। ਹੁੱਕਾ ਨਹੀਂ ਪੀਵੇ, ਸੀਸ ਦਾੜ੍ਹੀ ਨਾ ਮੁੰਢਾਵੈ, ਸੋ ਤੋ ਵਾਹਿਗੁਰੂ ਵਾਹਿਗੁਰੂ ਗੁਰੂ ਜੀ ਕਾ ਖਾਲਸਾ। ਪੁਨਾ – ਜਾ ਕੇ ਹਿਰਦੇ ਭਰਮ ਨਾ ਹੋਈ। ਭਰਮ ਭੇਖ ਤੇ ਰਹੈ ਨਿਆਰਾ। ਸੋ ਖਾਲਸਾ ਸਤਿਗੁਰ ਹਮਾਰਾ।

ਫੇਰ ਆਪ ਦਸਦੇ ਹਨ ਕਿ ਖਾਲਸਾ ਦੇ ਆਦਰਸ਼ ਵਿਚ ਪਰਮੇਸ਼ਰ ਜੀ ਦਾ ਭਜਨ ਇਕ ਮੁੱਖ ਅਸੂਲ ਸਾਹਿਬ ਜੀ ਨੇ ਦ੍ਰਿੜ੍ਹ ਕੀਤਾ ਸੀ – ਜਿਨ ਜਿਨ ਉਪਜਤਿ ਨਾਮ ਧੁਨਿ ਤਿਨ ਜਨ ਨਿਰਮਲ ਗੀਤਿ। ਭਜ ਗੋਬਿੰਦ ਭਏ ਖਾਲਸਾ ਜਿਨ ਅੰਤਰਿ ਪਰਤੀਤ। ਪੁਨਾ ਜਹਿ ਦ੍ਵੈਤਨ ਕੋ ਤ੍ਰਾਸ ਪਰਤ ਜਮ ਜਾਲਸਾ। ਸਾਚਾ ਨਾਮ ਪੁਨੀਤ ਓਟ ਭਈ ਢਾਲਸਾ। ਬਿਨਸੇ ਸਗਲ ਕਲੇਸ਼ ਗਯੇ ਜੰਜਾਲਸਾ। ਚੂਕਿਓ ਆਵਨ ਜਾਨ ਮਿਟੀ ਸਭ ਲਾਲਸਾ। ਖਾਲਸ ਜਪ ਗੋਬਿੰਦ ਭਯੋ ਹੈ ਖਾਲਸਾ।

ਖਾਲਸੇ ਦੀ ਕਮਾਈ ਜੋ ਸਤਿਗੁਰੂ ਜੀ ਨੇ ਦੱਸੀ,

(ਬਾਕੀ ਪੰਨਾ 58 ਤੇ)

ਮਾਨੁਖ ਤਨ ਦਾ ਪ੍ਰਯੋਜਨ

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂ. ਮਿਸ਼ਨ

ਸਤਿਨਾਮ ਵਾਹਿਗੁਰੂ
ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
॥ ਜਪੁ ॥
ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥

ਸਾਧਸੰਗਤ ਜੀ! ਜੋ ਪਿਛੇ ਵਿਚਾਰ ਹੋ ਚੁੱਕੀ ਹੈ, ਉਹ ਬਹੁਤ ਲੰਮੀ ਚੌੜੀ ਵਿਚਾਰ ਏਸ ਗੱਲ ਤੇ ਹੋਈ ਹੈ ਕਿ ਵਾਹਿਗੁਰੂ ਜੋ ਘਟ-ਘਟ ਵਿਚ ਵਿਆਪਕ ਹੈ ਜਿਸਦਾ ਕੋਈ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ, ਚੱਕਰ ਨਹੀਂ, ਚਿਹਨ ਨਹੀਂ; ਓਸ ਨੂੰ ਕਿਸ ਤਰ੍ਹਾਂ ਦੇ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਕਿੱਥੇ ਵਸਦਾ ਹੈ ਤੇ ਕਿਹੜਾ ਤਰੀਕਾ ਹੈ? ਆਪਣੇ ਆਤਮ ਮਾਰਗ ਦਾ ਤੇ ਪ੍ਰਮਾਤਮ ਮਾਰਗ ਦਾ। ਉਹਦੇ ਬਾਰੇ ਲੰਮੀ ਚੌੜੀ ਵਿਚਾਰ ਵਿਚ ਵਿਸਥਾਰ ਦੇ ਨਾਲ ਵਿਚਾਰ ਕੀਤੀ ਹੈ ਕਿ ਜਦ ਤਕ ਆਦਮੀ ਦੇ ਮਨ ਅੰਦਰ ਸਤਿਸੰਗ ਦੀ ਪ੍ਰਤੀਤੀ, ਭਰੋਸਾ, ਨਿਮਰਤਾ ਤੇ ਇਕਾਗਰਤਾ ਪੈਦਾ ਹੋ ਕੇ ਦ੍ਰਿੜ੍ਹ ਲਗਨ ਨਹੀਂ ਲਗਦੀ, ਓਨੀ ਦੇਰ ਤੱਕ ਵਾਹਿਗੁਰੂ ਜੀ ਦੀ ਪ੍ਰਾਪਤੀ ਐਸੀਓ ਗੱਲ ਹੈ ਜਿਸ ਤਰ੍ਹਾਂ ਕਿਸ ਅਣਹੋਈ ਚੀਜ਼ ਨੂੰ ਪ੍ਰਾਪਤ ਕਰਨ ਦਾ ਅਸੀਂ ਜਤਨ ਕਰੀਏ, ਨਹੀਂ ਪ੍ਰਾਪਤ ਹੁੰਦਾ। ਉਹਦੇ ਵਾਸਤੇ ਪਹਿਲਾ ਜੋ ਮੁੱਖ ਦਰਵਾਜ਼ਾ ਹੈ ਉਹ ਸਤਿਸੰਗ ਦਾ ਹੈ। ਦੂਸਰਾ ਸੰਤੋਖ ਦਾ ਹੋਇਆ ਕਰਦਾ ਹੈ, ਤੀਸਰਾ ਸਮਦ੍ਰਿਸ਼ਟੀ ਦਾ ਹੋਇਆ ਕਰਦਾ ਹੈ, ਚੌਥਾ ਵਿਚਾਰ ਦਾ ਹੋਇਆ ਕਰਦਾ ਹੈ। ਸੋ ਇਸ ਤੋਂ ਪਹਿਲਾਂ ਬਾਕੀ ਤਿੰਨ ਦਰਵਾਜ਼ਿਆਂ ਦਾ ਵਿਚਾਰ ਕਰੀਏ। ਕਿਉਂਕਿ ਉਹ ਦਰਵਾਜ਼ੇ ਵਿਚਾਰ ਕਰਨ ਤੋਂ ਪਹਿਲਾਂ ਬਹੁਤ ਕੁਛ ਕਰਨ ਵਾਸਤੇ ਸਾਨੂੰ ਰਹਿ ਜਾਂਦੇ ਨੇ। ਸੋ ਉਹਦੇ ਬਾਰੇ ਵਿਚਾਰ ਹੈ ਕਿ ਆਦਮੀ ਪਹਿਲਾਂ ਦ੍ਰਿੜ੍ਹ ਤੌਰ ਦੇ ਉਤੇ ਇਹ ਨਿਸ਼ਚਾ ਕਰੇ ਕਿ ਸੰਸਾਰ ਵਿਚ ਮੈਂ ਕੀ ਕਰਨ ਵਾਸਤੇ ਆਇਆ ਹਾਂ। ਜਦੋਂ ਉਸਨੂੰ ਨਿਸ਼ਚਾ ਹੋ ਜਾਂਦਾ ਹੈ ਸਤਿਸੰਗ 'ਚ ਆ ਕੇ ਕਿ -

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥
ਸਰੰਜਾਮਿ ਲਾਗੁ ਭਵਜਲ ਤਰਨ ਕੈ ॥
ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥
ਅੰਗ - ੧੨

ਛੇ ਲਾਇਨਾਂ ਹਨ ਇਹ ਜਿਸਦੇ ਅੰਦਰ ਇਕ ਬਹੁਤ ਵੱਡਾ ਸੂਤਰ ਗੁਰੂ ਮਹਾਰਾਜ ਜੀ ਨੇ ਸਿਧਾਂਤ ਬੰਦ ਕਰਕੇ ਰੱਖ ਦਿਤਾ। ਪਹਿਲਾਂ ਤਾਂ ਇਹ ਹੈ ਕਿ ਤੈਨੂੰ ਮਨੁੱਖ ਦਾ ਜਾਮਾ ਪ੍ਰਾਪਤ ਹੋ ਗਿਆ। ਪਿਛੋਂ ਇਹ ਸਵਾਲ ਹੁੰਦਾ ਹੈ ਕਿ ਮਨੁੱਖ ਦਾ ਜਾਮਾ ਕਿਉਂ ਕਿਹਾ ਹੈ? ਪਹਿਲਾਂ ਵੀ ਮੈਂ ਕੁਛ ਸੀਗਾ? ਮਹਾਰਾਜ ਕਹਿੰਦੇ, ਹਾਂ ਬੜੀਆਂ ਜੂਨੀਆਂ ਦੇ ਵਿਚੋਂ ਲੰਘ ਕੇ ਆਇਆ ਹੈਂ, 83 ਲੱਖ 99 ਹਜ਼ਾਰ, 999 ਨਖਿੱਧ ਜੂਨੀਆਂ 'ਚੋਂ ਹੋ ਕੇ ਹੁਣ ਤੈਨੂੰ ਮਨੁੱਖ ਦੀ ਦੇਹ ਮਿਲ ਗਈ।

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅੰਗ - ੧੨

ਇਹ ਤੈਨੂੰ ਵਾਰੀ ਪ੍ਰਾਪਤ ਹੋ ਗਈ ਪ੍ਰਭੂ ਦੇ ਮਿਲਾਪ ਦੀ, ਮਿਲਣ ਦੀ। ਬਾਕੀ ਵੀ ਤੂੰ ਕੰਮ ਕਰੇਂਗਾ। ਬੇਅੰਤ ਕੰਮ ਨੇ ਸੰਸਾਰ ਦੇ, ਸਾਰਾ ਹੀ ਰੁੱਧਿਆ ਪਿਆ ਹੈ, ਦਿਨ ਰਾਤ ਕੰਮ ਕਰਦਾ ਹੈ, ਕੰਮ ਕੋਈ ਅੱਜ ਤੱਕ ਮੁਕਾ ਨਹੀਂ ਸਕਿਆ, ਖਤਮ ਨਹੀਂ ਕਰ ਸਕਿਆ। ਜਿੰਨਾ ਕੰਮ ਜ਼ਿਆਦਾ ਤੋਂ ਜ਼ਿਆਦਾ ਕਰਦਾ ਹੈ ਓਨਾਂ ਹੀ ਕੰਮ ਅੱਗੇ ਤੋਂ ਅੱਗੇ ਵਧਦਾ ਤੁਰਿਆ ਜਾਂਦਾ ਹੈ। ਮਾਇਆ ਪ੍ਰਾਪਤੀ ਦੇ ਨਾਲ ਕੋਈ ਰੱਜ ਨਹੀਂ ਸਕਿਆ। ਜਾਇਦਾਦ ਬੇਅੰਤ ਲੱਖਾਂ ਏਕੜ ਜ਼ਮੀਨਾਂ, ਵੱਡੇ-ਵੱਡੇ ਰਾਜ ਹਾਸਲ ਕਰਕੇ, ਵੱਡੀਆਂ-ਵੱਡੀਆਂ ਸ਼ਕਤੀਆਂ ਹਾਂਸਲ ਕਰਕੇ, ਆਦਮੀ ਨਹੀਂ ਰੱਜਿਆ ਕਰਦਾ ਕਦੇ ਵੀ ਤੇ ਉਹ ਜੋ ਕੁਛ ਕਰਦਾ ਹੈ, ਉਹ ਜਦੋਂ ਵਿਚਾਰ ਦੀ ਕਸਵੱਟੀ ਤੇ ਆਉਂਦਾ ਹੈ ਤਾਂ ਇਹ ਲਗਦਾ ਹੈ ਕਿ ਸਾਰੇ ਕੰਮ ਜਿਹੜੇ ਨੇ ਜਿਨ੍ਹਾਂ ਦੇ ਵਿਚ ਬੰਦਾ ਹਰ ਵਕਤ ਖੱਚਤ ਹੋ ਕੇ ਰਹਿੰਦਾ ਹੈ। ਇਹ ਕੋਈ ਕੀਮਤ ਨਹੀਂ ਰੱਖਦੇ, worthless ਹਨ। ਮਹਾਰਾਜ ਕਹਿੰਦੇ -

ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਅੰਗ - ੧੨

ਉਨ੍ਹਾਂ ਦੇ ਵਿਚ ਦਿਨ ਰਾਤ ਲੱਗ ਕੇ ਤੂੰ ਆਪਣਾ ਸਮਾਂ ਗਵਾ ਕੇ ਤਕਰੀਬਨ ਸੱਠ ਕਰੋੜ ਸਾਲ ਘੁੰਮਣ ਤੋਂ ਬਾਅਦ ਤੈਨੂੰ ਇਕ ਥੋੜ੍ਹਾ ਜਿਹਾ ਸਮਾਂ ਪ੍ਰਾਪਤ ਹੋਇਆ ਹੈ ਪ੍ਰਭੂ ਪ੍ਰਾਪਤੀ ਦਾ। ਕਿ ਜੇ ਤੂੰ ਇਹ ਪ੍ਰਾਪਤ ਕਰ ਲਵੇਂ ਤਾਂ ਸਦਾ ਦੇ ਦੁੱਖਾਂ ਤੋਂ ਟੁੱਟ ਸਕਦਾ ਹੈਂ। ਬਾਕੀ ਕੰਮਾਂ 'ਚ ਜੇ ਤੂੰ ਰੁੱਝਿਆ ਰਿਹਾ ਤਾਂ ਕਹਿੰਦੇ ਉਹ ਤਾਂ ਕਿਸੇ ਕੰਮ ਨਹੀਂ ਹਨ। ਉਹ ਤਾਂ ਇਕ ਤਰ੍ਹਾਂ ਦਾ ਬੜਾ ਭਾਰਾ ਭੁਲੇਖਾ ਹੈ। ਮਾਇਆ ਕਮਾ ਲਈ ਬੇਅੰਤ ਕਮਾ ਲਈ। ਡਰ ਲਗਦਾ ਹੈ ਕਿ ਜੇ ਪੈਸਾ ਨਾ ਹੋਇਆ, ਖਾਵਾਂ-ਪੀਵਾਂਗੇ ਕਿੱਥੋਂ। ਮਹਾਰਾਜ ਕਹਿੰਦੇ, ਖਾਣ ਪੀਣ ਦਾ ਬੰਦੋਬਸਤ ਤੇਰਾ ਨਹੀਂ ਹੈ, ਇਹ ਤਾਂ ਵਾਹਿਗੁਰੂ ਨੇ ਦਿਤਾ ਹੈ। ਪਹਿਲਾਂ ਰਿਜਕ ਦਿੰਦਾ ਹੈ ਤੇ ਪਿੱਛੋਂ ਜੰਤ ਪੈਦਾ ਕਰਦਾ ਹੈ। ਉਹਨੇ ਸਾਰਾ ਇੰਤਜ਼ਾਮ ਕਰਿਆ ਹੋਇਆ ਹੈ, ਤੇਰੇ ਦੇਣ ਦਾ। ਦੂਸਰਾ ਤੈਨੂੰ ਪੂਰਬ ਲਿਖਿਆ ਪ੍ਰਾਪਤ ਹੋ ਰਿਹਾ ਹੈ। ਉਸ ਤੋਂ ਵੱਧ ਨਹੀਂ ਹੋ ਸਕਦਾ। ਤੇਰੇ ਹੱਥ ਵਿਚ ਕੁਛ ਹੈ, ਕੰਮ ਤੇਰੇ ਤੋਂ ਤੇਰੀ ਕਿਰਤ ਕਰਾ ਰਹੀ ਹੈ, ਤੇਰੀ ਪਰਾਲਬਧ ਕਰਾ ਰਹੀ ਹੈ। ਤੂੰ ਕੰਮ ਵੀ ਕਰ, ਸਰੀਰ

ਨੇ ਕੁੱਛ ਨਾ ਕੁੱਛ ਕਰਨਾ ਹੈ, ਪਰ ਹੱਥਾਂ ਪੈਰਾਂ ਨਾਲ ਕੰਮ ਕਰਦਾ ਹੋਇਆ, ਪ੍ਰਮੇਸ਼ਰ ਦਾ ਵੀ ਜਾਪ ਕਰ। ਪ੍ਰਮੇਸ਼ਰ ਦਾ ਭਜਨ ਕਰ, ਉਹਦੀ ਯਾਦ ਕਰ ਤੇ ਇਹ ਜਾਚ ਸਿੱਖ, ਪ੍ਰਮੇਸ਼ਰ ਮਿਲਦਾ ਕਿੱਥੋਂ ਹੈਂ? ਸੋ ਮਹਾਰਾਜ ਕਹਿੰਦੇ, ਕਿਹੜੇ ਕੰਮਾਂ ਵਿਚ ਤੂੰ ਪਿਆ ਹੈਂ, worthless ਹਨ ਤੇ ਤੂੰ ਸੰਗਤ ਕਰ ਸਾਧੂਆਂ ਦੀ।

ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥
ਅੰਗ - ੧੨

ਸੰਤਾਂ ਦੀ ਸੰਗਤ ਕਰ ਕਿਉਂਕਿ ਗੋਬਿੰਦ ਮਿਲਣ ਦੀ ਵਾਰੀ ਆ ਗਈ ਤੇ ਹੁਣ ਤੂੰ ਸੰਤਾਂ ਦੀ ਸੰਗਤ ਕਰਕੇ ਕੀ ਕਰਨਾ ਹੈ, ਨਾਮ ਭਜ। ਉਹਦੇ ਨਾਲ ਤੈਨੂੰ ਪ੍ਰਮੇਸ਼ਰ ਦੇ ਪ੍ਰਾਪਤੀ ਹੋਏਗੀ। ਲੇਕਿਨ ਏਸ ਤੋਂ ਪਹਿਲਾਂ ਤੂੰ ਏਸ ਰਸਤੇ ਤੇ ਚੱਲੇਂ, ਪੂਰੀ ਤਰ੍ਹਾਂ ਦੇ ਨਾਲ ਗੱਲ ਸਮਝ ਲੈ ਕਿ ਰੱਬ ਹੈ ਕੀ, ਕਿੱਥੇ ਰਹਿੰਦਾ ਹੈ, ਮੈਂ ਕੌਣ ਹਾਂ? ਤੇ ਜਿਹਨੂੰ ਮੈਂ ਕਹਿੰਦਾ ਹਾਂ ਇਹ ਕੀ ਚੀਜ਼ ਹੈ?

ਇਹ ਪੰਜਾਂ ਤੱਤਾਂ ਦੀ ਜੋ ਦੇਹੀ ਤੈਨੂੰ ਪ੍ਰਾਪਤ ਹੋਈ ਹੈ, ਸਾਢੇ ਤਿੰਨ ਹੱਥਾਂ ਦੀ। ਤੇਰੇ ਆਪਣੇ ਸਾਢੇ ਤਿੰਨ ਹੱਥਾਂ ਦੀ ਤੇ ਗਲਤੀ ਦੇ ਨਾਲ ਤੂੰ ਏਸਨੂੰ ਕਹੀ ਜਾਂਦਾ ਹੈਂ ਕਿ ਮੈਂ ਹਾਂ। ਮੈਂ ਹਾਂ। ਇਹ ਨਹੀਂ ਹੈ ਤੂੰ। ਇਹ ਤੇਰਾ ਇਕ ਵਹੀਕਲ ਹੈ, ਇਹਦੇ ਵਿਚ ਪੰਜ ਤੱਤ ਹਨ। ਹਵਾ, ਆਕਾਸ, ਅੱਗ, ਪਾਣੀ ਤੇ ਮਿੱਟੀ ਤੇ ਤੇਰੇ ਸਾਰੇ ਗਿਆਨ ਇੰਦਰ, ਅੱਖਾਂ, ਨੱਕ, ਕੰਨ ਆਦਿ, 25 ਪ੍ਰਕ੍ਰਿਤੀਆਂ ਦੇ ਮਿਲ ਕੇ ਬਣੇ ਹੋਏ ਨੇ। ਪੰਜ ਇਹਦੇ ਵਿਚ ਸ਼ਬਦ ਵਸਦੇ ਹਨ ਤੇ ਪੰਜ ਇਹਦੇ ਅੰਦਰ ਵਿਸ਼ੇ ਹਨ - ਸ਼ਬਦ, ਸਪਰਸ, ਰੂਪ, ਰਸ, ਗੰਧ ਅਤੇ ਪੰਜ ਚੋਰ ਵਸਦੇ ਹਨ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਪੰਜ ਇਹਦੇ ਵਿਚ ਠੱਗ ਵਸਦੇ ਹਨ - ਰਾਜ, ਮਾਲ, ਰੂਪ, ਜਾਤ, ਜੋਬਨ ਤੇ ਈਰਖਾ, ਨਿੰਦਾ, ਚੁਗਲੀ, ਤ੍ਰਿਸ਼ਨਾ, ਆਸਾ, ਅੰਦੇਸਾ, ਮਨਮੁਖਤਾਈ, ਕਠੋਰਤਾ, ਕੁਟਲਤਾ, ਵਲ, ਛਲ ਅਨੇਕਾਂ ਚੀਜ਼ਾਂ ਹਨ ਜਿਹੜੀਆਂ ਇਸੇ ਦੇਹੀ ਦੇ ਅੰਦਰ ਵਸਦੀਆਂ ਹਨ ਤੇ ਇਹਦੇ ਨਾਲ ਹੀ ਇਨ੍ਹਾਂ ਦੇ ਵਿਪਰੀਤ ਦੂਸਰੀਆਂ ਚੀਜ਼ਾਂ ਵੀ ਵਸਦੀਆਂ ਹਨ। ਜੇ ਤੇਰੇ ਕੋਲ ਹਿੰਸਾ ਹੈ ਅਤੇ ਉਹਦੇ ਅਹਿੰਸਾ ਵੀ ਵਸਦੀ ਹੈ। ਜੇ ਤੇਰੇ ਕੋਲ ਕ੍ਰੋਧ ਹੈ ਉਹਦੇ ਮੁਕਾਬਲੇ ਤੇ ਖਿਮਾ ਵੀ ਵਸਦੀ ਹੈ, ਦਇਆ ਵੀ ਵਸਦੀ ਹੈ ਅਨੇਕਾਂ ਸਦਗੁਣ ਇਹਦੇ ਅੰਦਰ ਨਿਵਾਸ ਰੱਖਦੇ ਨੇ। ਸੋ ਉਹ ਸਾਰੀਆਂ ਚੀਜ਼ਾਂ ਨਿਵਾਸ ਰੱਖਦੀਆਂ ਨੇ ਇਸ ਦੇਹੀ ਦੇ ਅੰਦਰ। ਸੋ ਜਦੋਂ ਅਸੀਂ ਇਸ ਦੇਹੀ ਨੂੰ ਸਮਝਦੇ ਹਾਂ ਕਿ ਇਹ ਤਾਂ ਵਹੀਕਲ ਹੈ, ਵੱਡੀ ਕਾਲੋਨੀ ਹੈ ਇਸ ਵਿਚ ਸਾਧੂ ਵੀ ਵਸਦੇ ਨੇ ਤੇ ਦੁਸ਼ਟ ਵੀ ਵਸਦੇ ਨੇ ਤੇ ਜੇ ਦੁਸ਼ਟਾਂ ਦੇ ਵਸ ਹੋ ਜਾਵੇ ਤਾਂ ਕਿੱਡੀ ਵੱਡੀ ਭੁੱਲ ਹੈ। ਮਹਾਰਾਜ ਕਹਿੰਦੇ, ਜਿਹੜੀਆਂ ਚੀਜ਼ਾਂ ਤੈਨੂੰ ਸਹਾਇਤਾ ਦਿੰਦੀਆਂ ਨੇ, ਸੁੱਖ ਦਿੰਦੀਆਂ ਨੇ ਉਨ੍ਹਾਂ ਨਾਲ ਤਾਂ ਤੂੰ ਮਿਤਰਤਾ ਨਹੀਂ ਕਰਦਾ ਜਿਹੜੀਆਂ ਤੈਨੂੰ ਦੁੱਖ ਦਿੰਦੀਆਂ ਨੇ, ਦਿਨ ਰਾਤ ਉਨ੍ਹਾਂ ਦਾ ਨਾਲ ਮਿਤਰਤਾ ਰੱਖਦਾ ਹੈਂ। ਉਹ ਤੇਰੇ ਮਿਤਰ ਨਹੀਂ ਉਹ ਤਾਂ ਤੈਨੂੰ ਠੱਗ ਲੈਣਗੇ।

ਸੰਗਿ ਸਹਾਈ ਸੁ ਆਵੈ ਨ ਚੀਤਿ ॥
ਜੋ ਬੈਰਾਈ ਤਾ ਸਿਉ ਪ੍ਰੀਤਿ ॥ ਅੰਗ - ੨੬੭

ਜਿਨ੍ਹਾਂ ਨੇ ਨੁਕਸਾਨ ਕਰ ਦੇਣਾ ਹੈ, ਨਰਕਾਂ 'ਚ ਸੁੱਟ ਦੇਣਾ ਹੈ ਤੇ 84 ਲੱਖ ਜੂਨੀਆਂ ਦੇ ਚੱਕਰ 'ਚ ਪਾ ਦੇਣਾ ਹੈ ਉਹ ਮਿੱਤਰ ਲਗਦੇ ਨੇ, ਪਿਆਰੇ ਲਗਦੇ ਨੇ। ਕਹਿੰਦੇ, expliot ਕਰ ਲਿਆ ਉਨ੍ਹਾਂ ਨੇ, ਹੁਣ ਕੋਈ ਇਲਾਜ ਨਹੀਂ। ਗੁਰੂ ਇਸ ਨੂੰ ਕਹੀ ਜਾਂਦਾ ਹੈ, ਪਰ ਇਹ ਨਾ ਸਮਝਦਾ ਹੈ, ਨਾ ਗੁਰੂ ਦੀ ਆਵਾਜ਼ ਸੁਣਦਾ ਹੈ, ਸੋ ਏਸ ਕਰਕੇ ਇਹਦਾ ਜਨਮ ਬਿਰਥਾ ਜਾ ਰਿਹਾ ਹੈ -

ਬੈਰ ਬਿਰੋਧ ਕਾਮ ਕ੍ਰੋਧ ਮੋਹ ॥
ਝੂਠ ਬਿਕਾਰ ਮਹਾ ਲੋਭ ਧ੍ਰੋਹ ॥
ਇਆਹੁ ਜੁਗਤਿ ਬਿਹਾਨੇ ਕਈ ਜਨਮ ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥
ਅੰਗ - ੨੬੮

ਹੇ ਵਾਹਿਗੁਰੂ! ਹੁਣ ਤੂੰ ਰੱਖ ਲੈ, ਬੜੇ ਜਨਮ ਲੰਘ ਗਏ। ਸੋ ਇਹ ਜੋ ਵਾਹਿਗੁਰੂ ਦੀ ਹਨ, ਜਦੋਂ ਅਸੀਂ ਦੇਹੀ ਨੂੰ ਸਮਝ ਲਵਾਂਗੇ ਫੇਰ ਸਾਨੂੰ ਪਤਾ ਲੱਗ ਜਾਏਗਾ। ਐਹ ਦੇਹੀ ਦਾ ਪਹਿਲਾ ਕੋਟ ਜਿਹੜਾ ਹੈ, ਇਹ ਪੰਜ ਭੂਤਕ ਚੋਲਾ ਜਿਹੜਾ ਸਾਨੂੰ ਮਾਤਾ ਦੇ ਪੇਟ 'ਚੋਂ ਪ੍ਰਾਪਤ ਹੋਇਆ ਹੈ ਤੇ ਅਖੀਰ ਇਸ ਨੂੰ ਇਕ ਦਿਨ ਏਸ ਜੀਵ ਆਤਮਾ ਨੇ ਛੱਡ ਜਾਣਾ ਹੈ। ਇਹ ਇਕ ਵਹੀਕਲ ਹੈ ਜਿਹਨੂੰ ਸਥੂਲ ਸਰੀਰ ਆਖਦੇ ਨੇ। ਇਹਦੇ ਅੰਦਰ ਇਕ ਸੂਖਸ਼ਮ ਸਰੀਰ ਹੁੰਦਾ ਹੈ, ਜਿਸਦੇ ਅੰਦਰ ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ, ਪੰਜ ਪ੍ਰਾਣ, ਮਨ, ਚਿੱਤ, ਬੁੱਧ ਤੇ ਅਹੰਭਾਵ 19 ਚੀਜ਼ਾਂ ਹੋਇਆ ਕਰਦੀਆਂ ਨੇ, ਇਹ ਮਰਿਆ ਨਹੀਂ ਕਰਦਾ, ਇਹ ਸਕਲ ਜ਼ਰੂਰ ਬਦਲਦਾ ਹੈ। ਪ੍ਰਲੋਕ 'ਚ ਵੀ ਇਹੀ ਜਾਂਦਾ ਹੈ ਤੇ ਇਹਦੇ ਅੰਦਰ ਸੰਸਕਾਰ ਅੰਤਸ਼ਕਰਣ ਦੇ ਵਿਚ ਜਮ੍ਹਾਂ ਹੋ ਜਾਂਦੇ ਨੇ ਤੇ ਉਹਦੇ ਮੁਤਾਬਿਕ ਇਹ ਜੂਨੀਆਂ ਭੋਗਦਾ ਹੈ, ਇਹਨੂੰ ਸੂਖਸ਼ਮ ਸਰੀਰ ਕਹਿੰਦੇ ਨੇ, ਇਹਦੇ ਅੰਦਰ ਇਕ ਕਾਰਨ ਸਰੀਰ ਹੁੰਦਾ ਹੈ। ਉਹ ਅਗਿਆਨਮਈ ਸਰੀਰ ਹੁੰਦਾ ਹੈ, ਜਿਥੇ ਭੁੱਲ ਪੈਂਦੀ ਹੈ ਅਹੰਭਾਵ ਦੀ। I am, ਹੁੰਦਾ ਉਹ ਵੀ ਸੂਖਸ਼ਮ ਹੈ ਕੇਵਲ ਖਿਆਲ ਰੂਪ ਹੁੰਦਾ ਹੈ। ਸੋ ਇਹ ਤਿੰਨੇ ਸਰੀਰ ਜਿਹੜੇ ਹਨ ਇਹ ਸਾਰੇ ਪ੍ਰਾਕ੍ਰਿਤੀ ਦੇ ਬਣੇ ਹੋਏ ਨੇ, ਇਨ੍ਹਾਂ ਦੇ ਵਿਚ ਜਿਹੜੀ ਚੌਥੀ ਸੁਪਰੀਮ ਚੀਜ਼ ਹੈ ਓਸ ਨੂੰ ਆਤਮ ਸਰੀਰ ਆਖਦੇ ਨੇ। ਸਰੀਰ ਕਹਿ ਦਿੰਦੇ ਹਾਂ ਲੇਕਿਨ ਆਤਮਾ ਹੈ। ਉਹਦੇ ਵੀ ਦੋ ਰੂਪ ਨੇ, ਇਕ ਤਾਂ ਪ੍ਰਮੇਸ਼ਰ ਸਰੂਪ ਜਿਥੇ ਕੋਈ ਭਿੰਨ ਭੇਦ ਨਹੀਂ ਹੈ, ਪ੍ਰਮੇਸ਼ਰ ਆਪ ਹੀ ਹੈ, ਇਕ ਉਹ ਹੈ ਜਿਥੇ ਨਿਰਮਲ ਹਉਮੈ ਰਹਿ ਜਾਂਦੀ ਹੈ ਤੇ ਉਚਾ ਪਹੁੰਚ ਜਾਂਦਾ ਹੈ ਬਹੁਤ ਤੇ ਵਾਹਿਗੁਰੂ ਦੇ ਦਰ ਤੇ ਰਹਿੰਦਾ ਹੈ, ਮੁਕਤੀ ਪ੍ਰਾਪਤ ਕਰ ਲੈਂਦਾ ਹੈ, ਆਉਣਾ ਜਾਣਾ ਖਤਮ ਹੋ ਜਾਂਦਾ ਹੈ, ਲੇਕਿਨ ਹੋਂਦ ਕਾਇਮ ਰਹਿੰਦੀ ਹੈ, ਸੋ ਉਹ ਨਿਰਮਲ ਹਉਂ ਵਾਲਾ ਸਰੀਰ ਹੋਇਆ ਕਰਦਾ ਹੈ, ਹੁੰਦਾ ਆਤਮ ਮੰਡਲ ਦੇ ਅੰਦਰ ਹੈ, ਜਿਸਦੇ ਬਾਰੇ ਗੁਰੂ ਗ੍ਰੰਥ

ਸਾਹਿਬ ਮਹਾਰਾਜ ਜੀ ਦੇ ਅੰਦਰ ਬੜਾ ਜ਼ਿਕਰ ਆਉਂਦਾ ਹੈ ਕਿ ਤੂੰ ਦਰਗਾਹ ਵਿਚ ਸੁਖ ਪਾਵੇਂਗਾ, ਦਰਗਾਹ 'ਚ ਰਹੇਂਗਾ, ਅਕਾਲ ਪੁਰਖ ਦੀ ਦਰਗਾਹ 'ਚ ਓਹੀ ਸਰੀਰ ਰਹਿੰਦਾ ਹੈ, ਉਹ ਮਰਜ਼ੀ ਦੇ ਨਾਲ ਆ ਜਾਂਦਾ ਹੈ, ਮਰਜ਼ੀ ਦੇ ਨਾਲ ਚਲਿਆ ਜਾਂਦਾ ਹੈ, ਦੋਹਾਂ ਦਾ ਫਰਜ਼ ਕੋਈ ਨਹੀਂ ਹੈ, ਇਕ ਤਾਂ ਪ੍ਰਮੇਸ਼ਰ ਹੀ ਬਣ ਜਾਂਦਾ ਹੈ, ਆਪਣੇ ਅਸਲੇ 'ਚ ਸਮਾਅ ਕੇ ਆਪ ਹੀ ਰੱਬ ਬਣ ਜਾਂਦਾ ਹੈ, ਇਕ ਥੋੜ੍ਹਾ ਜਿਹਾ, ਹੁੰਦਾ ਉਹਦਾ ਹੀ ਰੂਪ ਹੈ, ਪਰ ਥੋੜ੍ਹਾ ਜਿਹਾ ਉਹ ਵੱਖਰਾ ਹੈ। ਸੋ ਇਸ ਤਰ੍ਹਾਂ ਦੇ ਨਾਲ ਸਾਡਾ ਜੋ ਅਸਲ ਸਰੂਪ ਹੈ ਉਹ ਆਤਮ ਸਰੂਪ ਹੈ। ਸੋ ਏਸ ਦੇਹੀ ਦੇ ਅੰਦਰ ਆਤਮ ਸਰੂਪ ਦਾ ਪ੍ਰਕਾਸ਼ ਪੈਣ ਕਰਕੇ ਇਹ ਮੈਂ ਬਣ ਗਿਆ, ਮੈਂ ਬਣ ਕੇ ਦੁਖਾਂ 'ਚ ਚਲਿਆ ਗਿਆ। ਸੋ ਮਹਾਰਾਜ ਫੁਰਮਾਉਂਦੇ ਨੇ ਕਿ ਇਹ ਉਹ ਵਾਹਿਗੁਰੂ ਜਿਹੜਾ ਹੈ ਉਹਨੂੰ ਸਮਝੋ, ਉਹ ਕਿੱਥੇ ਰਹਿੰਦਾ ਹੈ ਤੇ ਕਿਸ ਤਰ੍ਹਾਂ ਦੇ ਨਾਲ ਪ੍ਰਾਪਤ ਹੁੰਦਾ ਹੈ ਉਹਦਾ ਜੋ ਪ੍ਰਾਪਤੀ ਦਾ ਇਲਾਜ ਹੈ ਉਹ ਵੀ ਏਸੇ ਸਰੀਰ ਦੇ ਅੰਦਰ ਹੈ। ਇਹ ਜੀਵ ਫਸਿਆ ਕਿਉਂ? ਮਹਾਂਪੁਰਸ਼ ਜੋ ਹਨ ਉਹ ਇਹ ਦਸਦੇ ਨੇ ਕਿ ਫਸਿਆ ਤਾਂ ਨਹੀਂ ਹੈ, ਹੇਠਾਂ ਆ ਗਿਆ। ਉਹਦੇ ਨਾਲ ਸਰਕਲ ਬਣਦੇ ਚਲੇ ਗਏ। ਆਤਮਾ ਤਾਂ ਓਸੇ ਤਰ੍ਹਾਂ ਨਿਰਮਲ ਹੈ, ਉਸੇ ਤਰ੍ਹਾਂ ਉਹਦੇ 'ਚ ਜੋਤ ਹੈ, ਉਸੇ ਤਰ੍ਹਾਂ ਰੋਸ਼ਨੀ ਹੈ, ਉਸੇ ਤਰ੍ਹਾਂ ਪੂਰਾ ਗਿਆਨ ਹੈ। ਫੇਰ ਹੋਇਆ ਕੀ? ਅਗਿਆਨੀ ਕਿਉਂ ਬਣ ਗਿਆ, ਕਿਉਂ ਇਹਦੇ ਸੰਸਕਾਰ ਜਮ੍ਹਾਂ ਹੋ ਗਏ, ਕਿਉਂ ਭਟਕਦਾ ਫਿਰਦਾ ਹੈਂ ਤਾਂ ਕਬੀਰ ਸਾਹਿਬ ਨੇ ਤਾਂ ਪ੍ਰਵਾਨ ਕੀਤਾ ਹੈ ਕਿ -

ਕਬੀਰ ਨਿਰਮਲ ਬੂੰਦ ਅਕਾਸ ਕੀ
ਲੀਨੀ ਭੂਮਿ ਮਿਲਾਇ ॥
ਅਨਿਕ ਸਿਆਨੇ ਪਚਿ ਗਏ
ਨਾ ਨਿਰਵਾਰੀ ਜਾਇ ॥ *ਅੰਗ - ੧੩੭੫*

ਉਹ ਆਹ ਪ੍ਰਕ੍ਰਿਤੀ 'ਚ ਰਲ ਗਈ ਤੇ ਹੋਰ ਅਨੁਭਵੀ ਮਹਾਂਪੁਰਸ਼ਾਂ ਦਾ ਮਤ ਹੈ ਕਿ ਸਭ ਤੋਂ ਪਹਿਲਾਂ ਇਹਨੂੰ ਅਨੰਦ ਦਾ ਸਰਕਲ ਪਿਆ। ਦੋ ਤਰ੍ਹਾਂ ਦਾ ਅਨੰਦ ਹੈ ਇਕ ਤਾਂ ਵਾਹਿਗੁਰੂ ਅਨੰਦ ਸਰੂਪ ਹੈ। ਉਥੇ ਵੱਖਰਾ ਨਹੀਂ ਹੈ, ਵਾਹਿਗੁਰੂ ਦੀ ਜੋਤ ਹੀ ਹੈ, ਵਾਹਿਗੁਰੂ ਜੀ ਜ਼ਾਤ ਹੀ ਹੈ, ਇਕ ਇਹਨੂੰ ਅਹੰ ਦਾ ਅਨੰਦ ਹੋ ਗਿਆ। ਸਭ ਤੋਂ ਪਹਿਲਾ ਸਰਕਲ ਜਿਹੜਾ ਇਹਦੇ 'ਚੋਂ ਨਿਕਲਿਆ ਉਹ ਹਉਮੈ ਦਾ ਨਿਕਲਿਆ। ਦੂਸਰਾ ਸਰਕਲ ਜੋ ਨਿਕਲਿਆ ਉਹ ਬੁੱਧੀ ਦਾ ਨਿਕਲਿਆ। ਬੁੱਧੀ ਆਉਣ ਦੇ ਨਾਲ ਜਿਹੜੀ ਇਹਦੀ ਮੈਂ ਸੀ ਉਹਦੀ protection ਵਾਸਤੇ ਏਸ ਦੇ ਅੰਦਰ ਖਿਆਲ ਸ਼ੁਰੂ ਹੋਏ, ਹੋਂਦ ਕਾਇਮ ਰੱਖਣ ਵਾਸਤੇ। ਤੀਸਰਾ ਜੋ ਸਰਕਲ ਨਿਕਲਿਆ ਉਹ ਮਨ ਦਾ ਸਰਕਲ ਨਿਕਲਿਆ। ਫੁਰਨੇ ਕਰਨ ਦਾ। ਹਰ ਵਕਤ wavering ਰਹਿਣਾ, ਲਹਿਰਾਂ ਉਠਾਈ ਜਾਣੀਆਂ, ਉਠਾਈ ਜਾਣੀਆਂ ਤੇ ਇਕ ਉਥੱਲ-ਪੁਥੱਲ ਇਹਦੇ ਵਿਚ ਖੜ੍ਹਾ ਕਰ ਦੇਣਾ, ਐਸ ਚੇਤਨ ਮੰਡਲ ਦੇ ਵਿਚ। ਚੌਥਾ ਜੋ ਪਿਆ ਉਹ ਪ੍ਰਾਣਸ਼ਕਤੀ, ਜੋ ਸਰੀਰ ਨੂੰ ਚਲਾ ਰਹੀਆਂ ਨੇ, ਇਲੈਕਟ੍ਰਾਨਿਕਸ ਦੀਆਂ ਮੋਟਰਾਂ, ਸ਼ਕਤੀ ਦਾ ਭੰਡਾਰਾ, ਪੰਜੇ ਪ੍ਰਾਣ, ਉਨ੍ਹਾਂ ਦਾ ਪੈ ਗਿਆ ਤੇ ਪੰਜਵਾਂ ਜੋ ਸਰਕਲ ਪਿਆ ਜਾਂ ਪੜਦਾ ਕਹਿ ਲਓ, ਉਹ ਹੈ ਸਾਢੇ ਤਿੰਨ ਹੱਥ ਦੀ ਦੇਹ, ਪੰਜਾਂ ਤੱਤਾਂ ਦੇ ਸਰੀਰ ਦਾ ਪੈ ਗਿਆ। ਸੋ ਐਸ ਤਰ੍ਹਾਂ ਮਿਸਾਲ ਦੇ ਤੌਰ ਤੇ ਸਮਝੋ ਕਿ ਇਕ ਹਜ਼ਾਰ ਵਾਟ ਦਾ ਬਲਬ ਮਚ ਰਿਹਾ ਹੈ, ਉਹਦੇ ਉਤੇ ਪਹਿਲਾ ਗਲੋਬ ਚਾੜ੍ਹ ਦਿਤਾ ਚਿੱਟਾ, ਪੂਰਾ ਗਲੋਬ ਤੇ ਚਾਨਣੇ ਨੇ ਰੰਗ ਵਟਾ ਲਿਆ ਤੇ ਉਹਦੇ ਵਿਚ ਤੇਜ਼ੀ ਨਾ ਰਹੀ, ਉਹਦੇ 'ਚ ਚਟਿਆਈ ਆ ਗਈ, ਸੋ ਇਸ ਤਰ੍ਹਾਂ ਦੇ ਨਾਲ ਅਨੰਦ ਦਾ ਜੋ ਸਰੀਰ ਹੈ, ਓਸ ਨੇ ਪਹਿਲਾ ਪੜਦਾ ਪਾ ਦਿਤਾ ਤੇ ਉਹਨੂੰ ਅਨੰਦਮਯ ਕੋਸ਼ ਕਹਿੰਦੇ ਨੇ, ਦੂਸਰਾ ਜੋ ਬੁੱਧੀ ਦਾ ਹੈ ਉਹ ਇਸ ਤਰ੍ਹਾਂ ਸਮਝ ਲਓ ਕਿ ਉਥੇ ਉਹਦੇ ਉਤੇ ਕਿਸੇ ਰੰਗ ਦਾ paint ਕਰ ਦਿਤਾ, ਉਹ ਰੰਗ ਦਾ ਜੋ paint ਹੋਇਆ ਉਹਨੇ ਲਾਈਟ ਬਹੁਤ ਘੱਟ ਕਰ ਦਿਤੀ ਤੇ ਬੁੱਧੀ ਦਾ ਸਰਕਲ ਪੈ ਗਿਆ ਇਹਦੇ 'ਤੇ, ਉਹਨੂੰ ਵਿਗਿਆਨਮਯ ਕੋਸ਼ ਕਹਿੰਦੇ ਨੇ, ਗਲੋਬ ਚੜ੍ਹ ਗਿਆ, ਦੂਸਰਾ ਗਲੋਬ। ਰੋਸ਼ਨੀ ਘਟ ਗਈ। ਤੀਸਰਾ ਜੋ ਗਲੋਬ ਹੈ, ਮਨ ਦਾ, ਫੁਰਨਿਆਂ ਦਾ, ਉਥੱਲ-ਪੁਥੱਲ ਦਾ ਇਹ ਆਪਣੇ ਅੰਦਰ ਨੂੰ ਜਾਣੇ, ਜਾਂਦਾ ਹੀ ਨਹੀਂ ਹੈ, ਉਹਨੇ ਐਸੀ ਦੀਵਾਰ ਖੜ੍ਹੀ ਕਰ ਦਿਤੀ ਮਨ ਨੇ ਫੁਰਨਿਆਂ ਦੀ, ਉਹਨੇ ਰੌਲਾ-ਘਚੋਲਾ ਮਚਾ ਦਿਤਾ-

ਮਾਇਆਧਾਰੀ ਅਤਿ ਅੰਨਾ ਬੋਲਾ ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥
ਅੰਗ - ੩੧੩

ਉਹ ਅੰਨ੍ਹਾ ਵੀ ਹੋ ਗਿਆ ਤੇ ਬੋਲਾ ਵੀ ਹੋ ਗਿਆ, ਹੁਣ ਸ਼ਬਦ ਨੂੰ ਨਹੀਂ ਸੁਣਨ ਦਿੰਦਾ, ਰੌਲਾ-ਰੱਪਾ ਪੈ ਗਿਆ ਤੇ ਉਹਨੂੰ ਪਾਰ ਕਰਕੇ ਇਹ ਆਪਣੇ source ਵਲ ਨੂੰ ਵਾਪਸ ਨਹੀਂ ਜਾ ਸਕਦਾ। ਜਿੰਨਾ ਚਿਰ ਪੂਰਨ ਤੌਰ ਤੇ ਅਭਿਆਸ ਦਾ ਪਤਾ ਨਾ ਹੋਵੇ, ਇਹ back to source ਨਹੀਂ ਹੋ ਸਕਦਾ। ਇਹ ਜਾਣ ਨਹੀਂ ਦਿੰਦਾ ਮਨ, ਉਥੱਲ-ਪੁਥੱਲ 'ਚ ਪਾਇਆ ਹੋਇਆ ਹੈ ਇਸਨੂੰ, ਸੋ ਇਸ ਤਰ੍ਹਾਂ ਸਮਝੋ ਕਿ ਉਸੇ ਗਲੋਬ ਦੇ ਉਤੇ, ਕਾਲੇ ਜਾਂ ਨੀਲੇ ਰੰਗ ਦਾ ਰੰਗ ਕਰ ਦਿਤਾ, ਰੋਸ਼ਨੀ ਘਟ ਗਈ, ਨੀਲਾ-ਨੀਲਾ ਜਿਹਾ ਰੰਗ ਹੋ ਗਿਆ, ਪਰ ਰੋਸ਼ਨੀ ਹੈ ਅਜੇ, ਏਸ ਦੇ ਉਤੇ ਹੋਰ ਰੰਗ ਕਰ ਦਿਤਾ, ਲੁੱਕ ਵਰਗੀ ਕਿਸੀ ਚੀਜ਼ ਦਾ ਪੇਂਟ ਕਰ ਦਿਤਾ ਤੇ ਚੌਥਾ ਪੜਦਾ ਪੈ ਗਿਆ ਜਿਸਨੂੰ ਪ੍ਰਾਣਮਈ ਕੋਸ਼ ਕਹਿੰਦੇ ਨੇ। ਜਦੋਂ ਇਹ ਗੱਲ ਹੋ ਗਈ ਉਸ ਵੇਲੇ ਪੰਜਵਾਂ ਪੜਦਾ ਐਉਂ ਸਮਝ ਲਓ ਇਕ ਲਾਈਟ ਦੇ ਚਾਰੋਂ ਪੜਦੇ ਹਨ, ਲੇਕਿਨ ਇਹਦੇ 'ਚ ਐਉਂ ਪਤਾ ਲਗ ਜਾਂਦਾ ਹੈ ਕਿ ਐਥੇ ਹੈ ਕੋਈ ਚੀਜ਼, ਚਮਕ ਅਜੇ ਪੂਰੀ ਤਰ੍ਹਾਂ ਨਹੀਂ ਮਰੀ। ਭਾਵੇਂ ਕਾਲਾ ਹੀ ਪ੍ਰਤੀਬਿੰਬ ਪੈਂਦਾ ਹੈ ਚਮਕ ਦਾ, ਪੇਂਟ ਦਾ ਪਰ ਹੈਗਾ ਕੁਛ ਜ਼ਰੂਰ ਅੰਦਰ। ਅਜੇ ਵੀ ਓਥੇ ਚਮਕ ਹੈ ਰੋਸ਼ਨੀ ਹੈ, ਉਸ ਤੋਂ ਬਾਅਦ ਆਹ ਜਿਹੜਾ ਸਰੀਰ ਪ੍ਰਾਪਤ ਹੋਇਆ ਹੈ ਪੰਜਾਂ ਤੱਤਾਂ ਦਾ, ਓਹ ਐਉਂ ਸਮਝ ਲਓ ਕਿ ਰੋਸ਼ਨੀ ਦੇ ਉਤੇ ਕੋਈ ਲੋਹੇ ਦਾ ਜਾਂ ਮਿੱਟੀ ਦਾ ਬਰਤਨ ਮੂਧਾ ਮਾਰ ਦਿਤਾ ਤੇ ਉਹਦੇ ਵਿਚੋਂ ਹੁਣ ਰੋਸ਼ਨੀ ਪਾਸ ਨਹੀਂ ਹੋ ਰਹੀ,

ਸੋ ਇਸੇ ਤਰ੍ਹਾਂ ਦੇ ਨਾਲ ਮਨੁੱਖ ਦੇ ਨਾਲ ਇਹ ਗੱਲ ਹੋਈ ਹੈ ਕਿ ਇਹ ਹੇਠਾਂ ਨੂੰ ਆਉਂਦਾ-ਆਉਂਦਾ ਐਨਾ ਨੀਚੇ ਆ ਗਿਆ ਕਿ ਆਪਣੇ ਵਾਹੀਕਲ ਨੂੰ ਕਹਿੰਦਾ ਹੈ ਕਿ ਮੈਂ ਸਰੀਰ ਹਾਂ, ਮੇਰਾ ਨਾਉਂ ਫਲਾਣਾ ਹੈ, ਮੈਂ ਸਿੱਖ ਹਾਂ, ਮੈਂ ਹਿੰਦੂ ਹਾਂ, ਮੈਂ ਮੁਸਲਮਾਨ ਹਾਂ, ਮੈਂ ਫਲਾਣੇ ਦਾ ਪਿਤਾ ਹਾਂ, ਮੈਂ ਫਲਾਣੇ ਦਾ ਪੁੱਤਰ ਹਾਂ, ਮੈਂ ਦੁਖੀ ਹਾਂ, ਮੈਂ ਸੁਖੀ ਹਾਂ। ਮੈਂ ਪੁੰਨ ਕਰਦਾ ਹਾਂ, ਮੈਂ ਪਾਪ ਕਰਦਾ ਹਾਂ। ਇਹ ਸਾਰੀਆਂ ਚੀਜ਼ਾਂ ਅਗਿਆਨਤਾ ਦੇ ਨਾਲ ਇਹਦੇ ਹਿਰਦੇ ਦੇ ਅੰਦਰ ਪੂਰਾ ਵਿਸ਼ਵਾਸ਼ ਕਰਕੇ ਘਰ ਕਰ ਗਈਆਂ। ਹੁਣ ਇਹ ਆਪਣੇ ਆਪ ਨੂੰ ਆਤਮ ਸਰੂਪ ਨਹੀਂ ਸਮਝਦਾ। ਸੋ ਗੁਰੂ ਮਹਾਰਾਜ ਫੁਰਮਾਉਂਦੇ ਨੇ ਕਿ ਭਾਈ, ਇਹ ਤੂੰ ਸਮਝਣ ਦਾ ਯਤਨ ਕਰ। ਏਸ ਦੇਹੀ 'ਚ ਕੀ ਹੈ ਪਹਿਲਾਂ ਜਦੋਂ ਤੱਕ ਤੇਰੇ ਅੰਦਰ ਸਮਝ ਨਹੀਂ ਆਉਂਦੀ ਓਨੀਂ ਦੇਰ ਤੱਕ ਤੂੰ ਕਿਸੇ ਕਿਨਾਰੇ ਨਹੀਂ ਪਹੁੰਚ ਸਕਦਾ ਤੇ ਏਸ ਨੂੰ ਸਮਝ ਕਿ ਇਹ ਹੈ ਮਾਮਲਾ ਕੀ ਤੇ ਵਾਹਿਗੁਰੂ ਕੀ ਹੈ, ਕਿੱਥੇ ਰਹਿੰਦਾ ਹੈ ਉਹ ਸੱਤਵੇਂ ਅਸਮਾਨ ਵਿਚ ਵੀ ਰਹਿੰਦਾ ਹੈ, ਜਾਂ ਸਾਡੇ ਤੋਂ ਬਿਲਕੁਲ ਅਛੋਹ ਕਿ ਅਸੀਂ ਉਸ ਤੱਕ ਪਹੁੰਚ ਹੀ ਨਹੀਂ ਸਕਦੇ। ਅਸੀਂ ਖੋਜੀਏ ਕਿੱਥੇ? ਓਸਨੂੰ ਟੋਲੀਏ ਕਿੱਥੇ? ਹਿਮਾਲਿਆ ਪਰਬਤ ਦੇ ਵਿਚ ਦੇਖੀਏ, ਸੁਮੇਰ ਪਰਬਤ ਤੇ ਜਾ ਕੇ ਟੋਲੀਏ, ਬਰਫਾਂ ਦੇ ਵਿਚ ਜਾ ਕੇ ਟੋਲੀਏ ਜਾਂ ਸਮੁੰਦਰ ਦੇ ਅੰਦਰ ਖੀਰ ਸਮੁੰਦਰ 'ਚ ਕਹਿੰਦੇ ਨੇ ਨਾਰਾਇਣ, ਉਹਦਾ ਨਾਉਂ ਵੀ ਹੈ, ਨਾਰ ਪਾਣੀ ਨੂੰ ਕਹਿੰਦੇ ਨੇ, ਆਇਣ ਘਰ ਨੂੰ ਕਹਿੰਦੇ ਨੇ। ਜਿਸਦਾ ਘਰ ਪਾਣੀ ਵਿਚ ਹੈ ਓਸ ਸਮੁੰਦਰ 'ਚ ਛਾਲ ਮਾਰੀਏ, ਦਰਿਆ 'ਚ ਮਾਰੀਏ। ਕਿਸੇ ਜਹਾਜ਼ 'ਚ ਬੈਠ ਕੇ ਸਮੁੰਦਰ ਜਿੱਥੇ ਡੂੰਘਾ ਹੈ ਉਥੇ ਮਾਰੀਏ ਤਾਂ ਕਿ ਉਥੇ ਲੱਭ ਜਾਏਗਾ ਪ੍ਰਮੇਸ਼ਰ। ਬਹੁਤ ਸਾਰਿਆਂ ਨੇ ਐਸੀਆਂ ਸਾਖੀਆਂ ਵੀ ਲਿਖ ਦਿਤੀਆਂ। ਇਸ ਤੋਂ ਬੜਾ ਭਾਰਾ ਭੁਲੇਖਾ ਪੈਂਦਾ ਹੈ ਕਿ ਉਹਨੇ ਸਮੁੰਦਰ 'ਚ ਛਾਲ ਮਾਰੀ, ਓਸਨੂੰ ਪ੍ਰਮੇਸ਼ਰ ਨੇ ਕੱਢ ਕੇ ਬਾਹਰ ਮਾਰਿਆ। ਕੋਈ ਕੌਤਕ ਤਾਂ ਹੋ ਸਕਦਾ ਹੈ ਪਰ ਇਹ ਮੰਨ ਲੈਣਾ ਕਿ ਖੀਰ ਸਮੁੰਦਰ ਦੇ ਅੰਦਰ ਵਾਹਿਗੁਰੂ ਰਹਿੰਦੇ ਨੇ ਤੇ ਕਿਸੇ ਖਾਸ ਥਾਂ ਪੰਜ ਮੀਲ ਦੀ ਡੂੰਘਿਆਈ 'ਚ, ਉਥੇ ਆਸਣ ਲੱਗਿਆ ਹੋਇਆ ਹੈ ਇਹ ਇਕ ਬੜਾ ਭਾਰਾ ਭੁਲੇਖਾ ਹੈ ਮਨੁੱਖ ਦਾ, ਅਗਿਆਨਤਾ ਹੈ। ਸੋ ਇਹ ਗੱਲ ਮਹਾਰਾਜ ਕਹਿੰਦੇ ਤੂੰ ਐਉਂ ਨਾ ਕਰ, ਬਾਹਰ ਨਾ ਟੋਲ੍ਹ, ਇਹ ਸਾਰੀਆਂ ਗੱਲਾਂ ਗਲਤ ਨੇ। ਜੇ ਬਾਹਰ ਟੋਲ੍ਹੇਂਗਾ ਤੇਰੇ ਹੱਥ ਕੁਛ ਨਹੀਂ ਆਉਣਾ। ਹਰੀ ਦਾ ਮੰਦਰ ਬਾਹਰ ਨਹੀਂ ਹੈ, ਹਰੀ ਦਾ ਮੰਦਰ ਤਾਂ ਓਹੀ ਹੈ ਜਿਥੋਂ ਵਾਹਿਗੁਰੂ ਦਾ ਪਤਾ ਲਗ ਜਾਵੇ ਕਿ ਕਿੱਥੇ ਹੈ? ਉਹ ਕਹਿੰਦੇ ਹਰੀ ਦਾ ਜੋ ਮੰਦਰ ਹੈ -

ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥
ਮਾਨਸ ਦੇਹ ਗੁਰ ਬਚਨੀ ਪਾਇਆ
ਸਭੁ ਆਤਮ ਰਾਮੁ ਪਛਾਤਾ ॥ ਅੰਗ - ੯੫੩

ਹਰੀ ਦਾ ਮੰਦਰ ਓਸੇ ਨੂੰ ਕਹਿੰਦੇ ਨੇ ਜਿਥੇ ਵਾਹਿਗੁਰੂ ਨੂੰ ਜਾਣਿਆ ਜਾਵੇ ਤੇ ਵਾਹਿਗੁਰੂ ਪਤਾ ਲਗ ਜਾਵੇ। ਕਹਿੰਦੇ, ਵਾਹਿਗੁਰੂ ਦਾ ਮੰਦਰ ਜਿਹੜਾ ਹੈ ਉਹ ਭਾਈ ਤੂੰ ਬਾਹਰ ਨਾ ਟੋਲ੍ਹ -

ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥
ਅੰਗ - ੯੫੩

ਬਾਹਰੋਂ ਛੱਡ ਦੇ ਇਹ ਵਿਸ਼ਵਾਸ਼ ਕਰ ਲੈ ਕਿ ਬਾਹਰ ਨਹੀਂ ਮਿਲਣਾ ਕਿਉਂਕਿ ਬਹੁਤ ਸਾਰੇ ਪ੍ਰੇਮੀਆਂ ਨੇ ਐਸੇ ਆਪਣੇ ਭਾਵਨਾ ਦੇ ਤਜਰਬੇ ਕਰਕੇ ਹਨ੍ਹੇਰੇ 'ਚ ਪਾ ਦਿਤਾ, ਗੁਰੂ ਮਹਾਰਾਜ ਕਹਿੰਦੇ ਹਨ੍ਹੇਰੇ 'ਚ ਨਾ ਪੈ ਪ੍ਰੇਮੀਆ, ਕਿਉਂਕਿ ਐਸੀਆਂ ਸਾਖੀਆਂ ਨੇ ਕਿ ਕੋਈ ਪ੍ਰੇਮੀ ਹਰਿਦੁਆਰ ਗਿਆ ਜਾਂ ਦੁਆਰਕਾ 'ਚ ਗਿਆ ਤੇ ਉਥੇ ਜਾ ਕੇ ਓਸ ਨੇ ਬੜੀ ਪੁਕਾਰ ਕਰੀ ਤੇ ਓਹਨੂੰ ਕ੍ਰਿਸ਼ਨ ਮਹਾਰਾਜ ਨੇ ਦਰਸ਼ਨ ਦਿਤੇ। ਕ੍ਰਿਸ਼ਨ ਮਹਾਰਾਜ ਦੁਆਰਕਾ 'ਚ ਕੈਦ ਨਹੀਂ ਸਾਧਸੰਗਤ ਜੀ! ਏਸੇ ਧਰਤੀ 'ਤੇ, ਇਹ ਤਾਂ ਖਰਬਾਂ-ਖਬਰਾਂ ਧਰਤੀਆਂ ਨੇ। ਕਈ ਪ੍ਰੇਮੀ ਕਹਿੰਦੇ ਨੇ ਕਿ ਹੇਮਕੁੰਟ ਪਰਬਤ ਗਏ ਉਥੇ ਜਾ ਕੇ ਬੜੀਆਂ ਆਵਾਜ਼ਾਂ ਮਾਰੀਆਂ ਗੁਰੂ ਦਸਵੇਂ ਪਾਤਸ਼ਾਹ ਨੇ ਦਰਸ਼ਨ ਦਿਤੇ। ਇਥੇ ਤੱਕ ਵੀ ਕਰ ਦਿੰਦੇ ਨੇ ਅਗਿਆਨਤਾ ਦੀਆਂ ਗੱਲਾਂ ਕਿ ਮੈਂ ਆਵਾਜ਼ ਮਾਰਦਾ ਸੀ ਤੇ ਗੁਰੂ ਮਹਾਰਾਜ ਦੇ ਦਰਸ਼ਨ ਹੋਏ ਮੈਨੂੰ। ਮੈਂ ਕਿਹਾ ਕਿਸ ਤਰ੍ਹਾਂ ਦੇ ਸੀ? ਕਹਿੰਦਾ ਜੀ, ਸ਼ੇਰ ਦੇ ਰੂਪ ਵਿਚ ਦਰਸ਼ਨ ਦਿਤੇ। ਬੜਾ ਚੰਗਾ ਹੈ ਸ਼ੇਰ ਦਾ ਰੂਪ ਵੀ ਉਨ੍ਹਾਂ ਦਾ ਹੀ ਹੈ। ਉਥੇ ਜਾ ਕੇ ਤੈਨੂੰ ਸਮਝ ਆਈ, ਤੂੰ ਇਥੇ ਸਮਝ ਲੈਂਦਾ ਏਸ ਚੀਜ਼ ਨੂੰ। ਸੋ ਕੋਈ ਕਹਿੰਦਾ ਹੈ ਕਿ ਹਜ਼ੂਰ ਸਾਹਿਬ ਜਾ ਕੇ ਗੁਰੂ ਦਸਵੇਂ ਪਾਤਸ਼ਾਹ ਦੇ ਦਰਸ਼ਨ ਹੋਏ, ਘੋੜੇ ਤੇ ਚੜ੍ਹਿਆਂ ਦੇ, ਕਈਆਂ ਦਾ ਇਹ ਖਿਆਲ ਹੈ ਕਿ ਜੇ ਕਾਹਬੇ ਵਿਚ ਜਾਓ ਉਥੇ ਜਾ ਕੇ ਖੁਦਾ ਦੇ ਦਰਸ਼ਨ ਹੁੰਦੇ ਨੇ। ਕਬੀਰ ਸਾਹਿਬ ਕਹਿੰਦੇ ਮੈਂ ਵੀ ਚਲਿਆ ਗਿਆ -

ਕਬੀਰ ਹਜ ਕਾਬੇ ਹਉ ਜਾਇ ਥਾ
ਆਗੈ ਮਿਲਿਆ ਖੁਦਾਇ ॥
ਸਾਂਈ ਮੁਝ ਸਿਉ ਲਰਿ ਪਰਿਆ
ਤੁਝੈ ਕਿਨਿ ਫੁਰਮਾਈ ਗਾਇ ॥ ਅੰਗ - ੧੩੭੫

ਕਹਿੰਦੇ ਮੈਂ ਤੁਰਨ ਲੱਗਿਆ ਕਾਹਬੇ ਨੂੰ, ਕਿਉਂਕਿ ਮੈਨੂੰ ਬਹੁਤ ਸਾਰਿਆਂ ਨੇ ਕਿਹਾ ਕਿ ਭਗਤ ਜੀ! ਚਲੋ ਕਾਹਬੇ ਵੀ ਹੋ ਆਈਏ, ਹੋਰ ਪਾਸੇ ਤੁਸੀਂ ਆਹ ਬਨਾਰਸ ਤਾਂ ਰਹਿੰਦੇ ਹੀ ਹੋਂ ਤੇ ਚਲੋ ਕਾਹਬੇ ਵੀ ਚੱਲੀਏ। ਕਹਿੰਦੇ, ਮੇਰਾ ਖਿਆਲ ਹੋਇਆ ਕਿ ਚੱਲੀਏ। ਕਹਿੰਦੇ ਜਦੋਂ ਮੈਂ ਤੁਰਨ ਲੱਗਿਆ ਮੇਰੇ ਨਾਲ ਰੱਬ ਲੜ ਪਿਆ। ਕਹਿੰਦੇ, ਕਬੀਰ! ਤੈਨੂੰ ਕੀਹਨੇ ਗੱਲ ਦੱਸੀ ਹੈ ਕਿ ਮੈਂ ਉਥੇ ਰਹਿੰਦਾ ਹਾਂ। ਕਹਿੰਦੇ ਮਹਾਰਾਜ! ਤੁਸੀਂ ਰਹਿੰਦੇ ਕਿੱਥੇ ਓਂ? ਕਹਿੰਦੇ ਤੈਨੂੰ ਇਹ ਨਹੀਂ ਪਤਾ ਲੱਗਿਆ ਕਿ ਮੈਂ ਰਹਿੰਦਾ ਕਿੱਥੇ ਹਾਂ। ਕਹਿੰਦਾ ਜੀ ਆਹ ਲੋਕ ਕਹਿੰਦੇ ਨੇ। ਕਹਿੰਦੇ, ਨਾ ਕਬੀਰ ਮੈਂ ਤਾਂ ਸਭ ਦੇ ਘਟ-ਘਟ ਵਿਚ ਵਿਆਪਕ ਹਾਂ। ਮੈਂ ਕਿਤੇ ਇਕ ਥਾਂ ਤੇ ਨਹੀਂ ਹਾਂ। ਸੋ ਬਾਹਰ ਨਾ ਮੈਨੂੰ ਟੋਲ੍ਹ -

ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥
ਅੰਗ - ੯੫੩

ਓ ਪ੍ਰੇਮੀਆ! ਭੁੱਲ ਕੇ ਵੀ ਨਾ ਬਾਹਰ ਟੋਲ੍ਹੀ ਕਿਉਂਕਿ ਤੇਰੇ ਅੰਦਰ ਹੀ ਰਹਿੰਦਾ ਹੈ, ਕੋਲ ਹੀ ਰਹਿੰਦਾ ਹੈ।

ਧਨ ਪਿਰ ਕਾ ਇਕ ਹੀ ਸੰਗਿ ਵਾਸਾ
ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ ਤੋਰੀ
ਜਨ ਨਾਨਕ ਮਿਲੇ ਬਨਵਾਰੀ ॥ ਅੰਗ - ੧੨੬੩

ਕਹਿੰਦੇ ਪੂਰੇ ਗੁਰੂ ਨੇ ਹਉਮੈ ਦੀ ਕੰਧ ਤੋੜ ਦਿਤੀ ਤੇ ਕੀ ਦੇਖਿਆ ਕਿ ਉਹ ਤਾਂ ਅੰਦਰ ਹੀ ਰਹਿੰਦਾ ਸੀ, ਮੈਂ ਜਿਥੇ ਰਹਿੰਦਾ ਸੀ ਅੰਦਰ ਹੀ ਉਹ ਰਹਿੰਦਾ ਹੈ। ਦੋਵੇਂ ਅਸੀਂ ਤਾਂ ਇਕ ਥਾਂ ਰਹਿੰਦੇ ਹਾਂ, ਲੇਕਿਨ ਜਿਹੜੇ ਮਨ ਦੇ ਪਿਛੇ ਲਗਣ ਵਾਲੇ ਪ੍ਰੇਮੀ ਨੇ ਉਨ੍ਹਾਂ ਨੂੰ ਇਹ ਗੱਲ ਸਮਝ ਨਹੀਂ ਆਉਂਦੀ ਜੋ ਗੁਰੂ ਕਹਿ ਰਹੇ ਨੇ। ਉਹ ਨਹੀਂ ਸਮਝਦੇ।

ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ
ਤਿਨੀ ਜਨਮੁ ਗਵਾਤਾ ॥
ਸਭ ਮਹਿ ਇਕੁ ਵਰਤਦਾ
ਗੁਰ ਸਬਦੀ ਪਾਇਆ ਜਾਈ ॥ ਅੰਗ - ੯੫੩

ਕਮਾਲ ਦੀ ਗੱਲ ਮਹਾਰਾਜ ਨੇ ਫੁਰਮਾਈ ਹੈ ਕਿ ਮਨ ਦੇ ਪਿੱਛੇ ਲੱਗਣ ਵਾਲੇ ਜਿੰਨੇ ਵੀ ਬੰਦੇ ਨੇ, ਇਹ ਨਹੀਂ ਜਾਣਦੇ ਕਿ ਆਹ ਸਰੀਰ ਹਰੀ ਦਾ ਮੰਦਰ ਹੈ। ਆਹ ਸੰਸਾਰ ਸਾਰਾ ਹੀ ਹਰੀ ਦਾ ਮੰਦਰ ਹੈ।

ਇਹੁ ਜਗੁ ਸਚੈ ਕੀ ਹੈ ਕੋਠੜੀ
ਸਚੇ ਕਾ ਵਿਚਿ ਵਾਸੁ ॥
ਇਕਨ੍ਹਾ ਹੁਕਮਿ ਸਮਾਇ ਲਏ
ਇਕਨ੍ਹਾ ਹੁਕਮੇ ਕਰੇ ਵਿਣਾਸੁ ॥
ਇਕਨ੍ਹਾ ਭਾਣੈ ਕਢਿ ਲਏ
ਇਕਨ੍ਹਾ ਮਾਇਆ ਵਿਚਿ ਨਿਵਾਸੁ ॥ ਅੰਗ - ੪੬੩

ਇਥੇ ਹੀ ਰਹਿੰਦਾ ਹੈ ਉਹ ਕਿਤੇ ਬਾਹਰ ਨਹੀਂ ਹੈ। ਲੇਕਿਨ ਮਨ ਦੇ ਪਿਛੇ ਲੱਗਣ ਵਾਲੇ ਜਿਹੜੇ ਪ੍ਰੇਮੀ ਨੇ ਉਨ੍ਹਾਂ ਨੇ ਇਹ ਗੱਲ ਸਮਝੀ ਹੀ ਨਹੀਂ ਹੈ, ਆਪਣੀ ਹੀ ਕਹੀ ਜਾਂਦੇ ਨੇ, ਆਪਣੇ ਹੀ ਸੰਸਕਾਰਾਂ ਦੇ ਮੁਤਾਬਿਕ ਨੱਠੇ ਫਿਰਦੇ ਨੇ। ਕੋਈ ਕਿਤੇ ਜਾਂਦਾ ਹੈ, ਕੋਈ ਕਿਤੇ ਜਾਂਦਾ ਹੈ। ਇਹਦੇ 'ਚ ਵੀ ਦੋਸ਼ ਹੋਇਆ ਕਰਦਾ ਹੈ ਉਹ ਇਹ ਹੈ ਜਾਂਦੇ ਓਂ ਜਾਓ, ਤੀਰਥ ਜਾਂਦੇ ਓਂ ਚਲੇ ਜਾਓ, ਕੋਈ ਹਰਜ਼ ਨਹੀਂ ਏਸ ਗੱਲ ਦਾ। ਪਰ ਜੇ ਉਥੇ ਜਾ ਕੇ ਕਹਿੰਦੇ ਓਂ ਕਿ ਰੱਬ ਮਿਲੇਗਾ ਰੱਬ ਨਹੀਂ ਮਿਲਣਾ, ਉਥੇ ਸਾਧੂਆਂ ਦੇ ਦਰਸ਼ਨ ਜ਼ਰੂਰ ਹੋਣਗੇ ਤੇ ਪੂਰਨ ਸਾਧੂਆਂ ਦੀ ਸੰਗਤ ਤੁਹਾਨੂੰ ਪ੍ਰਾਪਤ ਹੋ ਕੇ ਪ੍ਰਮੇਸ਼ਰ ਦਾ ਰਾਹ ਮਿਲ ਜਾਏਗਾ, ਮਿਲਣਾ ਪ੍ਰਮੇਸ਼ਰ ਨੇ ਅੰਦਰੋਂ ਹੀ ਹੈ ਤੇ ਜਿਹੜਾ ਮਨ ਦੇ ਪਿਛੇ ਲੱਗਣ ਵਾਲਾ ਹੈ ਇਹ ਮੰਦਰ ਨੂੰ ਨਹੀਂ ਜਾਣਦਾ। ਜੋ ਮੰਦਰ ਹੁੰਦਾ ਹੈ ਉਹਦੀ ਅਸੀਂ ਕਿੰਨੀ ਪਵਿੱਤਰਤਾ ਰੱਖਦੇ ਹਾਂ, ਗੁਰਦੁਆਰੇ ਦੀ, ਉਥੇ ਲਿਖ ਦਿੰਦੇ ਹਾਂ ਕਿ ਸਿਗਰਟ ਪੀਣ ਵਾਲਾ ਅੰਦਰ ਨਹੀਂ ਜਾ ਸਕਦਾ। ਸ਼ਰਾਬ ਪੀ ਕੇ ਅੰਦਰ ਨਹੀਂ ਜਾ ਸਕਦਾ, ਤਮਾਕੂ ਲੈ ਕੇ ਅੰਦਰ ਨਹੀਂ ਜਾ ਸਕਦਾ ਤੇ ਠੀਕ ਹੈ ਬਾਹਰਲੇ ਮੰਦਰ ਦੀਆਂ ਰਹਿਤਾਂ ਨੇ, ਲੇਕਿਨ ਜਿਥੇ ਵਾਹਿਗੁਰੂ ਰਹਿੰਦਾ ਹੈ, ਉਹ ਕਿੰਨਾ ਕੁ ਉਚਾ ਹੋਣਾ ਹੈ, ਉਹ ਤਾਂ mitting places ਨੇ, ਜਿਹਨੂੰ ਅਸੀਂ ਪਵਿੱਤਰ ਰੱਖਣਾ ਚਾਹੁੰਦੇ ਹਾਂ, ਜਿਹਦੇ ਵਿਚ ਹਰ ਵਕਤ ਸਫਾਈ ਰਖਦੇ ਹਾਂ। ਪਰ ਜੇ ਉਸੇ mitting places ਦੇ ਵਿਚ ਜਿਹਨੂੰ ਸਤਿਸੰਗ ਘਰ ਕਹਿੰਦੇ ਨੇ, ਗੁਰਦੁਆਰਾ ਸਾਹਿਬ ਕਹਿੰਦੇ ਨੇ, ਮੰਦਰ ਕਹਿੰਦੇ, ਮਸਜਿਦ ਕਹਿੰਦੇ ਨੇ ਉਥੇ ਗੰਦਮੰਦ ਫੈਲਰਿਆ ਹੋਵੇ, ਗੋਹਾ ਪਿਆ ਹੋਵੇ, ਮੱਝਾਂ ਗਾਈਆਂ ਦਾ, ਮਨੁੱਖ ਦਾ ਵਿਸ਼ਟਾ ਪਿਆ ਹੋਵੇ, ਫਲ ਗਲੇ ਹੋਏ ਵਿਚ ਪਏ ਹੋਣ, ਮੱਖੀਆਂ ਭਿੰਣਨ-ਭਿੰਣਨ ਕਰਦੀਆਂ ਹੋਣ, ਤੇ ਭਰਿੰਡਾਂ ਦੇ ਦੰਦਈਏ ਆ ਕੇ ਉਥੇ ਵਾਸਾ ਕਰ ਲੈਣ ਤੇ ਬਿੱਛੂ ਵਗੈਰਾ, ਕੀੜੇ ਮਕੌੜੇ ਬੇਅੰਤ ਨੱਠਦੇ ਫਿਰਦੇ ਹੋਣ, ਫੇਰ ਦੱਸੋ ਕਿ ਹਰੀ ਮੰਦਰ ਦੀ ਬੇਅਦਬੀ ਹੋ ਰਹੀ ਹੈ ਕਿ ਨਹੀਂ। ਲੜਾਈ ਹੋ ਜਾਂਦੀ ਹੈ ਕਿ ਉਨ੍ਹਾਂ ਨੇ ਸਿਗਰਟਾਂ ਸੁੱਟ ਦਿਤੀਆਂ ਸਰੋਵਰ 'ਚ, ਦੂਜੇ ਕਹਿੰਦੇ ਨੇ ਕਿ ਜੀ ਗਊ ਦਾ ਸਿੰਗ ਸੁੱਟ ਦਿਤਾ, ਕਿੱਡਾ ਝਗੜਾ ਹੁੰਦਾ ਹੈ ਬੰਦੇ ਮਰ ਜਾਂਦੇ ਨੇ। ਅਗਿਆਨਤਾ ਹੀ ਅਗਿਆਨਤਾ ਮਹਾਰਾਜ ਕਹਿੰਦੇ ਤੁਹਾਨੂੰ ਪਤਾ ਨਹੀਂ ਕਿ ਹਰੀ ਦਾ ਮੰਦਰ ਕਿਵੇਂ ਪਵਿੱਤਰ ਰੱਖੀਦਾ ਹੈ, ਕਿੱਥੇ ਹੈਂ? ਕਹਿੰਦੇ ਆਹ ਸਰੀਰ ਦੇ ਅੰਦਰ ਹਰੀ ਦਾ ਮੰਦਰ ਹੈ ਪ੍ਰੇਮੀਓ! ਇਸ ਹਰਿਮੰਦਰ ਨੂੰ ਜਾਣੋ ਤੁਸੀਂ। ਇਸ ਹਰਿਮੰਦਰ ਦੀ ਪਵਿੱਤਰਤਾ ਰੱਖੋ ਤੁਸੀਂ। ਇਹਦੇ 'ਚ ਕਿਉਂ ਗੰਦ ਮੰਦ ਸੁੱਟਿਆ ਹੋਇਆ ਹੈ, ਕਿੰਨੀਆਂ ਚੀਜ਼ਾਂ ਨੇ ਸ਼ਰਾਬਾਂ-ਕਬਾਬਾਂ, ਮਾਸ-ਮੱਛੀ ਆਦਿ ਫੇਰ ਨਿੰਦਾ। ਨਿੰਦਾ ਚੁਹੜੀ। ਕਹਿੰਦੇ ਐਹੋ ਜਿਹੀਆਂ ਚੀਜ਼ਾਂ ਅੰਦਰ ਵਾੜੀਆਂ ਨੇ, ਹਉਮੈ ਦੀ ਮਰੀ ਹੋਈ ਬਿੱਲੀ ਅੰਦਰ ਪਈ ਹੈ ਤੇ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਦੇ ਕਿਰਮ ਚੱਲ ਰਹੇ ਨੇ। ਸਬਦ, ਸਪਰਸ਼, ਰੂਪ, ਰਸ ਗੰਧ ਦੇ ਦੰਦਈਏ ਫਿਰ ਰਹੇ ਨੇ, ਭਰਿੰਡਾਂ ਫਿਰ ਰਹੀਆਂ ਨੇ, ਕੀੜੇ ਮਕੌੜੇ ਬਿੱਛੂ ਫਿਰ ਰਹੇ ਨੇ ਤੇ ਏਸ ਮੰਦਰ ਦੀ ਤੁਸੀਂ ਸਾਰ ਨਹੀਂ ਜਾਣਦੇ, ਇਹਨੂੰ ਪਵਿੱਤਰ ਰੱਖੋ ਪ੍ਰੇਮੀਓ! ਇਹਦੇ 'ਚ ਵਾਹਿਗੁਰੂ ਵਸਦਾ ਹੈ।

ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ
ਤਿਨੀ ਜਨਮੁ ਗਵਾਤਾ ॥
ਸਭ ਮਹਿ ਇਕੁ ਵਰਤਦਾ
ਗੁਰ ਸਬਦੀ ਪਾਇਆ ਜਾਈ ॥ ਅੰਗ - ੯੫੩

ਕੀ ਹੋਇਆ ਫੇਰ? ਕਹਿੰਦੇ, ਜਨਮ ਹੀ ਬ੍ਰਿਥਾ ਚਲਿਆ ਗਿਆ -

.....ਤਿਨੀ ਜਨਮੁ ਗਵਾਤਾ ॥ ਅੰਗ - ੯੫੩
ਸਭ ਮਹਿ ਇਕੁ ਵਰਤਦਾ
ਗੁਰ ਸਬਦੀ ਪਾਇਆ ਜਾਈ ॥ ਅੰਗ - ੯੫੩

ਕਹਿੰਦੇ ਇਹ ਵਰਤ ਰਿਹਾ ਹੈ, ਤੇਰੇ ਅੰਦਰ ਸੌਦਾ ਪਿਆ ਨਾਮ ਦਾ, ਸਤਿ ਦਾ, ਸੰਤੋਖ ਦਾ, ਵੈਰਾਗ ਦਾ, ਗਿਆਨ ਦਾ, ਖਿਮਾ ਦਾ, ਦਇਆ ਦਾ, ਸ਼ੀਲ ਦਾ, ਸੌਚ ਦਾ, ਅਹਿੰਸਾ ਦਾ, ਤਪ ਦਾ ਦਾਨ ਦਾ, ਮਿਠਾਸ ਦਾ ਸੌਦਾ ਪਿਆ ਹੈ ਕਰ ਲੈ ਕਹਿੰਦੇ ਸੌਦਾ। ਐਨੀਆਂ ਚੀਜ਼ਾਂ ਪਈਆਂ ਨੇ ਇਨ੍ਹਾਂ ਨੂੰ

ਖਰਾਬ ਨਾ ਕਰ। ਕਾਇਆ ਦੇ ਅੰਦਰ ਤਾਂ ਕਿਲ੍ਹਾ ਹੈ ਇਹ।

ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟਨਾਲੇ ॥
ਅੰਗ - ੩੦੯

ਹੱਟੀਆਂ, ਬਜ਼ਾਰ ਨੇ ਕਹਿੰਦੇ ਅੰਦਰ।

ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ ॥
ਅੰਗ - ੩੦੯

ਕਹਿੰਦੇ ਗੁਰੂ ਦੇ ਰਾਹੀਂ ਸੌਦਾ ਕਰੋ, ਤੂੰ ਇਹ ਦੱਸ ਕਿ ਇਹਦੇ 'ਚ ਕੀਮਤੀ ਚੀਜ਼ ਕਿਹੜੀ ਹੈ। ਸਭ ਤੋਂ ਕੀਮਤੀ ਚੀਜ਼ ਇਹਦੇ ਅੰਦਰ ਪਈ ਹੈ।

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥
ਸੁੰਨ ਸਮਾਧਿ ਅਨਹਤ ਤਹ ਨਾਦ ॥
ਕਹਨੁ ਨ ਜਾਈ ਅਚਰਜ ਬਿਸਮਾਦ ॥
ਅੰਗ - ੨੯੩

ਐਨੀਆਂ ਵਧੀਆ ਚੀਜ਼ਾਂ ਇਹਦੇ ਵਿਚ ਪਈਆਂ ਨੇ, ਨਾਮ, ਜਿਹਦਾ ਕੋਈ ਮੁੱਲ ਨਹੀਂ ਹੈ, ਸੰਸਾਰ 'ਚ ਦੱਸ ਨਹੀਂ ਸਕਦਾ ਮੁੱਲ, ਐਡਾ ਵੱਡਾ ਮੁੱਲ ਹੈ।

ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥
ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥
ਅੰਗ - ੮੧

ਅੱਜ ਤੱਕ ਤਾਂ ਸੰਸਾਰ 'ਚ ਕੋਈ ਆਇਆ ਨਹੀਂ, ਜਿਹੜਾ ਏਸ ਨਾਮ ਦੀ ਕੀਮਤ ਜਾਣਦਾ ਹੋਵੇ, ਜੋ ਅੰਦਰ ਪਿਆ ਹੈ ਤੇ ਅੰਦਰ ਰਹਿੰਦਾ ਹੈ, ਉਹ ਨਾਮ ਵੀ ਰਹਿੰਦਾ ਹੈ ਤੇ ਵਾਹਿਗੁਰੂ ਵੀ ਰਹਿੰਦਾ ਹੈ। ਹੁਣ ਸੌਦਾ ਗੁਰਮਤਿ ਦੇ ਨਾਲ ਹੁੰਦਾ ਹੈ, ਕਿੰਨਾ ਨਾਮ ਕੀਮਤੀ ਹੈ ਇਕ ਮਿਸਾਲ ਦੇ ਨਾਲ ਸਮਝ 'ਚ ਆ ਜਾਂਦਾ ਹੈ।

ਗੁਰੂ ਨਾਨਕ ਪਾਤਸ਼ਾਹ ਜਾਂਦੇ-ਜਾਂਦੇ ਜਿਸ ਵਕਤ ਬਿਹਾਰ 'ਚੀਂ ਲੰਘੀ ਜਾਂਦੇ ਨੇ, ਤਾਂ ਉਥੇ ਮਰਦਾਨੇ ਨੇ ਇਕ ਪ੍ਰਸ਼ਨ ਕਰ ਦਿਤਾ। ਕਹਿਣ ਲੱਗਿਆ, ਮਹਾਰਾਜ! ਤੁਸੀਂ ਨਾਮ ਦੀ ਬਾਤ ਕਰਦੇ ਓਂ। ਤੁਸੀਂ ਅੰਦਰ ਜੋਤੀ ਦੀ ਗੱਲ ਕਰਦੇ ਓਂ। ਆਪ ਫੁਰਮਾਨ ਕਰਦੇ ਓਂ ਕਿ ਇਹਦੇ ਵਿਚ ਅਨਹਦ ਸ਼ਬਦ ਵਜਦੇ ਨੇ ਤੇ ਇਹਦੇ ਅੰਦਰ ਪ੍ਰਮੇਸ਼ਰ ਆਪ ਵਸਦਾ ਹੈ। ਪਰ ਮਹਾਰਾਜ ਤੁਸੀਂ ਐਨਾ ਉਪਦੇਸ਼ ਦਿੰਦੇ ਓਂ, ਮੈਂ ਦੇਖਦਾ ਹੁੰਦਾ ਹਾਂ ਕਿ ਸੁਣਦੇ ਤਾਂ ਸਾਰੇ ਨੇ ਪਰ ਨਾਮ ਜਪਦੇ ਥੋੜ੍ਹੇ ਨੇ। ਮਹਾਰਾਜ ਕਹਿੰਦੇ ਮਰਦਾਨਿਆ! ਨਾਮ ਕੀਮਤੀ ਚੀਜ਼ ਹੈ। ਕਹਿੰਦਾ, ਓਹੀ ਤਾਂ ਮਹਾਰਾਜ ਮੈਂ ਕਹਿੰਦਾ ਹਾਂ ਕਿ ਕੀਮਤੀ ਚੀਜ਼ਾਂ ਹੈ, ਕਿਉਂ ਨਹੀਂ ਸੰਸਾਰ ਇਹਦੇ ਵਲ ਧਿਆਨ ਦਿੰਦਾ। ਮਹਾਰਾਜ ਕਹਿੰਦੇ, ਕਦਰਦਾਨ ਨਹੀਂ। ਵਿਸ਼ਿਆਂ ਦਾ ਵਪਾਰੀ ਹੋਵੇ। ਕਉਡੀਆਂ ਦਾ ਵਪਾਰੀ ਹੋਵੇ ਤੇ ਰਤਨਾਂ ਦੀ ਸਾਰ ਕੀ ਜਾਣਦਾ ਹੈ, ਰਤਨ ਕੀ ਹੁੰਦੇ ਨੇ। ਕਿਉਂਕਿ ਉਹਨੇ ਦੇਖਿਆ ਹੀ ਨਹੀਂ ਉਹ ਤਾਂ ਕੌਡੀਆਂ ਦਾ ਵਪਾਰ ਕਰਦਾ ਹੈ। ਕੀ ਸਾਰ ਜਾਣੇ ਰਤਨਾਂ ਦੀ, ਜਿਹੜਾ ਹੈ ਕੌਡੀਆਂ ਦਾ ਵਪਾਰੀ। ਕਹਿੰਦੇ ਐਉਂ ਹੈ ਮਰਦਾਨਿਆ! ਹੋਰ ਗੱਲ ਨਹੀਂ ਹੈ।

ਕਹਿੰਦਾ, ਮਹਾਰਾਜ! ਤੁਸੀਂ ਸਮਝਾਉਂਦੇ ਤਾਂ ਹੈਗੇ, ਮੈਂ ਤਾਂ ਐਉਂ ਕਹਿੰਦਾ ਹਾਂ ਕਿ ਫੇਰ ਵੀ ਕਿਉਂ ਨਹੀਂ ਸਮਝਦੇ। ਪੰਜ-ਸੱਤ ਵਾਰੀ ਕਿਹਾ। ਮਹਾਰਾਜ! ਕਹਿੰਦੇ ਚੰਗਾ ਮਰਦਾਨਿਆਂ ਤੈਨੂੰ ਇਹ ਗੱਲ ਪ੍ਰੈਕਟੀਕਲੀ ਸਮਝਾਵਾਂਗੇ। ਕੋਈ ਨਾ ਤੂੰ ਚੁੱਪ ਰਹਿ।

ਗੁਰੂ ਮਹਾਰਾਜ ਚਲਦੇ-ਚਲਦੇ ਇਕ ਦਿਨ ਇਕ ਵੱਡੇ ਸ਼ਹਿਰ ਦੇ ਨੇੜੇ ਆ ਗਏ। ਕਹਿੰਦੇ, ਮਰਦਾਨਿਆ! ਕੁਛ ਨਜ਼ਰ ਆਉਂਦਾ ਹੈ ਕਹਿੰਦਾ ਹਾਂ ਮਹਾਰਾਜ ਇਹ ਤਾਂ ਮੈਂ ਵੀ ਕਦੋਂ ਦਾ ਦੇਖਦਾ ਹਾਂ, ਇਹ ਤਾਂ ਕੋਈ ਸ਼ਹਿਰ ਹੈ ਉਚੀਆਂ-ਉਚੀਆਂ ਜਿਹੜੀਆਂ ਇਮਾਰਤਾਂ ਨੇ ਉਨ੍ਹਾਂ ਦੀਆਂ ਉਪਰਲੀਆਂ ਮੰਮਟੀਆਂ ਨਜ਼ਰ ਆ ਰਹੀਆਂ ਨੇ। ਕਹਿੰਦੇ ਚੰਗਾ, ਤੂੰ ਐਉਂ ਕਰੀਂ ਅਸੀਂ ਤਾਂ ਬੈਠਾਂਗੇ ਕੋਈ ਸਵੱਛ ਥਾਂ ਦੇ ਉਤੇ ਤੇ ਤੂੰ ਉਥੇ ਜਾ ਆਈਂ ਤੇ ਪ੍ਰਸ਼ਾਦ ਪਾਣੀ ਛਕ ਆਈਂ।

ਮਹਾਰਾਜ ਕਹੀ ਜਾਂਦੇ ਨੇ, ਜਦੋਂ ਮਹਾਰਾਜ ਨੇ ਫੇਰ ਬਚਨ ਕਰਿਆ। ਤੂੰ ਜਾਹ ਪ੍ਰਸ਼ਾਦਾ ਛਕ ਆ ਕਿਉਂਕਿ ਬਾਲ ਸਖਾਈ ਸੀ, ਮਿੱਤਰ ਕੋਈ-ਕੋਈ ਹੁੰਦਾ ਹੈ ਜਿਹਨੂੰ ਵਿਸ਼ਵਾਸ਼ ਆਏ, ਮਹਾਂਪੁਰਸ਼ਾਂ ਤੇ। ਚਾਰ-ਪੰਜ ਕੈਟਾਗਿਰੀਆਂ ਆਦਮੀ ਦੀਆਂ ਐਸੀਆਂ ਹੁੰਦੀਆਂ ਨੇ, ਜਿਨ੍ਹਾਂ ਨੂੰ ਮਹਾਂਪੁਰਸ਼ਾਂ ਦੀ ਵਡੱਤਣ ਦਾ ਪਤਾ ਨਹੀਂ ਲਗਦਾ, ਉਹ ਇਕ ਸਾਧਾਰਣ ਮਨੁੱਖ ਸਮਝਦੇ ਨੇ। ਕੋਈ ਵਿਰਲਾ ਹੋਏਗਾ ਗੁਰੂ ਅਰਜਨ ਸਾਹਿਬ ਵਰਗਾ ਜਿਹਨੂੰ ਪਤਾ ਲੱਗ ਗਿਆ ਸੀ। ਲੇਕਿਨ ਗੁਰੂ ਨਾਨਕ ਸਾਹਿਬ ਦਾ ਪਤਾ ਸ੍ਰੀ ਚੰਦ ਤੇ ਲਖਮੀ ਦਾਸ ਨੂੰ ਸਾਰੀ ਜ਼ਿੰਦਗੀ ਨਹੀਂ ਲਗ ਸਕਿਆ। ਮਹਾਰਾਜ ਨੇ ਜਦੋਂ ਇਕ ਵਾਰੀ ਇਹ ਗੱਲ ਕਹੀ ਕਿ ਭਾਈ! ਬਾਹਰ ਦੇਖੋ ਕੀ ਟਾਈਮ ਹੋ ਗਿਆ। ਉਥੋਂ ਪਿਆਂ ਨੇ ਹੀ ਕਹਿ ਦਿਤਾ ਕਿ ਮਹਾਰਾਜ, ਅਜੇ ਤਾਂ ਅੱਧੀ ਰਾਤ ਵੀ ਨਹੀਂ ਹੋਈ, ਕੋਲ ਪਏ ਸੀ। ਆਵਾਜ਼ ਦਿਤੀ ਸ੍ਰੀ ਚੰਦ ਦੇਖੀ ਤਾਂ ਕੀ ਸਮਾਂ ਹੋ ਗਿਆ, ਅਸੀਂ ਆਹ ਕੱਪੜੇ ਧੁਆਉਣੇ ਨੇ ਸਵੇਰੇ ਜਾਣਾ ਹੈ। ਉਹ ਕਹਿੰਦਾ, ਅੱਧੀ ਰਾਤ ਪਿਤਾ ਜੀ, ਦੂਜੇ ਨੂੰ ਕਿਹਾ, ਉਹ ਜ਼ਰਾ ਤੇਜ਼ ਸੀ ਉਹਦੇ ਨਾਲੋਂ। ਮਹਾਰਾਜ ਨੇ ਕਿ ਭਾਈ ਲਖਮੀ ਦਾਸ ਤੂੰ ਹੀ ਧੋ ਲਿਆ ਵਸਤਰ, ਦੇਖ ਲੈ ਕੀ ਸਮਾਂ ਹੋ ਗਿਆ, ਦਿਨ ਚੜ੍ਹਿਆ ਲਗਦਾ ਹੈ।

ਸੋ ਕਹਿਣ ਲੱਗਿਆ, ਸਤਰੇ-ਬਹੱਤਰੇ ਵਾਲੀ ਗੱਲ ਬੈਠ ਗਈ, ਸੱਤਰ ਸਾਲ ਦੇ ਹੋ ਗਏ ਤੁਸੀਂ। ਤੁਸੀਂ ਸੱਤਰਾਂ ਵਾਲੇ ਨੂੰ ਮਤਹੀਣ ਕਿਹਾ ਹੈ, ਕਿਉਂਕਿ ਉਹ ਅਜੇ ਵੀ ਨਾਮ ਜਪਣ ਨਹੀਂ ਲੱਗਿਆ। ਮਹਾਰਾਜ ਨੇ ਤਾਂ ਐਉਂ ਕਿਹਾ ਸੀ, ਮਤਹੀਣ ਹੈਂ ਹੋਰ ਤੂੰ ਕਿੰਨਾ ਕੁ ਇੰਤਜ਼ਾਰ ਕਰਦਾ ਹੈਂ, ਹੁਣ ਲਗ ਜਾ, ਜੇ ਸਾਰੀ ਜ਼ਿੰਦਗੀ ਨਹੀਂ ਲੱਗਿਆ, ਹੁਣ ਕੀ ਵਿਹਾਰ ਵਿਚ ਪਿਆ ਹੋਇਆ, ਹੁਣ ਤੇਰਾ ਵਿਹਾਰ ਕਰਿਆ ਹੋਇਆ ਕੀ ਕੰਮ ਦੇ ਦਏਗਾ। ਹੁਣ ਤੂੰ ਕੰਮ ਕਰ ਲੈ ਪ੍ਰਮੇਸ਼ਰ ਦੇ ਭਜਨ ਦਾ। ਪਤਾ ਨਹੀਂ ਹੈ ਕਿ ਅੱਜ ਲੱਗ ਜਾਵੇ ਕਾਲ ਦਾ ਗੁਲੇਲਾ ਕਿ ਕੱਲ ਨੂੰ ਲਗ ਜਾਵੇ। ਸੋ ਸੁਣ ਲਿਆ, ਬੱਚੇ ਦੇ ਮਨ ਵਿਚ

ਸ਼ਰਧਾ ਨਹੀਂ ਹੈ। ਫੇਰ ਕਿਹਾ, ਇਕ ਵਾਰੀ ਕੌਲ ਗਿਰ ਪਿਆ, ਕਹਿਣ ਲੱਗੇ, ਬੇਟਾ! ਸ੍ਰੀ ਚੰਦ ਆਹ ਕੌਲ ਗਿਰ ਗਿਆ, ਕਹਿੰਦਾ ਮਹਾਰਾਜ! ਸਾਰਾ ਜੂਠਾ ਪਾਣੀ ਇਥੇ ਪੈਂਦਾ ਹੈ, ਚਿੱਕੜ ਹੈ, ਇਹਦੇ ਵਿਚੋਂ ਕੌਲ ਕੀ ਕੱਢਣਾ ਹੈ, ਕੋਈ ਸੇਵਾਦਾਰ ਆ ਜਾਏਗਾ, ਕਢਾ ਲਵਾਂਗੇ। ਨਾ ਕਹਿੰਦੇ, ਤੂੰ ਕੱਢ ਦੇ। ਕਹਿੰਦਾ, ਐਨੀ ਕਿਹੜੀ ਕਾਹਲੀ ਹੈ ਐਨੇ ਭਾਂਡੇ ਪਏ ਨੇ, ਜਵਾਬ ਪਏ ਨੇ। ਦੂਜੇ ਪੁੱਤਰ ਨੂੰ ਕਿਹਾ ਕਿ ਤੂੰ ਕੱਢ ਲੈ। ਉਹਨੇ ਕਿਹਾ ਕਿ ਮੈਂ ਕਿਵੇਂ ਕੱਢ ਲਵਾਂ ਪਿਤਾ ਜੀ, ਤੁਸੀਂ ਤਾਂ ਗੱਲਾਂ ਅਣਹੋਈਆਂ ਕਰਨ ਲੱਗ ਗਏ। ਐਨੇ ਸੇਵਾਦਾਰ ਫਿਰਦੇ ਨੇ ਐਥੇ, ਕਹਿ ਦਓ ਕਿਸੇ ਨੂੰ ਕੱਢ ਦਏਗਾ, ਮੇਰੇ ਤੋਂ ਜ਼ਰੂਰ ਕਢਾਉਣਾ ਹੈ, ਕੱਪੜੇ ਲਾਹਵਾਂਗਾ, ਫੇਰ ਨਾਹੁਣਾ ਪੈਣਾ ਹੈ ਮੈਨੂੰ।

ਗੁਰੂ ਅੰਗਦ ਸਾਹਿਬ ਆ ਗਏ, ਹੱਥ ਬੰਨ੍ਹੇ ਨਮਸਕਾਰ ਕਰੀ, ਮਹਾਰਾਜ ਕਹਿੰਦੇ, ਪੁਰਖਾ! ਇਹਦੇ ਵਿਚ ਕਉਲ ਗਿਰ ਗਿਆ, ਕੱਢ ਦੇ। ਸਣੇ ਕੱਪੜੇ ਛਾਲ ਮਾਰ ਦਿਤੀ। ਕਿਉਂਕਿ ਚੁੱਬਚਾ ਜ਼ਿਆਦਾ ਡੂੰਘਾ ਸੀ, ਪੈਰ ਨਾਲ ਟੋਲ੍ਹ ਕੇ ਕੱਢ ਲਿਆ, ਧੋਤਾ। ਧੰਨ ਭਾਗ ਸਮਝੇ ਕਿ ਮਹਾਰਾਜ ਨੇ ਮੇਰੇ ਤੋਂ ਸੇਵਾ ਲਈ। ਉਹਨੇ ਸਮਝ ਲਿਆ, ਉਹ ਨਹੀਂ ਸਮਝ ਸਕਿਆ। ਗੁਰੂ ਚੌਥੇ ਪਾਤਸ਼ਾਹ ਦਾ ਪੁੱਤਰ ਪ੍ਰਿਥੀ ਚੰਦ ਜਦੋਂ ਗੁਰਿਆਈ ਦੇਣ ਲੱਗੇ, ਕਹਿੰਦੇ, ਬੇਟਾ! ਪ੍ਰਿਥੀ ਚੰਦ ਇਹ ਗੁਰਿਆਈ ਚਤੁਰਤਾ ਦੇ ਨਾਲ ਨਹੀਂ ਮਿਲਿਆ ਕਰਦੀ। ਇਹ ਤਾਂ ਗੁਰੂ ਨਾਨਕ ਦੀ, ਅਕਾਲ ਪੁਰਖ ਦੀ ਅਮਾਨਤ ਹੈ, ਗੁਰੂ ਜੋਤ ਜਿਹਦੇ ਵਿਚ ਪ੍ਰਵੇਸ਼ ਕਰਨੀ ਹੈ ਉਸੇ ਨੇ ਗੁਰਗੱਦੀ ਤੇ ਬੈਠਣਾ ਹੈ। ਕਹਿੰਦਾ, ਪਿਤਾ ਜੀ! ਮੈਂ ਸਭ ਜਾਣਦਾ ਹਾਂ, ਤੁਸੀਂ ਚਾਲਾਂ ਚਲਦੇ ਓਂ, ਗੁਰੂ ਅਰਜਨ ਨੂੰ ਬਣਾਉਣਾ ਹੈ ਤੁਸੀਂ। ਮੈਂ ਤੁਹਾਨੂੰ ਪਤਾ ਹੈ ਸਾਰਾ ਕੰਮ ਸਾਂਭਦਾ ਹਾਂ। ਸਾਰੀ ਸੰਗਤ ਨੂੰ ਸਾਂਭਦਾ ਹਾਂ, ਸਾਰੀ ਖੇਤੀਬਾੜੀ ਕਰਾਉਂਦਾ ਹਾਂ, ਸਾਰਾ ਲੰਗਰ ਦਾ ਕੰਮ ਸਾਂਭਦਾ ਹਾਂ, ਦਿਨ ਰਾਤ ਕੰਮ ਕਰਦਾ ਹਾਂ ਤੇ ਗੁਰਿਆਈ ਵੇਲੇ ਤੁਸੀਂ ਕਹਿ ਦਿਤਾ ਕਿ ਤੈਨੂੰ ਨਹੀਂ ਮਿਲਣੀ। ਤੁਸੀਂ ਪੱਖਪਾਤੀ ਹੋਂ, ਸੁਣ ਲਓ ਕੰਨ ਖੋਲ੍ਹ ਕੇ, ਮੈਂ ਵੀ ਚੈਨ ਨਹੀਂ ਲੈਣ ਦੇਣੀ ਏਸ ਭਰਾ ਨੂੰ। ਸਰਕਾਰੇ ਦਰਬਾਰੇ ਕੈਦ ਕਰਾਉਂਗਾ।

ਮਹਾਰਾਜ ਕਹਿੰਦੇ ਬੜਾ ਮਾੜਾ ਕੰਮ ਹੈ ਪ੍ਰਿਥੀ ਚੰਦ। ਹੇ ਪੁੱਤਰ! ਤੂੰ ਮੇਰੇ ਨਾਲ ਕਿਉਂ ਝਗੜਦਾ ਹੈਂ, ਮੇਰਾ ਹੀ ਪੁੱਤਰ ਹੈਂ ਤੂੰ, ਜਨਮ ਪ੍ਰਾਪਤ ਕਰਿਆ ਹੈ ਅਸੀਂ ਵੱਡੇ-ਵਡੇਰੇ ਹਾਂ ਇਹ ਚੰਗੀ ਨਹੀਂ ਗੱਲ। ਕਹਿੰਦਾ, ਚੰਗੀ ਹੋਵੇ ਮਾੜੀ ਹੋਵੇ ਮੈਂ ਨਹੀਂ ਇਹਨੂੰ ਬੈਠਣ ਦਿੰਦਾ। ਗੁਰੂ ਰਾਮਦਾਸ ਪਾਤਸ਼ਾਹ ਨੂੰ ਅੰਮ੍ਰਿਤਸਰ ਛੱਡ ਕੇ ਗੋਇੰਦਵਾਲ ਸਾਹਿਬ ਜਾ ਕੇ ਸਰੀਰ ਛੱਡਣਾ ਪਿਆ। ਫੇਰ ਵੀ ਉਸਨੇ ਬੜਾ ਭਾਰਾ ਝਗੜਾ ਪਾਇਆ।

ਇਸੇ ਤਰ੍ਹਾਂ ਦੇ ਨਾਲ ਧੀਰਮੱਲ ਕਰਤਾਰਪੁਰ ਦਾ ਯੁੱਧ ਸ਼ੁਰੂ ਹੋ ਗਿਆ। ਧੀਰਮੱਲ ਨੇ ਸ਼ਾਹਜਹਾਨ ਨੂੰ ਇਕ ਚਿੱਠੀ ਲਿਖੀ, ਕਹਿਣ ਲੱਗੇ, ਬਾਦਸ਼ਾਹ ਸਲਾਮਤ! ਮੇਰਾ ਜਿਹੜਾ ਬਾਬਾ ਹੈ ਗੁਰੂ ਹਰਿਗੋਬਿੰਦ ਸਾਹਿਬ ਇਹ ਝਗੜਾਲੂ ਹੈ, ਪੰਜ ਗੁਰੂ ਪਹਿਲਾਂ ਵੀ ਹੋਏ ਨੇ, ਉਨ੍ਹਾਂ ਨੇ ਕੋਈ ਯੁੱਧ ਨਹੀਂ ਕਰਿਆ। ਪੋਤਰਾ ਲਗਦਾ ਸੀ, ਬਾਬੇ ਗੁਰਦਿੱਤੇ ਦਾ ਲੜਕਾ ਸੀ, ਬਾਬਾ ਗੁਰਦਿੱਤਾ ਗੁਰੂ ਮਹਾਰਾਜ ਦਾ ਲੜਕਾ ਸੀ, ਕਹਿਣ ਲੱਗਿਆ, ਉਨ੍ਹਾਂ ਨੇ ਯੁੱਧ ਨਹੀਂ ਕਰੇ ਹੈਗੇ, ਇਨ੍ਹਾਂ ਨੇ ਫੌਜਾਂ ਰੱਖ ਲਈਆਂ, ਪਹਿਲਵਾਨ ਰੱਖ ਲਏ, ਵੱਡੇ-ਵੱਡੇ ਯੋਧੇ ਰੱਖ ਲਏ, ਸ਼ਿਕਾਰ ਖੇਲ੍ਹਦਾ ਹੈ, ਤਲਵਾਰਾਂ ਚਲਾ ਦਿਤੀਆਂ ਕਹਿੰਦੇ ਗੁਰੂ ਨਾਨਕ ਦੀ ਜਿਹੜੀ ਸਿੱਖੀ ਸੀ, ਉਹਨੂੰ ਕੁਰਾਹੇ ਪਾ ਦਿਤਾ ਕਿ ਜੇ ਤੂੰ ਮੈਨੂੰ ਗੁਰਗੱਦੀ ਤੇ ਬਿਠਾਉਣ ਵਿਚ ਮਦਦ ਦੇ ਦੇਵੇਂ ਮੈਂ ਇਹਨੂੰ ਫੜਾ ਦਿੰਦਾ ਹਾਂ। ਤੁਹਾਡੀਆਂ ਫੌਜਾਂ ਆਈਆਂ ਹੋਈਆਂ ਨੇ, ਤਿਆਰੀਆਂ ਕਰ ਰਹੀਆਂ ਨੇ, ਮੈਂ ਦਰਵਾਜ਼ਾ ਖੋਲ੍ਹ ਦੇਵਾਂਗਾ ਤੇ ਉਥੋਂ ਦੀ ਆ ਜਾਇਓ। ਉਹ ਚਿੱਠੀ ਵਜ਼ੀਰ ਖਾਨ ਨੇ ਫੜ ਲਈ, ਉਹਦਾ ਜੋ ਪਰਾਈਮ ਮਨਿਸਟਰ ਸੀ, ਕੋਲ ਰੱਖ ਲਈ। ਸ਼ਾਹਜਹਾਨ ਨੇ ਪੁੱਛਿਆ, ਕੀ ਹੈ? ਕਹਿਣ ਲੱਗਿਆ, ਮਹਾਰਾਜ ਕਮਲ ਕੁੱਟ ਰਿਹਾ ਹੈ ਉਨ੍ਹਾਂ ਦਾ ਇਕ ਪੋਤਰਾ। ਗੁਰੂ ਤਾਂ ਸਮਰੱਥ ਹੁੰਦਾ ਹੈ, ਪਹਿਲਾਂ ਤਾਂ ਸਾਨੂੰ ਉਨ੍ਹਾਂ ਨਾਲ ਲੜਾਈ ਨਹੀਂ ਕਰਨੀ ਚਾਹੀਦੀ, ਐਉਂ ਕਹਿੰਦਾ ਹੈ। ਪਤਾ ਨਹੀਂ ਕੀ ਜੰਗੀ ਚਾਲ ਹੈ ਇਹਦੇ ਵਿਚ। ਸਾਡੀ ਫੌਜ ਨੂੰ ਅੰਦਰ ਵਾੜ ਕੇ ਮਾਰਨਾ ਚਾਹੁੰਦੇ ਨੇ, ਜਾਂ ਕੀ ਕਰਨਾ ਚਾਹੁੰਦੇ ਨੇ, ਟਾਲ ਦਿਤੀ ਉਸਨੇ ਗੱਲ। ਗੁਰੂ ਮਹਾਰਾਜ ਯੁੱਧ ਜੀਤਣ ਤੋਂ ਬਾਅਦ ਕਰਤਾਰਪੁਰ ਨਹੀਂ ਰਹੇ, ਕੀਰਤਪੁਰ ਸਾਹਿਬ ਨੂੰ ਚੱਲ ਪਏ, ਘਰ 'ਚ ਫੁੱਟ ਪੈ ਗਈ ਤੇ ਜਦੋਂ ਚੱਲੇ ਉਸ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਜਿਹੜੀ ਦੇਹ ਸੀ ਇਹ ਧੀਰ ਮੱਲ ਰੱਖ ਲਈ, ਕਹਿੰਦਾ ਮੈਂ ਨਹੀਂ ਦਿੰਦਾ, ਇਹਦੇ ਨਾਲ ਹੀ ਤੁਸੀਂ ਗੁਰੂ ਬਣੇ ਹੋਏ ਓਂ, ਮੈਂ ਵੀ ਗੁਰੂ ਬਣਾਂਗਾ। ਕਿੱਡੀ ਬੇਸਮਝੀ ਸੀ। ਰਾਮਰਾਇ ਗੁਰੂ ਹਰਿਰਾਇ ਸਾਹਿਬ ਦੇ ਪੁੱਤਰ ਕਹਿਣ ਲੱਗੇ, ਗੁਰਿਆਈ ਤੁਸੀਂ ਗੁਰੂ ਹਰਿਕ੍ਰਿਸ਼ਨ ਨੂੰ ਦੇਣੀ ਹੈ ਮੈਂ ਵੀ ਚੱਲਣ ਨਹੀਂ ਦੇਣੀ। ਕਿੰਨੀਆਂ ਤਕਲੀਫਾਂ ਆਈਆਂ, ਨਹੀਂ ਸਮਝੇ।

ਇਸੇ ਤਰ੍ਹਾਂ ਧੀਆਂ ਪੁੱਤਰ, ਕੁਟੰਬ ਦੇ ਸਬੰਧੀ ਉਹ ਹੀ ਸਮਝਦੇ ਨੇ ਕਿ ਕੋਈ ਪਾਖੰਡ ਦਾ ਆਡੰਬਰ ਰਚਿਆ ਹੋਇਆ ਹੈ ਵਿਚ ਕੁਛ ਨਹੀਂ ਹੈ ਕਿਉਂਕਿ ਉਨ੍ਹਾਂ ਕੋਲ ਉਹ ਅੱਖ ਨਹੀਂ ਹੁੰਦੀ ਜਿਹਦੇ ਨਾਲ ਇਹ ਦੇਖਿਆ ਜਾਵੇ, ਸੋ ਕੋਈ ਕੋਈ ਹੁੰਦਾ ਹੈ ਜੋ ਸਮਝਦਾ ਹੈ, ਇਕ ਭਾਈਚਾਰਾ ਨਹੀਂ ਸਮਝਿਆ ਕਰਦਾ। ਇਕ ਜਿਸ ਨਗਰ 'ਚ ਕੋਈ ਰਹਿੰਦਾ ਹੋਵੇ, ਉਹ ਨਗਰ ਨਹੀਂ ਸਮਝਿਆ ਕਰਦਾ, ਜਿਸ ਬਸਤੀ 'ਚ ਰਹਿੰਦਾ ਹੋਵੇ ਉਹ ਬਸਤੀ ਵਾਲੇ, ਮੁਹੱਲੇ ਵਾਲੇ, ਐਸਾ ਅਕਾਲ ਪੁਰਖ ਦਾ ਆਪਣਾ ਹੀ ਕੋਈ ਕੌਤਕ ਹੈ, ਅੱਖਾਂ ਦੇ ਉਤੇ ਮੋਤੀਆਂਬਿੰਦ ਕਰ ਦਿੰਦਾ ਹੈ, ਨਹੀਂ ਸਮਝ ਸਕਦੇ। ਲੜਦੇ ਹੀ ਰਹੇ ਨੇ। ਕਬੀਰ ਸਾਹਿਬ ਨੂੰ ਕਿੰਨਾ ਤੰਗ ਕਰਿਆ ਪੜੋਸੀਆਂ ਨੇ। ਨਾਮਦੇਵ ਦੇ ਘਰ ਨੂੰ ਅੱਗ ਹੀ ਲਾ ਦਿਤੀ। ਕਬੀਰ ਸਾਹਿਬ ਦੇ ਘਰ ਨੂੰ ਵੇਸਵਾ ਨੇ ਅੱਗ ਲਵਾ ਦਿਤੀ।

ਸੋ ਇਸ ਤਰ੍ਹਾਂ ਦੇ ਨਾਲ ਮਰਦਾਨਾ ਐਸਾ ਮਿਤਰ ਨਹੀਂ ਸੀ, ਸ਼ਰਧਾ ਵੀ ਬਹੁਤ ਰੱਖਦਾ ਸੀ, ਲੇਕਿਨ ਕਦੇ-ਕਦੇ ਖੁਲ੍ਹ

ਕੇ ਹਾਸਾ ਮਖੌਲ ਵੀ ਕਰ ਲੈਂਦਾ ਸੀ, ਹੱਸਣ ਲੱਗ ਗਿਆ। ਮਹਾਰਾਜ ਕਹਿੰਦੇ, ਮਰਦਾਨਿਆ! ਕੀ ਗੱਲ ਹੱਸਦਾ ਹੈਂ? ਕਹਿੰਦਾ, ਸੱਚੇ ਪਾਤਸ਼ਾਹ! ਤੁਸੀਂ ਤਾਂ ਐਉਂ ਗੱਲ ਕਰ ਦਿਤੀ ਜਿਵੇਂ ਉਥੇ ਕੋਈ ਰੋਟੀਆਂ ਲਾਈਂ ਬੈਠਾ ਹੁੰਦਾ ਹੈ। ਕਹਿੰਦੇ ਕਿਵੇਂ ਕਰਦਾ ਹੁੰਦਾ ਹੈਂ? ਕਹਿੰਦਾ, ਮਹਾਰਾਜ! ਪਹਿਲਾਂ ਮੈਂ ਸ਼ਹਿਰ ਜਾਂਦਾ ਹਾਂ ਉਥੇ ਮੱਥੇ ਪੜਦਾ ਹਾਂ ਲੋਕਾਂ ਦੇ, ਮੈਨੂੰ ਜਾਂਚ ਆ ਗਈ ਫਿਰਦੇ-ਫਿਰਦੇ ਨੂੰ, ਜੇ ਝੁਲਸੇ ਹੋਏ ਮੱਥੇ ਨੂੰ ਜੇ ਬੁਲਾ ਲਿਆ ਤਾਂ ਇਹਨੇ ਵੱਢ ਖਾਣ ਨੂੰ ਪੈਣਾ ਹੈ ਮੈਨੂੰ। ਮਹਾਰਾਜ ਮੈਂ ਦੇਖਦਾ ਹਾਂ ਕਿ ਖਿੜਿਆ ਹੋਇਆ ਚਿਹਰਾ ਕਿਹੜਾ ਹੈ, ਉਹ ਜਦੋਂ ਮੈਂ ਦੇਖਦਾ ਹਾਂ ਰੌਣਕ ਵਾਲਾ ਚੌੜਾ ਮੱਥਾ, ਬੁੱਲ੍ਹਾਂ ਦੇ ਉਤੇ ਕੋਈ ਮੁਸਕਰਹਾਟ, ਨੈਣਾਂ ਦੇ ਵਿਚ ਕੋਈ ਖਿੱਚ ਹੋਵੇ ਉਥੇ ਮੈਂ ਕਹਿ ਦਿੰਦਾ ਹਾਂ 'ਸਤਿ ਕਰਤਾਰ' ਕਹਿੰਦੇ ਉਹ ਮੈਨੂੰ ਵੀ ਆਪਣੀ ਬੋਲੀ ਵਿਚ ਕਹਿ ਦਿੰਦਾ ਹੈ। ਫੇਰ ਮੈਨੂੰ ਉਹ ਪੁੱਛ ਲੈਂਦਾ ਹੈ ਕਿ ਕਿੱਥੋਂ ਆਇਆ ਹੈਂ, ਕੋਈ ਜਲ ਪਾਣੀ ਦੀ ਸੇਵਾ ਦੱਸ। ਕਹਿੰਦਾ, ਫੇਰ ਮੈਂ ਮਹਾਰਾਜ, ਆਪ ਦੇ ਬਚਨ ਕਰਦਾ ਹਾਂ, ਫੇਰ ਉਹ ਪ੍ਰਸ਼ਾਦਾ ਲਾਹ ਲੈਂਦੇ ਨੇ ਤੇ ਆਪ ਦੇ ਪਾਸ ਵੀ ਆ ਜਾਂਦੇ ਨੇ। ਕਹਿੰਦੇ, ਜੇ ਤੈਨੂੰ ਨਾ ਮਿਲੇ ਐਹੋ ਜਿਹਾ? ਕਹਿੰਦਾ, ਫੇਰ ਜੁੱਤੀਆਂ ਖਾਈ ਦੀਆਂ ਨੇ, ਮਾਈਆਂ ਦੀਆਂ। ਜਦੋਂ ਜਾ ਕੇ ਰੋਟੀ ਮੰਗੀਦੀ ਹੈ, ਤਾਂ ਕਹਿੰਦੀਆਂ ਨੇ ਹੱਟਾ ਕੱਟਾ ਤੁਰਿਆ ਫਿਰਦਾ ਹੈ। ਮਹਾਰਾਜ ਫੇਰ ਬੁਰੀ ਹੁੰਦੀ ਹੈ ਮੇਰੇ ਨਾਲ, ਤੁਹਾਨੂੰ ਵੀ ਗਾਲ੍ਹਾਂ ਤੇ ਮੈਨੂੰ ਵੀ। ਮੈਂ ਦੱਸਦਾਂ ਹਾਂ ਕਿ ਮੈਂ ਗੁਰੂ ਨਾਨਕ ਨਿਰੰਕਾਰੀ ਦਾ ਢਾਡੀ ਹਾਂ, ਕੀਰਤਨੀਆ ਹਾਂ, ਮਹਾਰਾਜ ਤੁਹਾਨੂੰ ਕੋਈ ਬੁਰਾ ਭਲਾ ਕਹਿੰਦਾ ਹੈ ਤੇ ਮੈਨੂੰ ਵੀ ਫੇਰ ਕਹਿੰਦੇ ਰਹਿੰਦੇ ਨੇ। ਫੇਰ ਰੋਟੀ ਉਥੇ ਮੰਗਦੇ-ਮੰਗਦੇ ਕਿਸੇ ਦੇ ਮਨ ਵਿਚ ਦਇਆ ਆ ਗਈ ਤਾਂ ਦੇ ਦੇਵੇ ਤਾਂ ਦੇ ਦੇਵੇ ਨਹੀਂ ਤਾਂ ਭੁੱਖੇ ਵੀ ਆ ਜਾਈਦਾ ਹੈ।

ਮਹਾਰਾਜ ਜਲਾਲ 'ਚ ਆ ਗਏ, ਕਹਿਣ ਲੱਗੇ ਮਰਦਾਨਿਆ! ਨਿਰੰਕਾਰ ਦੇ ਚਾਕਰ ਹੋਈਏ ਤੇ ਸੰਸਾਰ ਦੇ ਅੱਗੇ ਹੱਥ ਅੱਡੀਏ। ਅੰਗੂਠਾ ਮਾਰਿਆ ਪੈਰ ਦਾ ਜ਼ਮੀਨ 'ਚ ਉਹਦੇ ਵਿਚੋਂ ਇਕ ਲਾਲ ਕੱਢ ਕੇ ਦੇ ਦਿਤਾ, ਕਹਿੰਦੇ ਆਹ ਲੈ ਜਾ ਲਾਲ ਤੇ ਇਹਦੀ ਕੀਮਤ ਵੀ ਪੁੱਛ ਆ ਤੇ ਪ੍ਰਸ਼ਾਦਾ ਵੀ ਛਕ ਆ। ਵੇਚੀਂ ਨਾ।

ਸੋ ਮਰਦਾਨਾ ਚਲਿਆ ਗਿਆ ਜਾਂਦਾ-ਜਾਂਦਾ ਸਬਜ਼ੀ ਫਰੋਸਾਂ ਦੇ ਬਜ਼ਾਰ 'ਚ ਗਿਆ ਉਥੇ ਚੰਗੀ ਦੁਕਾਨ ਦੇਖ ਕੇ ਕਹਿਣ ਲੱਗਿਆ, ਭਾਈ! ਮੈਨੂੰ ਕੁਛ ਖਾਣ ਵਾਸਤੇ ਦੇ ਦੇ ਤੇ ਮੇਰਾ ਆਹ ਬੇਕੀਮਤੀ ਲਾਲ ਹੈ, ਨਾਲੇ ਮੈਨੂੰ ਇਹਦਾ ਮੁੱਲ ਦੱਸ ਦੇ। ਉਹਦੇ ਮਨ ਵਿਚ ਸੀ ਕਿ ਜਦੋਂ ਇਕ ਲਾਲ ਨੂੰ ਮੇਰੇ ਹੱਥ ਵਿਚ ਦੇਖੇਗਾ ਤਾਂ ਐਵੇਂ ਹੀ ਪ੍ਰਭਾਵ ਪੈ ਜਾਏਗਾ ਉਹਦੇ ਉਤੇ ਕਿ ਬੜਾ ਹੀ ਅਮੀਰ ਬੰਦਾ ਹੈ ਇਹ ਤਾਂ। ਉਹਨੇ ਫੜ ਲਿਆ, ਦੇਖ ਕੇ ਕਹਿਣ ਲੱਗਿਆ ਆਹ ਕੀ ਕਰਦਾ ਹੈਂ, ਇਹਦਾ ਕਾਹਦਾ ਮੁੱਲ ਹੈ, ਵੱਟੀ ਹੈ ਜਦੋਂ ਨਾਹੁਣ ਜਾਈਦਾ ਹੈ, ਗੰਗਾ 'ਚ ਉਥੇ ਬੇਅੰਤ ਪਈਆਂ ਨੇ। ਜਿਥੇ ਗਿਆ ਸੀ ਉਹ ਬਿਸ਼ੰਭਰ ਨਗਰ ਪਟਨਾ ਕਹਿੰਦੇ ਨੇ ਅੱਜਕਲ੍ਹ, ਪਾਟਲੀਪੁੱਤਰ, ਉਹ ਸ਼ਹਿਰ ਗੰਗਾ ਦੇ ਕੰਢੇ ਤੇ ਹੈ। ਮਰਦਾਨੇ ਨੂੰ ਕਹਿਣ ਲੱਗਿਆ ਦੇ ਜਾ ਮੈਨੂੰ ਦੋ ਮੂਲੀਆਂ ਲੈ ਜਾ। ਏਸ ਨੇ ਵਾਪਸ ਲੈ ਲਿਆ। ਲੋਕ ਜਿਹੜੇ ਸੌਦਾ ਲੈਂਦੇ ਸੀ ਸਾਰੇ ਹੀ ਹੱਸਣ ਲਗ ਗਏ, ਕਹਿਣ ਲੱਗੇ ਕਿ ਭਾਈ, ਤੇਰੇ ਦਿਮਾਗ ਵਿਚ ਤਾਂ ਨਹੀਂ ਕੋਈ ਖਰਾਬੀ? ਛਿੱਤਰਾ ਹੋ ਗਿਆ ਮਰਦਾਨਾ। ਫੇਰ ਹਲਵਾਈ ਦੇ ਚਲਿਆ ਗਿਆ ਉਥੇ ਵੀ ਇਹੀ ਗੱਲ ਦੁਹਰਾਈ। ਉਹਨੇ ਕਿਹਾ ਇਹ ਕਾਹਦਾ ਕੀਮਤੀ ਹੈ ਔਹ ਦੇਖ ਕਹਿੰਦਾ ਬਜ਼ਾਰ 'ਚ ਗਿਰੀ ਪਈ ਲਾਲ ਵੱਟੀ, ਇਹਦਾ ਜ਼ਰਾ ਜ਼ਿਆਦਾ ਰੰਗ ਲਾਲ ਹੈ। ਲਿਆ ਕਹਿੰਦਾ ਪਾਸਕੂ ਹੈ ਮੈਂ ਬੰਨ੍ਹ ਲਊਂਗਾ ਇਹਨੂੰ। ਉਹ ਕਹਿੰਦਾ ਅੱਧ ਸੇਰ ਮਠਿਆਈ ਲੈ ਲੈ। ਮਰਦਾਨਾ ਨੇ ਲਾਲ ਵਾਪਸ ਲੈ ਲੈ, ਉਸਨੇ ਦੋ ਗਜ਼ ਕਪੜਾ offer ਕਰਿਆ। ਫਿਰਦਾ-ਫਿਰਾਂਦਾ ਜੋਹਰੀਆਂ ਦੇ ਕੋਲ ਚਲਿਆ ਗਿਆ ਜੋਹਰੀ ਬਜ਼ਾਰ 'ਚ, ਉਥੇ ਪਹਿਲੇ ਜੋਹਰੀ ਨੇ ਦੱਸ ਰੁਪਈਏ, ਦੂਸਰੇ ਨੇ ਸੌ ਰੁਪਈਏ ਕਹਿਣ ਲੱਗਿਆ, ਹੋਰ ਵੀ ਹੈ ਕੋਈ ਵੱਡਾ? ਕਹਿੰਦੇ ਹਾਂ ਜੀ, ਸਾਲਸਰਾਇ ਵੱਡਾ ਜੌਹਰੀ ਹੈ। ਸੋ ਉਥੇ ਚਲਿਆ ਗਿਆ। ਉਥੇ ਜਾ ਕੇ ਜਦੋਂ ਉਹ ਦਿਖਾਇਆ, ਉਸ ਵੇਲੇ ਸਾਲਸਰਾਇ, ਉਸ ਦਾ ਮੂੰਹ ਅੱਡਿਆ ਹੀ ਰਹਿ ਗਿਆ, ਛਾਤੀ ਫੈਲ ਗਈ ਤੇ ਕਹਿਣ ਲੱਗਿਆ ਆਪਣੇ ਨੌਕਰ ਨੂੰ ਬੇਟਾ ਅਧਰੱਕਾ! ਤਿਜੌਰੀ 'ਚੋਂ ਸੌ ਰੁਪਿਆ ਕੱਢ ਕੇ ਲਿਆ, ਲਾਲ ਨੂੰ ਦੇਖੀ ਜਾਂਦਾ ਹੈ, ਰੌਸ਼ਨੀ ਦੇ ਮੂਹਰੇ ਕਰ-ਕਰ ਕੇ, ਅਸ਼-ਅਸ਼, ਵਾਹ-ਵਾਹ, ਧੰਨ ਭਾਗ-ਧੰਨ ਭਾਗ, ਸੌ ਰੁਪਿਆ ਕੱਢ ਲਿਆਇਆ, ਮੱਥਾ ਟੇਕਦਾ ਹੈ ਸੌ ਰੁਪਿਆ ਉਤੇ ਰੱਖ ਕੇ। ਪੁਛਿਆ ਮਰਦਾਨੇ ਨੂੰ ਕਿ ਇਹ ਲਾਲ ਤੁਹਾਡਾ ਹੈ? ਮੈਂ ਇਹਦਾ ਮੁੱਲ ਨਹੀਂ ਪਾਇਆ ਭਾਈ ਮਰਦਾਨਾ। ਆਪਣੇ ਨੌਕਰ ਨੂੰ ਕਹਿਣ ਲੱਗਿਆ ਕਿ ਬੇਟਾ ਅਧਰੱਕਾ! ਧੰਨ ਭਾਗ ਨੇ ਆਪਣੇ ਕਿ ਅੱਜ ਏਸ ਲਾਲ ਦੇ ਦਰਸ਼ਨ ਹੋ ਗਏ, ਜਿਹਦੇ ਬਾਰੇ ਸੁਣਦੇ ਸੀਗੇ, ਇਹ ਸੀਗਾ ਕਿ ਗੱਲ ਚਲਦੀ ਹੈ ਪਰ ਐਸਾ ਲਾਲ ਸੰਸਾਰ 'ਚ ਹੈ ਨਹੀਂ। ਬਾਪ, ਦਾਦੇ, ਨਕੜਦਾਦੇ, ਵੱਡੇ-ਵੱਡੇ ਉਸਤਾਦ ਜੌਹਰੀ ਇਹ ਦਸਦੇ ਆਏ ਨੇ ਕਿ ਜੇ ਐਸਾ ਲਾਲ ਜੀਹਦੇ ਵਿਚ ਐਸ ਤਰ੍ਹਾਂ ਦੀਆਂ ਨਿਸ਼ਾਨੀਆਂ ਹੋਣ ਕਦੇ ਦੇਖਣ ਨੂੰ ਮਿਲ ਜਾਵੇ ਤਾਂ ਸੌ ਰੁਪਿਆ ਪਹਿਲਾਂ ਮੱਥਾ ਟੇਕੋ, ਉਸ ਵੇਲੇ ਦਾ ਸੌ ਰੁਪਿਆ, ਫੇਰ ਅਗਲੀ ਗੱਲ ਕਰੋ। ਕਹਿਣ ਲੱਗੇ, ਭਾਈ ਮਰਦਾਨਾ ਅਸੀਂ ਤਾਂ ਧੂਪ ਦੇ ਕੇ ਆਪਣੇ ਉਸਤਾਦਾਂ ਦੀ ਜੋ ਸਿਖਿਆ ਸੀ ਉਹਦੇ ਮੁਤਾਬਿਕ ਅਮਲ ਕਰਿਆ, ਹੁਣ ਗੱਲ ਕਰ, ਇਹ ਲਾਲ ਤੇਰਾ ਹੈ? ਕਹਿੰਦਾ, ਨਾ ਇਹ ਗੁਰੂ ਨਾਨਕ ਪਾਤਸ਼ਾਹ ਦਾ ਹੈ, ਗੁਰੂ ਨਾਨਕ ਨਿਰੰਕਾਰੀ ਜੀ ਦਾ।

ਤੂੰ ਕਿਉਂ ਲੈ ਕੇ ਆਇਆ ਹੈ?

ਕਹਿੰਦਾ, ਮੁੱਲ ਪੁੱਛਣ ਲਈ।

ਕਹਿੰਦੇ, ਮੁੱਲ ਤਾਂ ਇਹਦਾ ਭਾਈ ਮਰਦਾਨੇ ਕੋਈ ਹੈ ਨਹੀਂ। ਜੇ ਵੇਚਣਾ ਹੈ ਤਾਂ ਅੱਠ-ਸੱਤ ਸ਼ਹਿਰਾਂ ਨੂੰ ਚਿੱਠੀਆਂ ਭੇਜਣੀਆਂ ਪੈਣਗੀਆਂ, ਉਹ ਜੌਹਰੀ ਇਕੱਠੇ ਹੋਣਗੇ ਤੇ ਮੁੱਲ ਤਾਂ ਫੇਰ ਵੀ ਕੋਈ ਨਹੀਂ ਪਰ ਫੇਰ ਬੋਰਡ ਪਾਏਗਾ ਜੌਹਰੀਆਂ ਦਾ। ਗੁਰੂ ਨਾਨਕ ਓਹੀ ਤਾਂ ਨਹੀਂ ਜਿਹੜੇ ਸੰਸਾਰ ਦਾ ਉਧਾਰ ਕਰਦੇ ਫਿਰਦੇ ਨੇ।

ਮਰਦਾਨੇ ਨੇ ਕਿਹਾ ਕਿ ਓਹੀ ਨੇ।

ਕਹਿਣ ਲੱਗਿਆ ਕਿ ਚੰਗਾ ਹੋਇਆ ਅੱਜ ਤਾਂ ਦਰਸ਼ਨ ਹੋਣਗੇ, ਧੰਨਭਾਗ।

ਸੋ ਮਰਦਾਨਾ ਸੌ ਰੁਪਿਆ ਲੈ ਕੇ ਗੁਰੂ ਨਾਨਕ ਪਾਤਸ਼ਾਹ ਦੇ ਕੋਲ ਆ ਗਿਆ ਤੇ ਉਧਰੋਂ ਸਾਲਸਰਾਇ ਨੇ ਪ੍ਰਸ਼ਾਦਾ ਤਿਆਰ ਕਰਾਇਆ ਤੇ ਉਹ ਵੀ ਪਿੱਛੇ ਪਹੁੰਚ ਗਏ। ਮਰਦਾਨਾ ਗੱਲਬਾਤ ਕਰਦਾ ਹੈ ਕਿ ਸੱਚੇ ਪਾਤਸ਼ਾਹ! ਇਹ ਲਾਲ ਤਾਂ ਬਹੁਤ ਕੀਮਤੀ ਹੈ ਤੇ ਮੈਂ ਤਾਂ ਹੈਰਾਨ ਹਾਂ ਕਿ ਸਬਜ਼ੀ ਫਿਰੋਸ਼ ਦੋ ਮੂਲੀਆਂ ਮੁੱਲ ਪਾਇਆ, ਹਲਵਾਈ ਨੇ ਅੱਧ ਸੇਰ ਮਠਿਆਈ ਪਾਈ ਤੇ ਬਜਾਜ ਨੇ ਦੋ ਗਜ਼ ਕਪੜਾ ਪਾਇਆ, ਇਕ ਜੌਹਰੀ ਨੇ ਦੱਸ ਰੁਪਈਏ, ਇਕ ਨੇ ਸੌ ਰੁਪਈਏ, ਮਹਾਰਾਜ ਜਿੱਥੇ ਮੈਂ ਗਿਆ ਹਾਂ ਆਹ ਸਾਲਸਰਾਇ ਜੌਹਰੀ ਕੋਲ ਉਹ ਕਹਿੰਦਾ ਇਹਦਾ ਮੁੱਲ ਹੀ ਕੋਈ ਨਹੀਂ ਹੈ। ਇਹਦੀ ਦਰਸ਼ਨੀ ਭੇਟ ਸੌ ਰੁਪਿਆ ਹੈ।

ਮਹਾਰਾਜ ਕਹਿੰਦੇ, ਮਰਦਾਨਿਆ! ਤੂੰ ਉਨ੍ਹਾਂ ਨੂੰ ਸਮਝਾਉਣਾ ਸੀ ਪਹਿਲਿਆਂ ਨੂੰ।

ਕਹਿੰਦਾ, ਮਹਾਰਾਜ! ਮੈਂ ਤਾਂ ਬੜਾ ਸਮਝਾਇਆ, ਮੈਨੂੰ ਹੀ ਕਮਲਾ ਕਹਿਣ ਲੱਗ ਗਏ। ਕਹਿੰਦੇ, ਮਰਦਾਨਿਆ! ਜਿਸ ਤਰ੍ਹਾਂ ਦੇ ਨਾਲ ਕੀਮਤੀ ਲਾਲਾਂ ਦੀ ਕਦਰ, ਕੀਮਤ ਜੌਹਰੀ ਪਾ ਸਕਦੇ ਨੇ, ਕਦਰਦਾਨ ਤੋਂ ਬਗੈਰ ਕੀਮਤੀ ਚੀਜ਼ਾਂ ਦੀ ਕਦਰ ਨਹੀਂ ਪਿਆ ਕਰਦੀ। ਇਸੇ ਤਰ੍ਹਾਂ ਜੋ ਨਾਮ ਦੀ ਮਹਿਮਾ ਹੈ ਉਹ ਸੰਤਾਂ ਤੋਂ ਬਗੈਰ ਸੰਸਾਰ 'ਚ ਕੋਈ ਨਹੀਂ ਜਾਣਦਾ।

ਨਾਮ ਕੀ ਮਹਿਮਾ ਸੰਤ ਰਿਦ ਵਸੈ॥ ਅੰਗ - ੨੬੫

ਉਹ ਤਾਂ ਸੰਤਾਂ ਦੇ ਹਿਰਦੇ 'ਚ ਵਸਦੀ ਹੈ, ਨਾਮ ਦੀ ਮਹਿਮਾ। ਸੰਸਾਰ ਕੀ ਜਾਣੇ, ਵਿਸ਼ੇ ਵਿਕਾਰਾਂ ਦਾ ਵਪਾਰੀ। ਕੌਡੀਆਂ ਦਾ ਵਪਾਰ ਕਰਦਾ ਹੈ ਇਹਨੂੰ ਨਾਮ ਦੀ ਕੀਮਤ ਦਾ ਨਹੀਂ ਪਤਾ। ਸੋ ਇਸ ਤਰ੍ਹਾਂ ਦੇ ਨਾਲ -

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥
ਸੁੰਨ ਸਮਾਧਿ ਅਨਹਤ ਤਹ ਨਾਦ ॥
ਕਹਨੁ ਨ ਜਾਈ ਅਚਰਜ ਬਿਸਮਾਦ॥ ਅੰਗ - ੨੯੩

ਐਨੀ ਕੀਮਤੀ ਚੀਜ਼ ਐਹ ਸਰੀਰ 'ਚ ਵਸਦੀ ਹੈ -

ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟਨਾਲੇ ॥
ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ ॥
ਅੰਗ - ੩੦੯

ਗੁਰੂ ਦੇ ਰਾਹੀਂ ਪੂਰੇ ਵਿਸ਼ਵਾਸ਼ 'ਚ ਆ ਕੇ, ਜਦੋਂ ਸੌਦਾ ਕਰਦਾ ਹੈ ਉਹ ਫੇਰ ਵਸਤੂ ਨਾਮ ਦੀ ਸੰਭਾਲਦਾ ਹੈ।

ਨਾਮੁ ਨਿਧਾਨੁ ਹਰਿ ਵਣਜੀਐ ਹੀਰੇ ਪਰਵਾਲੇ ॥
ਵਿਣੁ ਕਾਇਆ ਜਿ ਹੋਰ ਥੈ ਧਨੁ ਖੋਜਦੇ
ਸੇ ਮੂੜ ਬੇਤਾਲੇ ॥
ਸੇ ਉਝੜਿ ਭਰਮਿ ਭਵਾਈਅਹਿ
ਜਿਉ ਝਾੜ ਮਿਰਗੁ ਭਾਲੇ ॥ ਅੰਗ - ੩੦੯

ਰਤਨਾਂ ਜਵਾਹਰਾਤਾਂ ਤੋਂ ਵੀ ਮਹਿੰਗਾ ਜੋ ਨਾਮ ਹੈ, ਉਹ ਨਾਮ ਵਪਾਰੀ ਵਪਾਰ ਕਰਦੇ ਨੇ -

ਕਿਨਹੀ ਬਨਜਿਆ ਕਾਂਸੀ ਤਾਂਬਾ
ਕਿਨਹੀ ਲਉਗ ਸੁਪਾਰੀ ॥
ਸੰਤਹੁ ਬਨਜਿਆ ਨਾਮੁ ਗੋਬਿਦ ਕਾ
ਐਸੀ ਖੇਪ ਹਮਾਰੀ ॥ ਅੰਗ - ੧੧੨੩

ਸੰਤ ਕਹਿੰਦੇ ਵਪਾਰੀ ਹੁੰਦੇ ਨੇ।

ਜਿਸੁ ਵਖਰ ਕਉ ਲੈਨਿ ਤੂ ਆਇਆ ॥
ਰਾਮ ਨਾਮੁ ਸੰਤਨ ਘਰਿ ਪਾਇਆ ॥
ਅੰਗ - ੨੮੩

ਅੱਛਾ ਮਹਾਰਾਜ! ਸੰਤਾਂ ਕੋਲ ਹੁੰਦਾ ਹੈ?

ਕਹਿੰਦੇ ਹਾਂ।

ਮਿਲਦਾ ਕਿਵੇਂ ਹੈ?

ਕਹਿੰਦੇ, ਅਭਿਮਾਨ ਛੱਡ ਦੇ।

ਤਜਿ ਅਭਿਮਾਨੁ ਲੇਹੁ ਮਨ ਮੋਲਿ ॥
ਰਾਮ ਨਾਮੁ ਹਿਰਦੇ ਮਹਿ ਤੋਲਿ ॥ ਅੰਗ - ੨੮੩

ਹਿਰਦੇ ਨਾਲ ਤੋਲ ਕਿ ਰਾਮ ਨਾਮ ਦੀਆਂ ਧੜੀਆਂ ਸੁੱਟ ਅੰਦਰ, ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ ਕਰ ਕੇ। ਭਰ ਲੈ ਖਜ਼ਾਨੇ, ਭਰ ਲੈ ਗੋਲਾ।

ਲਾਦਿ ਖੇਪ ਸੰਤਹ ਸੰਗਿ ਚਾਲੁ ॥
ਅਵਰ ਤਿਆਗਿ ਬਿਖਿਆ ਜੰਜਾਲ ॥
ਅੰਗ - ੨੮੩

ਆਹ ਜਿਹੜੇ ਕਮ ਤੂੰ ਕਰਦਾ ਹੈਂ, ਨਸ਼ੇ ਪੀਂਦਾ ਹੈਂ, ਸ਼ਰਾਬ ਮਾਸ ਖਾਂਦਾ ਹੈ, ਅਨੇਕਾਂ ਗਲਤ ਚੀਜ਼ਾਂ ਕਰਦਾ ਹੈਂ, ਮੋਹ ਵਿਚ ਲਪਟਿਆ ਪਿਆ ਹੈਂ, ਕ੍ਰੋਧ 'ਚ ਪਿਆ ਹੈਂ, ਕਾਮ ਵਾਸ਼ਨਾ ਤੈਨੂੰ ਸਾਹ ਨਹੀਂ ਲੈਣ ਦਿੰਦੀ, ਛੱਡ ਦੇ ਐਹੋ ਜਿਹੇ

ਸੌਂਦੇ ਨਾ ਕਰ, ਵਿਹੁ ਦੇ ਜੰਜਾਲ ਨੇ ਸਾਰੇ। ਇਹਨੂੰ ਲੱਦ ਲੈ ਤੇ ਸੰਤਾਂ ਦੀ ਸੰਗਤ 'ਚ ਰਹਿ ਕੇ ਚੱਲ। ਕੀ ਹੋਏਗਾ? -

ਧੰਨਿ ਧੰਨਿ ਕਹੈ ਸਭੁ ਕੋਇ ॥
ਮੁਖ ਊਜਲ ਹਰਿ ਦਰਗਹ ਸੋਇ ॥ ਅੰਗ - ੨੮੩

ਸਭ ਦੁਨੀਆਂ ਧੰਨ-ਧੰਨ ਕਹੇਗੀ, ਐਥੇ ਵੀ ਧੰਨ-ਧੰਨ ਹੋਏਗੀ, ਦਰਗਾਹ ਵਿਚ ਵੀ ਧੰਨ-ਧੰਨ ਹੋਏਗੀ।

ਰੇ ਰੇ ਦਰਗਹ ਕਹੈ ਨ ਕੋਊ ॥
ਆਉ ਬੈਠੁ ਆਦਰੁ ਸੁਭ ਦੇਊ ॥ ਅੰਗ - ੨੫੨

ਸਭ ਆਦਰ ਕਰਨਗੇ ਦਰਗਾਹ ਦੇ ਅੰਦਰ। ਮਾਣ ਕਰਨਗੇ -

ਸਾਧਸੰਗਿ ਧਰਮ ਰਾਇ ਕਰੇ ਸੇਵਾ ॥
ਅੰਗ - ੨੭੧

ਦੇਵਤਿਆਂ ਦੇ ਮੰਡਲਾਂ ਵਿਚ ਵੀ ਸੋਭਾ ਹੋਏਗੀ। ਤੂੰ ਸਾਧੂ ਦੀ ਸੰਗਤ 'ਚ ਜਾ ਕੇ ਨਾਮ ਦਾ ਧਨ ਇਕੱਠਾ ਕਰ। ਕਿਉਂਕਿ ਨਾਮ ਦਾ ਜੋ ਧਨ ਇਕੱਠਾ ਕਰਿਆ ਹੋਇਆ, ਉਹ ਦਰਗਾਹ ਦਾ ਸਾਥੀ ਹੋਣਾ ਹੈ ਤੇਰੇ ਨਾਲ ਜਾਣਾ ਹੈ। ਸੋ ਇਸ ਕਰਕੇ-

ਧੰਨਿ ਧੰਨਿ ਕਹੈ ਸਭੁ ਕੋਇ ॥
ਮੁਖ ਊਜਲ ਹਰਿ ਦਰਗਹ ਸੋਇ ॥ ਅੰਗ - ੨੮੩

ਉਜਲਾ ਮੂੰਹ ਹੋ ਜਾਏਗਾ, ਕਲੰਕ ਨਹੀਂ ਲੱਗਿਆ ਹੋਏਗਾ। ਕਿਉਂਕਿ ਬਾਕੀ ਕੰਮ ਤੇਰੇ ਉਤੇ ਦਾਗ ਹੋਣਗੇ। ਦਾਗ ਦੋਸ਼ਾਂ ਦੇ ਮੂੰਹ ਤੇ ਠੱਪੇ ਲਾ ਕੇ ਜਾਏਂਗਾ ਦਰਗਾਹ 'ਚ ਕੀ ਹੋਏਗਾ? ਨਿਰਾਦਰ ਹੋਏਗਾ। ਉਥੇ ਕਿਸੇ ਨੇ ਬੈਠਣ ਵੀ ਨਹੀਂ ਦੇਣਾ, ਪੈਰ ਵੀ ਨਹੀਂ ਧਰਨ ਦੇਣਾ।

ਸੋ ਇਸ ਤਰ੍ਹਾਂ ਦੇ ਨਾਲ ਇਹ ਲੱਦ ਲੈ ਤੂੰ, ਤੇਰਾ ਮਾਣ ਹੋਏਗਾ ਪਰ ਮਹਾਰਾਜ ਕਹਿੰਦੇ -

ਇਹੁ ਵਾਪਾਰੁ ਵਿਰਲਾ ਵਾਪਾਰੈ ॥
ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩

ਇਹ ਤਾਂ ਵਪਾਰ ਕੋਈ ਵਿਰਲੇ-ਵਿਰਲੇ ਵਪਾਰੀ ਕਰਦੇ ਨੇ, ਸਾਰਿਆਂ ਨੂੰ ਨਹੀਂ ਇਸ ਗੱਲ ਦਾ ਪਤਾ ਚਲਦਾ। ਕਿਉਂਕਿ ਪਤਾ ਹੀ ਨਹੀਂ ਕਿ ਨਾਮ ਐਡਾ ਕੀਮਤੀ ਸਾਡੇ ਅੰਦਰ ਰੱਖਿਆ ਹੋਇਆ, ਬਾਹਰ ਨੱਠੇ ਫਿਰਦੇ ਨੇ -

ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟਨਾਲੇ ॥
ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ ॥
ਨਾਮੁ ਨਿਧਾਨੁ ਹਰਿ ਵਣਜੀਐ ਹੀਰੇ ਪਰਵਾਲੇ ॥
ਵਿਣੁ ਕਾਇਆ ਜਿ ਹੋਰ ਥੈ ਧਨੁ
ਖੋਜਦੇ ਸੇ ਮੂੜ ਬੇਤਾਲੇ ॥ ਅੰਗ - ੩੦੯

ਕਹਿੰਦੇ, ਮੂੜ੍ਹ ਨੇ, ਕਮਲੇ ਬੇਤਾਲੇ ਨੇ। ਤਾਲ ਤੋਂ ਖੁੰਝੇ ਹੋਏ ਨੇ। ਮੂੜ੍ਹ ਹੋਰ ਥਾਂ ਦੇ ਉਤੇ ਧਨ ਖੋਜਦੇ ਨੇ। ਧਨ ਤਾਂ ਤੇਰੇ ਅੰਦਰ ਪਿਆ ਹੈ ਪ੍ਰੇਮੀਆ -

ਸੇ ਉਝੜਿ ਭਰਮਿ ਭਵਾਈਅਹਿ
ਜਿਉ ਝਾੜ ਮਿਰਗੁ ਭਾਲੇ ॥ ਅੰਗ - ੩੦੯

ਕਹਿੰਦੇ ਉਜਾੜਾਂ 'ਚ ਭਰਮਦਾ ਫਿਰਦਾ ਹੈ। ਅਸਲੀ ਚੀਜ਼ ਨਹੀਂ ਵਿਹਾਜਦਾ, ਵਿਹੁ ਇਕੱਠੀ ਕਰੀ ਜਾਂਦਾ ਹੈ।

ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ
ਮਨਮੁਖਾ ਸਾਦੁ ਨ ਪਾਇਆ ॥
ਜਿਉ ਕਸਤੂਰੀ ਮਿਰਗੁ ਨ ਜਾਣੈ
ਭ੍ਰਮਦਾ ਭਰਮਿ ਭੁਲਾਇਆ ॥
ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ
ਕਰਤੈ ਆਪਿ ਖੁਆਇਆ ॥ ਅੰਗ - ੬੪੪

ਅੰਮ੍ਰਿਤ ਨੂੰ ਛੱਡ ਕੇ ਵਿਹੁ ਇਕੱਠੀ ਕਰ ਰਿਹਾ ਹੈ ਅੰਦਰੋਂ। ਜਦੋਂ ਹਰਨ ਦੀ ਨਾਭੀ ਦੇ ਅੰਦਰ ਕਸਤੂਰ ਪ੍ਰਗਟ ਹੋ ਜਾਂਦੀ ਹੈ, ਉਹਨੂੰ ਸੁਗੰਧੀ ਆਉਂਦੀ ਹੈ। ਉਸ ਵੇਲੇ ਇਹ ਝਾੜਾਂ 'ਚ ਮੂੰਹ ਦੇ-ਦੇ ਕੇ ਸੁੰਘਦਾ ਹੈ, ਸ਼ਿਕਾਰੀ ਨੂੰ ਪਤਾ ਲਗ ਜਾਂਦਾ ਹੈ। ਉਹ ਸ਼ਿਕਾਰੀ ਉਸਨੂੰ ਫੜ ਕੇ, ਕਸਤੂਰੀ ਕੱਢ ਲੈਂਦਾ ਹੈ ਤੇ ਕੱਢਦਾ ਵੀ ਬਹੁਤ ਦੁਖੀ ਕਰਕੇ ਹੈ। ਭੁੱਖਾ ਮਾਰ ਦਿੰਦਾ, ਸਕੈਲਟਨ ਬਣਾ ਦਿੰਦਾ ਹੈ ਕਿਉਂਕਿ ਜਿੰਨਾ ਭੁੱਖਾ ਮਰੇਗਾ ਓਨੀ ਸੁਗੰਧੀ ਉਹਦੇ ਵਿਚ ਜ਼ਿਆਦਾ ਆਉਂਦੀ ਹੈ। ਸੋ ਸੁਗੰਧੀਆਂ ਪਾਪ ਤੋਂ ਬਗੈਰ ਨਹੀਂ ਆਉਂਦੀਆਂ ਇਸੇ ਕਰਕੇ ਮਹਾਰਾਜ ਨੇ ਕਿਹਾ ਹੈ ਜਿਹੜੀਆਂ ਵਾਸ਼ਨਾਵਾਂ ਹਨ ਸਬਦ, ਸਪਰਸ, ਰੂਪ, ਰਸ, ਗੰਧ; ਗੰਧ ਵਾਲਾ ਮਾਮਲਾ ਇਹ ਵੀ ਖਤਰਨਾਕ ਹੈ ਭਾਈ। ਸੋ ਉਹ ਫੇਰ ਮਾਰਿਆ ਜਾਂਦਾ ਹੈ। ਐਸੇ ਤਰ੍ਹਾਂ ਦੇ ਨਾਲ ਆਦਮੀ ਦੇ ਅੰਦਰ ਅੰਮ੍ਰਿਤ ਦਾ ਖਜ਼ਾਨਾ ਭਰਿਆ ਪਿਆ ਹੈ, ਸੁਖ ਪਿਆ ਹੈ। ਲੇਕਿਨ ਸਮਝਦਾ ਨਹੀਂ ਹੈ ਕਿ ਹੈ ਕਿੱਥੇ। ਇਹਦੇ ਅੰਦਰ ਕੀ ਚੀਜ਼ਾਂ ਨੇ, ਕਿਸ ਤਰ੍ਹਾਂ ਦੇ ਨਾਲ ਮੈਨੂੰ ਪਤਾ ਲਗ ਸਕਦਾ ਹੈ। ਸੋ ਆਪ ਫੁਰਮਾਉਂਦੇ ਨੇ ਕਿ -

ਕਾਇਆ ਕੰਚਨ ਕੋਟੁ ਅਪਾਰਾ ॥
ਜਿਸੁ ਵਿਚਿ ਰਵਿਆ ਸਬਦੁ ਅਪਾਰਾ ॥
ਅੰਗ - ੧੦੫੯

ਉਹ ਸ਼ਬਦ ਜੋ ਵਾਹਿਗੁਰੂ ਜੀ ਨੇ ਆਦਿ ਦੇ ਵਿਚ ਜੋ ਪ੍ਰਗਟ ਹੋਇਆ ਹੈ, ਜਿਹਨੂੰ ਓਅੰਕਾਰ ਕਹਿੰਦੇ ਨੇ, ਜੋ ਵਾਹਿਗੁਰੂ ਦਾ ਹੀ ਆਪਣਾ ਸਰੂਪ ਹੈ ਸ਼ਬਦ। ਉਹ ਕਹਿੰਦੇ ਏਸ ਕਾਇਆ ਦੇ ਵਿਚ ਹੈ।

ਗੁਰਮੁਖਿ ਗਾਵੈ ਸਦਾ ਗੁਣ ਸਾਚੇ
ਮਿਲਿ ਪ੍ਰੀਤਮ ਸੁਖੁ ਪਾਇਦਾ ॥ ੩ ॥
ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥

(ਬਾਕੀ ਪੰਨਾ 60 ਤੇ)

ਸਮੁੱਚੀ ਅਰੋਗਤਾ ਲਈ ਪਥ-ਪਰਦਰਸ਼ਕ
(Practical Guide to Holistic Health))

ਮੂਲ ਲੇਖਕ - ਡਾ. ਸਵਾਮੀ ਰਾਮ ਜੀ
ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ

ਅਧਿਆਇ 5

ਸ਼ਾਂਤ ਹੋਣਾ

ਸਰੀਰ ਦੀ ਸੰਭਾਲ ਕਰਨ ਤੋਂ ਬਾਅਦ ਹੀ ਤੁਸੀਂ ਅੰਦਰ ਦੀ ਯਾਤਰਾ ਸ਼ੁਰੂ ਕਰ ਸਕਦੇ ਹੋ। ਸਰੀਰ ਦੇ ਅੰਦਰ ਦੀ ਪੂਰੀ ਸਫਾਈ, ਪੋਸ਼ਟਿਕ ਆਹਾਰ, ਵਿਆਮ, ਇਹ ਸਭ ਚੰਗੀ ਸਿਹਤ ਦਾ ਮੁੱਢ ਹਨ। ਇਸ ਮੁੱਢ ਨੂੰ ਸ਼ਾਂਤ ਕਰਨਾ ਹੀ ਹੈ। ਇਹ ਬਹੁਤ ਹੀ ਅਵੱਸ਼ਕ ਹੈ, ਜੇ ਤੁਸੀਂ ਨਿਯਮਬੱਧ ਹੋ ਕੇ ਇਸਨੂੰ ਦੇਖੋਗੇ, ਕਰੋਗੇ ਇਹ ਬਹੁਤ ਔਖਾ ਨਹੀਂ ਹੈ। ਜੇ ਤੁਸੀਂ ਇਕ ਵਾਰੀ ਸਰੀਰ ਨੂੰ ਤਿਆਰ ਕਰ ਲਿਆ ਫੇਰ ਇਹ ਅਵੱਸ਼ਕ ਹੈ ਕਿ ਤੁਸੀਂ ਕਿ ਤੁਸੀਂ ਸ਼ਾਂਤ ਹੋ ਕੇ ਬੈਠਣਾ ਸਿੱਖੋ। ਜੇ ਤੁਸੀਂ ਚੰਗੇ ਤੋਂ ਚੰਗੀ ਖੁਰਾਕ ਵੀ ਖਾਓ ਪਰ ਤੁਹਾਨੂੰ ਇਹ ਨਹੀਂ ਪਤਾ ਕਿ ਮਨ ਨੂੰ ਕਿਵੇਂ ਸ਼ਾਂਤ ਕਰਨਾ ਹੈ ਤਾਂ ਮਨ ਤੁਹਾਡੇ ਕਾਬੂ ਆਏਗਾ ਹੀ ਨਹੀਂ ਜੇ ਤੁਸੀਂ ਸਭ ਤੋਂ ਵਧੀਆ ਸਪੋਰਟਕਾਰ ਖਰੀਦਦੇ ਹੋ, ਪਰ ਚਲਾਂਦੇ ਤੁਸੀਂ ਉਸਨੂੰ ਬੜੀ ਬੁਰੀ ਤਰ੍ਹਾਂ ਹੋ ਉਸ ਦੀ ਪ੍ਰਵਾਹ ਹੀ ਨਹੀਂ ਕਰਦੇ, ਛੇਤੀ ਹੀ ਉਹ ਖਰਾਬ ਹੋ ਜਾਵੇਗੀ, ਇਹੋ ਹਾਲ ਮਨੁੱਖ ਦੇ ਸਰੀਰ ਦਾ ਹੈ। ਰਿਸ਼ਟ ਪੁਸ਼ਟ ਸਰੀਰ ਦਾ ਮਨ ਜੇਕਰ ਸ਼ਾਂਤ ਨਹੀਂ ਹੋਵੇਗਾ, ਮਨ ਅਸ਼ਾਂਤ ਹੋਵੇਗੀ ਪਰੇਸ਼ਾਨ ਹੋਵੇਗਾ, ਉਸ ਨਾਲ ਸਰੀਰ ਅਵੱਸ਼ ਹੀ ਬੇਅਰਾਮ ਹੋਵੇਗਾ, ਸੁਆਸਥ ਠੀਕ ਨਹੀਂ ਰਹੇਗਾ। ਤੁਹਾਨੂੰ ਮਨ ਤੇ ਸਰੀਰ ਦਾ ਏਕੀਰਣ ਕਰਨਾ ਚਾਹੀਦਾ ਹੈ, ਕਿਉਂਕਿ ਸਰੀਰ ਤੇ ਮਨ ਦਾ ਸਬੰਧ ਐਨਾ ਨੇੜੇ ਦਾ ਹੈ, ਇਹ ਇਕ ਦੂਸਰੇ ਨਾਲ ਜੁੜੇ ਹੋਏ ਹਨ, ਜੇ ਸਰੀਰ ਨੂੰ ਕੁਝ ਹੋਵੇ ਮਨ ਅਸ਼ਾਂਤ ਹੋ ਜਾਂਦਾ ਹੈ। ਜੇਕਰ ਸਰੀਰ ਨੂੰ ਕੋਈ ਤਕਲੀਫ ਹੈ ਕੋਈ ਬਿਮਾਰੀ ਹੈ, ਦਰਦ ਹੈ ਤਾਂ ਮਨ ਵੀ ਸ਼ਾਂਤ ਨਹੀਂ ਰਹਿ ਸਕਦਾ। ਇਸੇ ਤਰ੍ਹਾਂ ਜੇਕਰ ਬੇਚੈਨ ਮਨ ਅਸ਼ਾਂਤ ਮਨ ਸਰੀਰ ਨੂੰ ਤਣਾਓ ਦੇ ਦੇਵੇਗਾ ਨਾੜੀਆਂ ਨੂੰ ਅਕੜਾਅ ਦੇਵੇਗਾ, ਸਾਰੇ ਸਰੀਰ ਦਾ ਨਾੜੀ ਤੰਤੂ ਤਣਾਓ ਵਿਚ ਆ ਜਾਵੇਗਾ।

ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਆਮ ਤੌਰ ਤੇ ਮਨ ਹੀ ਸਰੀਰ ਨੂੰ ਚਲਾਉਂਦਾ ਹੈ, ਪਹਿਲਾਂ ਮਨ ਤੁਰਦਾ ਹੈ ਪਹਿਲੇ ਗੱਲ ਮਨ ਵਿਚ ਆਉਂਦੀ ਹੈ, ਫੇਰ ਸਰੀਰ ਉਸ ਦੇ ਅਨੁਸਾਰ ਚਲਦਾ ਹੈ। ਤੁਹਾਡਾ ਸਰੀਰ ਕੀ ਕਰਦਾ ਹੈ ਇਹ ਪੂਰੀ ਤਰ੍ਹਾਂ ਨਾਲ ਤੁਹਾਡੇ ਮਨ ਤੇ ਨਿਰਭਰ ਹੈ। ਇਹ ਕਰਕੇ ਦੇਖੋ, ਬਿਨਾਂ ਸੋਚੇ ਆਪਣੀ ਬਾਂਹ ਨੂੰ ਉਪਰ ਚੁੱਕ ਕੇ ਦੇਖੋ, ਤੁਸੀਂ ਨਹੀਂ ਕਰ ਸਕੋਗੇ ਬਾਂਹ ਉਪਰ ਚੁੱਕਣ ਲਈ ਪਹਿਲਾਂ ਸੋਚਣਾ ਪਵੇਗਾ, ਬਾਂਹ ਚੁੱਕੋ ਤਾਂ ਹੀ ਇਹ ਸੁਨੇਹਾ ਨਾੜੀਆਂ ਰਾਹੀਂ ਦਿਮਾਗ ਤੋਂ ਬਾਂਹ ਨੂੰ ਜਾਏਗਾ। ਬਾਂਹ ਬਿਲਕੁਲ ਵੀ ਨਹੀਂ ਹਿੱਲੇਗੀ ਜਦੋਂ ਤੱਕ ਦਿਮਾਗ ਉਸਨੂੰ ਹੁਕਮ ਨਹੀਂ ਦਿੰਦਾ।

ਜਿਵੇਂ ਮਨ ਸਰੀਰ ਨੂੰ ਸੁਨੇਹੇ ਭੇਜਦਾ ਰਹਿੰਦਾ ਹੈ ਉਸੇ ਤਰ੍ਹਾਂ ਸਰੀਰ ਵੀ ਮਨ ਨੂੰ ਸੁਨੇਹੇ ਭੇਜਦਾ ਹੈ ਇਹ ਕੁਰਸੀ ਸਖਤ ਹੈ, ਇਸ ਤਰ੍ਹਾਂ ਬੈਠਣ ਨਾਲ ਪਿੱਠ ਵਿਚ ਦਰਦ ਹੁੰਦੀ ਹੈ, ਹੋਰ ਕਈ ਤਰ੍ਹਾਂ ਦੇ ਇਹੋ ਜਿਹੇ ਸੁਨੇਹੇ। ਜਦੋਂ ਮਨ ਨੂੰ ਇਹੋ ਜਿਹੇ ਸੁਨੇਹੇ ਮਿਲਦੇ ਰਹਿੰਦੇ ਹਨ ਮਨ ਗਤੀਸ਼ੀਲ ਹੋ ਜਾਂਦਾ ਹੈ, ਅਸ਼ਾਂਤ ਹੋ ਜਾਂਦਾ ਹੈ, ਸਭ ਕੁਝ ਇਕੱਠਾ ਕਰਦਿਆਂ ਸਭ ਕੁਝ ਖਿੰਡ ਜਾਂਦਾ ਹੈ, ਇਸ ਤਰ੍ਹਾਂ ਨਾਲ ਉਹ ਸ਼ਾਂਤ ਨਹੀਂ ਰਹਿ ਸਕਦਾ।

ਇਸ ਕਰਕੇ ਸ਼ਾਂਤ ਰਹਿਣ ਲਈ ਸਭ ਤੋਂ ਪਹਿਲਾਂ ਤੁਹਾਨੂੰ ਸਰੀਰ ਨੂੰ ਸ਼ਾਂਤ ਕਰਨਾ ਪਵੇਗਾ। ਸਰੀਰ ਨੂੰ ਸ਼ਾਂਤ ਕਰਨ ਲਈ ਤੁਹਾਨੂੰ ਬੈਠਣ ਦੀ ਕਲਾ ਸਿੱਖਣੀ ਪਵੇਗੀ। ਤੁਹਾਨੂੰ ਇਕ ਸਥਿਰ, ਆਰਾਮਦਾਇਕ ਬੈਠਣ ਦਾ ਤਰੀਕਾ ਦੇਖਣਾ ਪਵੇਗਾ, ਜਿਸ ਨਾਲ ਤੁਹਾਡਾ ਧਿਆਨ ਸਰੀਰ ਤੋਂ ਹਟ ਕੇ ਕੇਵਲ ਮਨ ਵਲ ਹੀ ਰਹੇ, ਜੇ ਤੁਹਾਡਾ ਸਰੀਰ ਸਥਿਰ ਨਹੀਂ, ਸ਼ਾਂਤ ਨਹੀਂ ਮਨ ਸ਼ਾਂਤ ਹੋ ਹੀ ਨਹੀਂ ਸਕਦਾ, ਜੇ ਤੁਸੀਂ ਸਰੀਰ ਨੂੰ ਬੇਆਰਾਮ ਵਾਲੇ ਤਰੀਕੇ ਨਾਲ ਰੱਖੋਗੇ ਤਾਂ ਘੜੀ-ਘੜੀ ਤੁਹਾਡਾ ਧਿਆਨ ਸਰੀਰ ਵਲ ਹੀ ਜਾਏਗਾ। ਇਸੇ ਤਰ੍ਹਾਂ ਜੇ ਇਕ ਹਫਤੇ ਤੱਕ ਤੁਸੀਂ ਇਕ ਤਰ੍ਹਾਂ ਬੈਠਦੇ ਰਹੇ ਫੇਰ ਦੂਸਰੇ ਹਫਤੇ ਤੁਸੀਂ ਦੂਸਰੇ ਤਰੀਕੇ ਨਾਲ ਬੈਠੋਗੇ ਤਾਂ ਤੁਹਾਡੀ ਮਨੋਬਿਰਤੀ ਹੀ ਬਦਲ ਜਾਏਗੀ, ਇਸ ਕਰਕੇ ਉਸ ਆਸਨ ਵਿਚ ਹੀ ਬੈਠਣਾ ਅਵੱਸ਼ਕ ਹੈ ਜਿਸ ਵਿਚ ਤੁਸੀਂ ਸ਼ਾਂਤ ਰਹਿ ਸਕੋ ਸਥਿਰ ਰਹਿ ਸਕੋ।

ਬਾਈਬਲ ਵਿਚ ਵੀ ਸਥਿਰ ਰਹਿਣ, ਸ਼ਾਂਤ ਰਹਿਣ ਦੀ ਵਿਸ਼ੇਸ਼ਤਾ ਦੱਸੀ ਗਈ ਹੈ, ਸਥਿਰ ਹੋ ਜਾਓ, ਸੋਚੋ ਮੈਂ ਪ੍ਰਮਾਤਮਾ ਹਾਂ, (Pslam 46:10) ਜੇ ਤੁਸੀਂ ਇਹ ਸਿੱਖ ਲਵੋ ਤਾਂ ਪ੍ਰਮਾਤਮਾ ਆਪਣੇ ਆਪ ਪ੍ਰਗਟ ਹੋ ਜਾਵੇਗਾ ਪਰ ਬਿਨਾਂ ਸ਼ਾਂਤ ਹੋਇਆਂ, ਬਿਨਾਂ ਸਥਿਰ ਹੋਇਆਂ ਪ੍ਰਮਾਤਮਾ ਦਾ ਪ੍ਰਗਟ ਹੋਣਾ ਸੰਭਵ ਹੀ ਨਹੀਂ। ਸੋ ਸਭ ਤੋਂ ਪਹਿਲਾਂ ਤੁਸੀਂ ਸਾਰੀ ਚੇਤਨਾ ਸ਼ਕਤੀ ਸਾਰੀ ਸਵੈ ਇੱਛਾ ਸਥਿਰ ਹੋਣ ਸਰੀਰ ਨੂੰ ਸ਼ਾਂਤ ਕਰਨ ਲਈ ਲਾਉਣੀ ਹੋਵੇਗੀ। ਜੇ ਤੁਸੀਂ ਇਕ ਵਾਰੀ ਇਹ ਸਿੱਖ ਲਵੋਗੇ ਕੋਈ ਸਮੱਸਿਆ ਨਹੀਂ ਆਏਗੀ, ਪਹਿਲੇ ਪਹਿਲ ਤਾਂ ਇਸ ਦਾ ਭਾਵ ਹੋਵੇਗਾ ਬਿਲਕੁਲ ਨਹੀਂ ਹਿੱਲਣਾ। ਬਾਅਦ ਵਿਚ ਜਦੋਂ ਤੁਸੀਂ ਸਥਿਰ ਹੋ ਜਾਓਗੇ, ਸ਼ਾਂਤ ਹੋ ਜਾਓਗੇ, ਤੁਸੀਂ ਸਰੀਰ ਨੂੰ ਤਾਂ ਹਿਲਾ ਜੁਲਾ ਲਵੋਗੇ, ਸੰਸਾਰ ਵਿਚ ਵਿਚਰੋਗੇ, ਇਹ ਸਭ ਕੁਝ ਕਰਕੇ ਵੀ ਤੁਸੀਂ ਸਾਂਤ ਰਹੋਗੇ ਸਥਿਰ ਰਹੋਗੇ, ਸ਼ਾਂਤੀ, ਸਥਿਰਤਾ, ਇਕਾਗਰ ਮਨ ਇਕ ਬਿੰਦੂ ਤੇ ਟਿਕਿਆ ਮਨ ਇਹ ਸਭ ਇਕ ਹੀ ਗੱਲ ਹੈ ਜਦੋਂ ਇਹ ਆ ਜਾਂਦਾ ਹੈ ਇਸ ਦੀ ਪ੍ਰਾਪਤੀ ਹੋ ਜਾਂਦੀ ਹੈ, ਤੁਸੀਂ ਹਰ

ਸਮੇਂ ਹੀ ਇਸ ਅਵਸਥਾ ਵਿਚ ਰਹਿ ਸਕਦੇ ਹੋ। ਵਾਸਤਵ ਵਿਚ ਸੱਚੀ ਸਥਿਰਤਾ ਤੋਂ ਇਹ ਭਾਵ ਨਹੀਂ ਕਿ ਤੁਸੀਂ ਬਿਲਕੁਲ ਹਿਲੋ ਜੁਲੋ ਹੀ ਨਹੀਂ, ਇਸ ਤੋਂ ਭਾਵ ਹੈ ਸਮਾਚਿਤ ਹੋਣਾ, ਆਪਣੇ ਕਾਰਜ ਜ਼ਿੰਮੇਵਾਰੀ ਨਾਲ ਕਰਨੇ, ਆਪਣੀ ਡੀਉਟੀ ਬਿਨ੍ਹਾਂ ਕਿਸੇ ਉਚੇਚ ਤੋਂ ਕਰਨੀ, ਬਾਹਰੀ ਤਣਾਓ, ਦਬਾਓ ਤੋਂ ਬਿਨਾਂ ਕੰਮ ਕਰ ਸਕਣਾ।

ਇਸ ਉਦੇਸ਼ ਤੇ ਪਹੁੰਚਣ ਲਈ ਸਭ ਤੋਂ ਪਹਿਲਾਂ ਲੋੜ ਹੈ ਸਵੈ ਅਨੁਸਾਸ਼ਨ ਦੀ। ਜਾਨਵਰਾਂ ਦੀ ਸਾਰੀ ਕ੍ਰਿਆ ਕੁਦਰਤ ਵਲੋਂ ਨਿਯਮਤ ਹੈ, ਪਰ ਮਨੁੱਖਾਂ ਨਾਲ ਇਸ ਤਰ੍ਹਾਂ ਨਹੀਂ ਹੈ, ਮਨੁੱਖਾਂ ਦੀ ਕ੍ਰਿਆ ਤਾਂ ਉਨ੍ਹਾਂ ਦੀਆਂ ਇਛਾਵਾਂ ਅਨੁਸਾਰ ਹੈ, ਇਛਾਵਾਂ ਨੂੰ ਕਾਬੂ ਤਾਂ ਕੇਵਲ ਸਵੈ ਅਨੁਸਾਸ਼ਨ ਨਾਲ ਹੀ ਕੀਤਾ ਜਾ ਸਕਦਾ ਹੈ।

ਬਹੁਤ ਸਾਰੇ ਲੋਕ ਅਨੁਸਾਸ਼ਨ ਸ਼ਬਦ ਤੋਂ ਡਰਦੇ ਹਨ, ਸਮਝਣ ਵਾਲੀ ਗੱਲ ਤਾਂ ਇਹ ਹੈ ਜਦੋਂ ਅਨੁਸਾਸ਼ਨ ਬਾਹਰੋਂ ਲਾਗੂ ਕੀਤਾ ਜਾਵੇ, ਤਾਂ ਉਸ ਤੋਂ ਭੈ ਲਗਦਾ ਹੈ। ਸਵੈ ਅਨੁਸਾਸ਼ਨ ਸਰੀਰ ਨੂੰ ਅਰੋਗ ਰੱਖ ਕੇ ਨਾਲ ਨਰੋਆ ਮਨ ਹੈ, ਅਨੁਸਾਸ਼ਨ ਤੋਂ ਭਾਵ ਹੈ ਆਦਤਾਂ ਨੂੰ ਨਿਯਮਤ ਕਰਨਾ, ਆਦਤਾਂ ਹੀ ਮਨੁੱਖ ਦੇ ਆਚਰਣ ਦਾ ਮੁੱਢ ਹਨ। ਤੁਸੀਂ ਸਾਰਾ ਜੀਵਨ ਵਿਅਕਤੀਤਵ ਨਾਲ ਇਕ ਹੋਣ ਵਿਚ ਲਾ ਦਿੰਦੇ ਹਾਂ, ਆਪਣੇ ਆਚਰਣ ਨੂੰ ਪਛਾਨਣ ਵਿਚ ਲਗਾ ਦਿੰਦੇ ਹਾਂ। ਪਰ ਤੁਹਾਡਾ ਆਚਰਣ ਬਣਾਇਆ ਕਿਸ ਨੇ ਹੈ? ਰੱਬ ਨੇ? ਕੁਦਰਤ ਨੇ? ਨਹੀਂ ਤੁਹਾਡੀਆਂ ਆਪਣੀਆਂ ਆਦਤਾਂ ਨੇ ਹੀ ਤੁਹਾਡਾ ਆਚਰਣ ਬਣਾਇਆ ਹੈ ਉਨ੍ਹਾਂ ਦੀ ਬਨਾਵਟ ਹੀ ਤੁਹਾਡਾ ਵਿਅਕਤੀਤ੍ਵ ਹੈ ਤੁਹਾਡਾ ਆਦਤਾਂ ਦਾ ਮੁੱਢ ਤੁਹਾਡੀ ਪ੍ਰੇਰਣਾ ਹੈ। ਤੁਸੀਂ ਚਾਹੋ ਤਾਂ ਆਪਣੀਆਂ ਆਦਤਾਂ ਬਦਲ ਸਕਦੇ ਹੋ, ਚਾਹੋ ਤਾਂ ਉਨ੍ਹਾਂ ਨੂੰ ਪੱਕਾ ਕਰ ਸਕਦੇ ਹੋ।

ਜੇ ਤੁਸੀਂ ਬਦਲਣਾ ਚਾਹੁੰਦੇ ਹੋ, ਇਹ ਜਾਨਣਾ ਚਾਹੁੰਦੇ ਹੋ ਆਦਤਾਂ ਕਿਵੇਂ ਬਣਦੀਆਂ ਹਨ, ਤੁਸੀਂ ਜਾਣ ਜਾਓਗੇ ਕਿ ਬੜੇ ਹੀ ਸੌਖੇ ਅਭਿਆਸ ਹਨ, ਸਮੇਂ ਨਾਲ, ਇਨ੍ਹਾਂ ਅਸੂਲਾਂ ਨਾਲ ਤੁਸੀਂ ਆਪਣੇ ਅੰਦਰ ਬਦਲਾਵ ਲਿਆ ਸਕਦੇ ਹੋ ਜਿਸਨੂੰ ਪੁਰਾਤਨ ਗ੍ਰੰਥਾਂ ਵਿਚ 'ਸਮਿਆਮ' (Samyama) ਕਿਹਾ ਗਿਆ ਹੈ ਤੁਸੀਂ ਆਪਣਾ ਚਿਹਰਾ ਨਹੀਂ ਬਦਲ ਸਕਦੇ, ਆਪਣਾ ਬਾਹਰੀ ਰੂਪ ਨਹੀਂ ਬਦਲ ਸਕਦੇ ਪਰ ਤੁਸੀਂ ਆਪਣਾ ਅੰਤਰ ਪੁਰੀ ਤਰ੍ਹਾਂ ਨਾਲ ਪਰਿਵਰਤਨ ਕਰ ਸਕਦੇ ਹੋ। ਅੱਜ ਤੁਸੀਂ ਆਪਣੇ ਆਪ ਨੂੰ ਨਖੇਦ ਸਕਦੇ ਹੋ ਆਪਣੇ ਲਈ ਬੁਰਾ ਮਹਿਸੂਸ ਕਰ ਸਕਦੇ ਹੋ ਕਿਉਂਕਿ ਤੁਹਾਡੀਆਂ ਆਦਤਾਂ ਮਾੜੀਆਂ ਹਨ ਪਰ ਕੱਲ ਤੁਸੀਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਾਲ ਪਰਿਵਰਤਨ ਕਰਕੇ ਆਪਣਾ ਅੰਤਰ ਖੋਜ ਕੇ, ਰਚਨਾਤਮਕ ਹੋ ਸਕਦੇ ਹੋ, ਖੁਸ਼ ਹੋ ਸਕਦੇ ਹੋ, ਸਤਿ ਖੋਜ ਸਕਦੇ ਹੋ।

ਸਵੈ ਅਨੁਸਾਸ਼ਨ ਕੇਵਲ ਤੇ ਕੇਵਲ ਤੁਹਾਡੇ ਚੇਤਨ ਮਨ ਦੇ ਹੁਕਮ ਨਾਲ ਹੋ ਸਕਦਾ ਹੈ, ਚੇਤਨ ਮਨ ਤੁਹਾਡੀ ਇੱਛਾ ਨੂੰ ਹੁਕਮ ਕਰੇ। ਇੱਛਾ ਇਕ ਬਹੁਤ ਹੀ ਸ਼ਕਤੀਸ਼ਾਲ ਯੰਤਰ ਹੈ, ਜਿਹੜਾ ਤੁਹਾਨੂੰ ਸਫਲਤਾ ਦੇ ਸਕਦਾ ਹੈ, ਇੱਛਾ ਸ਼ਕਤੀ ਕੇਵਲ ਇਕਾਗਰਤਾ ਨਾਲ ਹੀ ਬਣਾਈ ਜਾ ਸਕਦੀ ਹੈ, ਇਕ ਬਿੰਦੂ ਤੇ ਇਕਾਗਰ ਹੋ ਕੇ। ਮਨ ਦੀ ਪੂਰਨਤਾ ਨੂੰ ਕੰਟਰੋਲ ਕਰਨਾ, ਕੋਈ ਸੌਖਾ ਨਹੀਂ, ਮਨ ਬਹੁਤ ਹੀ ਵਿਸ਼ਾਲ ਹੈ, ਵਾਸਤਵ ਵਿਚ ਪੁਰਾਤਨ ਗ੍ਰੰਥ ਦਸਦੇ ਹਨ ਸਭ ਤੋਂ ਵਿਸ਼ਾਲ ਜੇ ਕੁਛ ਹੈ ਉਹ ਹੈ ਮਨ। ਤਾਂ ਇਕ ਚੀਜ਼ ਹੈ ਜਿਹੜੀ ਮਨ ਤੋਂ ਵੱਧ ਵਿਸ਼ਾਲ ਹੈ, ਉਹ ਹੈ ਚੈਤਨਾ ਬਿੰਦੂ। ਮਨ ਦਾ ਉਹ ਹਿੱਸਾ ਜਿਹੜਾ ਤੁਸੀਂ ਰੋਜ਼ ਵਰਤਦੇ ਹੋ, ਉਸ ਨੂੰ ਸੌਖਾ ਹੀ ਕੰਟਰੋਲ ਕੀਤਾ ਜਾ ਸਕਦਾ ਹੈ, ਜੇ ਤੁਸੀਂ ਨਿਯਮਬੱਧ ਤਰੀਕਾ ਵਰਤ ਲਵੋ।

ਸਭ ਤੋਂ ਪਹਿਲੀ ਗੱਲ ਹੈ ਨਿਯਮਬੱਧ ਹੋਣਾ, ਲਗਾਤਾਰ ਅਭਿਆਸ ਕਰਨਾ, ਇਸ ਤਰ੍ਹਾਂ ਕਰਨ ਲਈ ਤੁਹਾਨੂੰ ਚੁੱਪ ਕਰਕੇ ਬੈਠਣਾ ਪਵੇਗਾ, ਦਿਨ ਵਿਚ ਇਕ ਵਾਰੀ ਜਾਂ ਦੋ ਵਾਰੀ, ਸ਼ਾਂਤ ਹੋਣ ਲਈ ਸਥਿਰ ਹੋਣ ਲਈ ਤੁਹਾਨੂੰ ਆਰਾਮ ਦੇਹ ਆਸਨ, ਬੈਠਣ ਦਾ ਤਰੀਕਾ ਦੇਖਣਾ ਪਵੇਗਾ, ਧਰਤੀ ਤੇ ਹੋ ਸਕਦਾ ਹੈ ਕੁਰਸੀ ਤੇ ਵੀ ਹੋ ਸਕਦਾ ਹੈ। ਸਥਿਰਤਾ ਲਈ ਸਿਰ, ਗਰਦਨ, ਪਿੱਠ ਇਹ ਸਭ ਕੁਝ ਇਕੋ ਲਾਈਨ ਵਿਚ ਸਿੱਧਾ ਰੱਖਣਾ ਹੁੰਦਾ ਹੈ ਪਹਿਲੇ ਕੁਝ ਦਿਨ ਔਖਾ ਲੱਗੇਗਾ ਥੋੜ੍ਹੀ ਬੇਅਰਾਮੀ ਲੱਗੇਗੀ, ਪਰ ਹੌਲੀ-ਹੌਲੀ ਥੋੜ੍ਹਾ-ਥੋੜ੍ਹਾ ਅਭਿਆਸ ਕਰਦਿਆਂ, ਤੁਸੀਂ ਸਥਿਰ ਹੋ ਕੇ ਆਰਾਮ ਨਾਲ ਬੈਠਣ ਲਗ ਪਵੋਗੇ। ਇਥੇ ਇਹ ਚੇਤਾਵਨੀ ਦੇਣੀ ਬਹੁਤ ਅਵਸ਼ਕ ਹੈ ਕਿ ਪਹਿਲੇ ਪਹਿਲੇ ਬਹੁਤ ਦੇਰ ਤੱਕ ਨਹੀਂ ਬੈਠਣਾ ਚਾਹੀਦਾ, ਪਹਿਲੇ ਪਹਿਲ ਦਿਨ ਵਿਚ ਦੋ ਵਾਰੀ, ਪੰਜ, ਪੰਜ ਮਿੰਟ ਲਈ ਬੈਠਣਾ ਕਾਫੀ ਹੋਵੇਗਾ, ਬਜਾਏ ਇਸ ਦੇ ਕਿ ਤੁਸੀਂ ਹਫਤੇ ਵਿਚ ਇਕ ਵਾਰੀ ਇਕ ਘੰਟੇ ਲਈ ਬੈਠੋ।

ਆਰਾਮਦੇਹ ਆਸਨ ਵਿਚ ਬੈਠਣ ਲਈ ਬਹੁਤ ਵਾਰੀ ਲੋਕ ਔਖਾ ਆਸਨ ਚੁਣ ਲੈਂਦੇ ਹਨ ਖਾਸ ਕਰਕੇ ਜਿਨ੍ਹਾਂ ਨੇ ਪੂਰਬੀ ਸ਼ਾਸਤਰ ਪੜ੍ਹੇ ਹੋਏ, ਪੂਰਬ ਤੋਂ ਹੋਣ ਜਿਵੇਂ ਕਿ 'ਪਦਮ ਆਸਨ' (Lotus pose) ਸਿੱਧ ਆਸਨ (accomplished pose) ਹੁੰਦਾ ਇਹ ਹੈ ਕਿ ਪਹਿਲਾਂ ਉਨ੍ਹਾਂ ਨੇ ਆਪਣਾ ਸਰੀਰ ਇਨ੍ਹਾਂ ਲਈ ਤਿਆਰ ਨਹੀਂ ਕੀਤਾ ਹੁੰਦਾ, ਸਰੀਰ ਲਚਕਦਾਰ ਨਹੀਂ ਬਣਾਇਆ ਹੁੰਦਾ। ਬਹੁਤ ਵਾਰੀ ਇਹ ਆਸਨ ਕਰਦਿਆਂ ਗੋਡੇ ਵਿਚ ਮੋਚ ਆ ਜਾਂਦੀ ਹੈ ਜਾਂ ਦਰਦ ਹੋਣ ਲਗ ਪੈਂਦੀ ਹੈ, ਬੇਆਰਾਮੀ ਹੁੰਦੀ ਹੈ ਜਾਂ ਫੇਰ ਕਿਤੇ ਸੱਟ ਲਗ ਜਾਂਦੀ ਹੈ। ਉਸ ਨਾਲ ਫੇਰ ਤੁਸੀਂ ਬੈਠ ਨਹੀਂ ਸਕਦੇ ਤੁਹਾਡਾ ਧਿਆਨ ਉਸ ਪਾਸੇ ਹੀ ਜਾਏਗਾ, ਤੁਸੀਂ ਸਥਿਰ ਨਹੀਂ ਹੋ ਸਕੋਗੇ, ਸ਼ਾਂਤ ਨਹੀਂ ਹੋ ਸਕੋਗੇ। ਸੋ ਇਸ ਤਰ੍ਹਾਂ ਨਾਲ ਕਰਨ ਨਾਲੋਂ ਚੰਗਾ ਤਾਂ ਇਹ ਹੈ ਕਿ ਤੁਸੀਂ ਉਸ ਤਰ੍ਹਾਂ ਬੈਠੋ ਜਿਸ ਨਾਲ ਸੌਖੀ ਤਰ੍ਹਾਂ ਆਰਾਮ ਨਾਲ ਬੈਠ ਸਕੋ ਸਿੱਧੇ ਬੈਠ ਸਕੋ।

ਆਰਾਮ ਦੇ ਆਸਨ ਵਿਚ ਬੈਠ ਕੇ ਤੁਸੀਂ ਸਥਿਰ ਹੋ ਸਕਦੇ ਹੋ, ਇਸ ਗੱਲ ਦਾ ਧਿਆਨ ਰਹੇ ਕਿ ਸਿਰ, ਗਰਦਨ ਪਿੱਠ ਬਿਲਕੁਲ ਸਿੱਧੀ ਰਹੇ, ਜੇ ਤੁਸੀਂ ਝੁਕ ਕੇ ਬੈਠਦੇ ਹੋ, ਪਾਸੇ ਨੂੰ ਜਾਂ ਅੱਗੇ ਨੂੰ ਹੋ ਕੇ ਬੈਠਦੇ ਹੋ, ਤਾਂ ਤੁਹਾਡੀ ਰੀੜ੍ਹ ਦੀ ਹੱਡੀ ਪੂਰੀ ਤਰ੍ਹਾਂ ਨਾਲ ਸਿੱਧੀ ਨਹੀਂ ਰਹਿ ਸਕਦੀ, ਉਸ ਨਾਲ ਫੇਰ ਰੀੜ ਦੇ ਅੰਦਰ ਦੀਆਂ ਨਾੜੀਆਂ ਜਿਸਨੂੰ cen-

tral canal ਕਹਿੰਦੇ ਹਨ ਉਹ ਪੂਰੀ ਤਰ੍ਹਾਂ ਨਾਲ ਕੰਮ ਨਹੀਂ ਕਰ ਸਕੇਗੀ ਨਾ ਹੀ ਉਸ ਦੇ ਸੱਜੇ ਖੱਬੇ ਵਾਲੀਆਂ Sympathetic ਤੇ Parasympathetiec ਨਾੜਾਂ ਠੀਕ ਕੰਮ ਕਰ ਸਕਣਗੀਆਂ। ਜਦੋਂ ਸਰੀਰ ਸਥਿਰ ਹੋਵੇ ਤੁਹਾਨੂੰ ਤਣਾਓ ਵਿਚ ਨਹੀਂ ਹੋਣਾ ਚਾਹੀਦਾ ਜਦੋਂ ਤੁਸੀਂ ਕੋਈ ਵੀ ਖਿਚਾਓ ਤਣਾਓ ਰੱਖੋਗੇ ਉਹ ਤੁਹਾਡੀ ਨਾੜੀ ਤੰਤੂ ਵਿਚ ਪ੍ਰਗਟ ਹੋ ਜਾਏ ਤੇ ਨਾਲ ਹੀ ਤੁਹਾਡੇ ਪੱਠਿਆਂ ਵਿਚ ਆ ਜਾਏਗਾ। ਤੁਹਾਡੇ ਸਰੀਰ ਦਾ ਸਾਰਾ ਢਾਂਚਾ, ਜਿਸ ਤਰ੍ਹਾਂ ਤੁਸੀਂ ਬੈਠਦੇ ਹੋ, ਇਹ ਸਭ ਕੁਛ ਹੀ ਸਥਿਰ ਹੋਣਾ ਚਾਹੀਦਾ ਹੈ।

ਇਕ ਆਸਨ ਵਿਚ ਰੋਜ਼ ਇਕ ਸਮੇਂ ਬੈਠਣਾ ਬਹੁਤ ਜ਼ਰੂਰੀ ਹੈ, ਤੁਹਾਨੂੰ ਉਸੇ ਆਸਨ ਵਿਚ ਬੈਠਣਾ ਚਾਹੀਦਾ ਹੈ ਜਿਹੜਾ ਆਰਮ ਦੇਹ ਹੋਵੇ, ਜਿਸ ਨਾਲ ਤੁਸੀਂ ਸਥਿਰ ਹੋ ਕੇ ਬੈਠ ਸਕਦੇ ਹੋਵੋ। ਇਕ ਆਸਨ ਜਿਹੜਾ ਨਹੀਂ ਵਰਤਣਾ ਚਾਹੀਦਾ ਹੈ ਉਹ ਹੈ ਸ਼ਵ ਆਸਨ Corpse pose ਇਸ ਵਿਚ ਤੁਸੀਂ ਲੇਟ ਕੇ ਆਪਣੇ ਹੱਥ ਦੋਨੋਂ ਪਾਸੇ ਰੱਖ ਕੇ ਪੈਰ ਥੋੜ੍ਹੀ ਦੂਰੀ ਤੇ ਰੱਖ ਕੇ, ਜਦੋਂ ਸ੍ਵਾਸ ਲੈਂਦੇ ਹੋ ਇਹ ਬਹੁਤ ਹੀ ਆਰਾਮ ਦੇਹ ਹੁੰਦਾ ਹੈ ਸਰੀਰ ਨਿਸਲ ਹੋ ਜਾਂਦਾ ਹੈ ਪਰ ਇਹ ਬਹੁਤਾ ਟਿਕਵਾਂ ਨਹੀਂ ਮੰਨਿਆ ਜਾਂਦਾ। ਹਾਂ ਇਸ ਆਸਨ ਨਾਲ ਤੁਸੀਂ ਸਰੀਰਕ ਤਣਾਓ ਜ਼ਰੂਰ ਠੀਕ ਕਰ ਸਕਦੇ ਹੋ।

ਸਰੀਰ ਦੇ ਤਣਾਓ ਤੋਂ ਛੁਟਕਾਰਾ ਪਾਉਣਾ ਬਹੁਤ ਹੀ ਅਵਸ਼ਕ ਹੈ, ਕਿਉਂਕਿ ਪੱਠਿਆਂ ਦਾ ਅਕੜਾਅ ਸਰੀਰ ਉਤੇ ਬਹੁਤ ਹੀ ਭੈੜਾ ਅਸਰ ਕਰਦੇ ਹਨ ਇਸ ਨਾਲ ਹਿਰਦੇ ਤੇ ਅਸਰ ਪੈਂਦਾ ਹੈ, ਦਿਮਾਗ ਤੇ ਅਸਰ ਪੈਂਦਾ ਹੈ ਜਿਗਰ ਤੇ ਸਾਰੀ ਪਾਚਨ ਸ਼ਕਤੀ ਤੇ ਅਸਰ ਪੈਂਦਾ ਹੈ। ਤਣਾਓ ਤੋਂ ਛੁਟਕਾਰਾ ਪਾਉਣ ਲਈ ਸਿੱਧੇ ਪਿੱਠ ਭਾਰ ਲੇਟ ਜਾਓ ਲੱਤਾਂ ਥੋੜ੍ਹੀਆਂ ਦੂਰ-ਦੂਰ ਰੱਖੋ, ਹੱਥ ਦੋਨੋਂ ਪੇਟ ਉਤੇ ਰੱਖੋ, ਜੇ ਜ਼ਮੀਨ ਤੇ ਲੇਟੋ ਤਾਂ ਹਲਕਾ ਜਿਹਾ ਸਰ੍ਹਾਣਾ ਜ਼ਰੂਰ ਲੈ ਲਓ। ਫੇਰ ਹੌਲੀ-ਹੌਲੀ ਸਾਰੇ ਸਰੀਰ ਦਾ ਨਰੀਖਣ ਕਰੋ, ਸਿਰ ਤੋਂ ਲੈ ਕੈ ਪੈਰਾਂ ਤੱਕ, ਦੇਖੋ ਸਰੀਰ ਕਿੱਥੇ-ਕਿੱਥੋਂ ਆਕੜਿਆ ਹੋਇਆ ਹੈ, ਫੇਰ ਮਨ ਨਾਲ ਉਸ ਤਣਾਓ ਨੂੰ ਖਤਮ ਕਰੋ। ਇਕ ਵਾਰੀ ਜਦੋਂ ਤੁਸੀਂ ਆਪਣੇ ਮਨ ਦੀ ਸਮਰੱਥਾ ਨੂੰ ਸਮਝ ਜਾਓਗੇ, ਫੇਰ ਤੁਸੀਂ ਬੜੀ ਚੰਗੀ ਤਰ੍ਹਾਂ ਇਹ ਕਰ ਸਕੋਗੇ।

ਇਹ ਬਹੁਤ ਅਵੱਸ਼ਕ ਹੈ ਕਿ ਤੁਸੀਂ ਆਪਣੇ ਆਪ ਨੂੰ ਸੁਝਾਅ ਨਾ ਦਿਓ, ਬਲਕਿ ਆਪਣੇ ਸ੍ਵਾਸਾਂ ਦੇ ਅੰਦਰ ਜਾਣ ਤੇ ਬਾਹਰ ਆਉਣ ਤੇ ਧਿਆਨ ਲਗਾਓ diphragmatic breathing ਕਰੋ, ਹੌਲੀ-ਹੌਲੀ ਆਰਾਮ ਨਾਲ ਸ੍ਵਾਸ ਲਵੋ, ਲੰਮੇ ਤੇ ਡੂੰਘੇ ਸ੍ਵਾਸ ਲਵੋ, ਆਪਣੀ ਸਮਰੱਥਾ ਅਨੁਸਾਰ ਲਵੋ। ਸਰੀਰ ਨੂੰ ਨਿਸਲ ਕਰੋ, ਸ੍ਵਾਸਾਂ ਦਾ ਪ੍ਰਵਾਹ ਸ਼ਾਂਤ ਕਰੋ, ਡੂੰਘਾ ਕਰੋ, ਇਸ ਨਾਲ ਤੁਹਾਡਾ ਨਾੜੀ ਤੰਤਰ ਨਿਸਲ ਹੋਵੇਗਾ, ਪੱਠਿਆਂ ਵਿਚੋਂ ਵੀ ਅਕੜਾਅ ਖਤਮ ਹੋ ਜਾਵੇਗਾ ਜਿਹੜੇ ਸਵੈ ਚਾਲਕ ਹਨ। ਇਹ ਅਭਿਆਸ ਦਸ ਮਿੰਟ ਤੋਂ ਵੱਧ ਨਹੀਂ ਕਰਨਾ ਚਾਹੀਦਾ। ਨਹੀਂ ਤਾਂ ਤੁਹਾਨੂੰ ਨੀਂਦ ਆ ਜਾਵੇਗੀ ਪੰਜ ਮਿੰਟ ਬਾਅਦ, ਤੁਹਾਨੂੰ ਆਪਣੇ ਸਰੀਰ ਨੂੰ ਅਕੜਾਅ ਲੈਣਾ ਚਾਹੀਦਾ ਹੈ ਤਾਂ ਜੋ ਤੁਸੀਂ ਸੌਂ ਨਾ ਜਾਓ ਫੇਰ ਸਰੀਰ ਨੂੰ ਚੰਗੀ ਤਰ੍ਹਾਂ ਨਾਲ ਦੇਖੋ, ਸ੍ਵਾਸਾਂ ਨੂੰ ਦੇਖੋ, ਡੂੰਘੇ ਸ੍ਵਾਸ ਹੌਲੀ ਲਵੋ।

ਇਹ ਅਭਿਆਸ ਕਰਕੇ, ਤੁਹਾਨੂੰ ਬਹੁਤ ਲਾਭ ਹੋਣਗੇ, ਬਲੱਡ ਪਰੈਸ਼ਰ ਠੀਕ ਰਹੇਗਾ, ਹਿਰਦਾ, ਜਿਗਰ, ਪਾਚਨ ਸ਼ਕਤੀ, ਸਭ ਚੰਗੀ ਤਰ੍ਹਾਂ ਨਾਲ ਕੰਮ ਕਰਨਗੇ, ਤੁਹਾਡਾ ਦਬਾਓ ਤਣਾਓ ਘਟੇਗਾ ਤੁਹਾਡੀ ਸ਼ਕਤੀ ਵਧੇਗੀ। corpse posture ਕਰਕੇ, ਡੂੰਘੇ ਸ੍ਵਾਸ ਲੈ ਕੇ ਤੁਹਾਡੀ ਆਯੂ ਵੀ ਵਧੇਗੀ ਤੁਸੀਂ ਵਧੇਰੇ ਸੁਅਸਥ ਵੀ ਰਹੋਗੇ।

ਇਹ ਚੇਤਾਵਨੀ ਦਿਤੀ ਜਾਂਦੀ ਹੈ ਕਿ ਨਿਯਮਬੱਧ ਹੋਣਾ ਬਹੁਤ ਜ਼ਰੂਰੀ ਹੈ, ਰੋਜ਼ ਅਭਿਆਸ ਕਰਨਾ ਅਤਿ ਅਵੱਸ਼ਕ ਹੈ। ਸਭ ਤੋਂ ਉਤਮ ਸਮਾਂ ਹੈ ਸਵੇਰ ਦਾ ਸਮਾਂ ਜਾਂ ਫੇਰ ਸ਼ਾਮ ਦਾ ਸਮਾਂ, ਵੈਸੇ ਤੁਸੀਂ ਕਿਸੇ ਵੀ ਸਮੇਂ ਕਰ ਸਕਦੇ ਹੋ, ਜਿਹੜਾ ਤੁਸੀਂ ਠੀਕ ਸਮਝੋ, ਜਦੋਂ ਤੁਹਾਨੂੰ ਵਿਹਲ ਹੋਵੇ ਤੁਹਾਨੂੰ ਕਿਸੇ ਕਿਸਮ ਦੀ ਰੁਕਾਵਟ ਨਾ ਆਵੇ। ਆਪਣੀਆਂ ਆਦਤਾਂ ਨੂੰ ਨਿਮਯਬੱਧ ਕਰਨਾ ਬਹੁਤ ਹੀ ਅਵੱਸ਼ਕ ਹੈ, ਇਸ ਲਈ ਪੂਰੀ ਤਰ੍ਹਾਂ ਨਾਲ ਇਕਾਗਰ ਹੋ ਕੇ ਇਕੋ ਸਮੇਂ ਤੇ ਕੰਮ ਕਰਨਾ ਬਹੁਤ ਹੀ ਅਵੱਸ਼ਕ ਹੈ, ਪੂਰਣ ਲਾਭ ਤਾਂ ਹੀ ਪ੍ਰਾਪਤ ਕਰ ਸਕਦੇ ਹੋ, ਬੁਰੀਆਂ ਆਦਤਾਂ ਤਾਂ ਹੀ ਛੁਟ ਸਕਦੀਆਂ ਹਨ, ਉਨ੍ਹਾਂ ਦਾ ਦਬਾਅ ਤਾਂ ਹੀ ਘਟ ਸਕਦਾ ਹੈ ਜਿਹੜਾ ਸਰੀਰ ਬੁਰੀਆਂ ਆਦਤਾਂ ਦੇ ਪ੍ਰਭਾਵ ਥੱਲੇ ਰਹੇਗਾ ਉਹ ਸਦਾ ਹੀ ਅਸਵਸਥ ਰਹੇਗਾ।

ਦੂਸਰੀ ਗੱਲ ਜਿਹੜੀ ਧਿਆਨ ਯੋਗ ਹੈ ਸਥਿਰ ਹੋਣਾ, ਸਥਿਰ ਹੋਣ ਲਈ ਤੁਹਾਨੂੰ ਆਪਣੇ ਆਪ ਨਾਲ ਧੀਰਜ ਰੱਖਣਾ ਪਵੇਗਾ। ਮੰਨੋ ਕਿ ਤੁਸੀਂ ਸ਼ਾਂਤ ਹੋ ਕੇ ਬੈਠਣਾ ਚਾਹੁੰਦੇ ਹੋ ਪਰ ਜੇ ਤੁਸੀਂ ਕਦੀ ਸਿਖਿਆ ਹੀ ਨਹੀਂ, ਤੁਸੀਂ ਦੋ ਮਿੰਟ ਬੈਠੋਗੇ ਫੇਰ ਤੁਹਾਡਾ ਮਨ ਐਧਰ ਓਧਰ ਜਾਣ ਲਗ ਪਵੇਗਾ ਫੇਰ ਤੁਸੀਂ ਪਾਸਾ ਬਦਲਦੇ ਹੋ, ਫੇਰ ਸ਼ਾਂਤ ਹੋ ਕੇ ਬੈਠਣ ਦੀ ਕੋਸ਼ਿਸ਼ ਕਰਦੇ ਹੋ, ਫੇਰ ਪਾਸਾ ਬਦਲਦੇ ਹੋ, ਤੁਸੀਂ ਇਸ ਤਰ੍ਹਾਂ ਹੀ ਕਰਦੇ ਜਾ ਰਹੇ ਹੋ। ਇਕ ਗੱਲ ਯਾਦ ਰੱਖੋ ਅਸਫਲਤਾ, ਸਫਲਤਾ ਦਾ ਥੰਮ ਹੈ, ਪਰ ਇਹ ਇਥੇ ਦੱਸ ਦੇਣਾ ਜ਼ਰੂਰੀ ਹੈ ਕਿ ਇਹ ਉਦੋਂ ਹੀ ਹੋ ਸਕਦਾ ਹੈ ਜਦੋਂ ਤੁਸੀਂ ਅਸਫਲਤਾ ਤੋਂ ਸਿੱਖੋ ਉਸ ਤੋਂ ਇਹ ਜਾਣੋ ਕਿ ਕਿਸ ਕਰਕੇ ਤੁਹਾਡੀ ਅਸਫਲਤਾ ਹੋਈ ਤਾਂ ਜੋ ਤੁਸੀਂ ਉਸ ਗੱਲ ਨੂੰ ਦੁਬਾਰਾ ਨਾ ਕਰੋ। ਤੁਹਾਨੂੰ ਆਪਣੀ ਸਮਰਥਾ ਜਾਣ ਲੈਣੀ ਚਾਹੀਦੀ ਹੈ ਉਸ ਦੇ ਅਨੁਸਾਰ ਹੀ ਹੌਲੀ-ਹੌਲੀ ਚਲਣਾ ਚਾਹੀਦਾ ਹੈ। ਪਹਿਲੇ ਦਿਨ ਦੋ ਮਿੰਟ ਕਾਫੀ ਹਨ। ਪੁਰਾਤਨ ਗ੍ਰੰਥਾਂ ਵਿਚ ਲਿਖਿਆ ਹੈ ਜੇ ਤੁਸੀਂ ਸਥਿਰ ਹੋ ਕੇ ਸਿੱਧੇ, ਆਰਾਮ ਨਾਲ ਇਕਾਗਰ ਹੋ ਕੇ ਦੱਸ ਮਿੰਟ ਬੈਠ ਜਾਓ ਤਾਂ ਤੁਹਾਡੀ ਸਮਾਧੀ ਲਗ ਜਾਂਦੀ ਹੈ। ਸਭ ਤੋਂ ਚੰਗਾ ਕਿ ਹੌਲੀ-ਹੌਲੀ ਤੁਸੀਂ ਆਪਣਾ ਸਮਾਂ ਵਧਾਉਂਦੇ ਜਾਓ ਆਪਣੀ ਸਮਰਥਾ ਵਧਾਉਂਦੇ ਜਾਓ, ਆਪਣਾ ਧੀਰਜ ਵਧਾਓ, ਆਪਣੇ ਆਪ ਨੂੰ ਸਮਾਂ ਦਿਓ।

ਧੀਰਜ ਬਹੁਤ ਹੀ ਵੱਡਾ ਗੁਣ ਹੈ, ਪਰ ਇਸ ਤੋਂ ਕੀ ਭਾਵ ਹੈ? ਧੀਰਜ ਤੋਂ ਭਾਵ ਸੁਸਤ ਹੋਣਾ ਨਹੀਂ, ਨਾ ਹੀ ਇਹ

ਹੈ ਕਿ ਤੁਸੀਂ ਕੋਈ ਜਤਨ ਹੀ ਨਾ ਕਰੋ, ਨਾ ਹੀ ਇਸ ਦਾ ਇਹ ਭਾਵ ਹੈ ਕਿ ਤੁਸੀਂ ਕੋਈ ਪਲੈਨ ਹੀ ਨਾ ਬਣਾਓ, ਕੁਝ ਸੋਚੋ ਹੀ ਨਾ, ਸੰਤੋਖੀ ਹੋਣ ਤੋਂ ਭਾਵ ਹੈ ਪ੍ਰੇਖਣ ਕਰਨਾ। ਇਕ ਵਾਰੀ ਜਦੋਂ ਦੇਖਣ ਲਗ ਪੈਂਦੇ ਹੋ ਘੋਖਣ ਲਗ ਪੈਂਦੇ ਹੋ ਫੇਰ ਤੁਸੀਂ ਆਪਣੇ ਆਪ ਨੂੰ ਨਖੇਖਦੇ ਨਹੀਂ, ਆਪਣੀਆਂ ਸਮੱਸਿਆਵਾਂ ਲਈ ਆਪਣੀ ਸੋਚਣੀ ਲਈ, ਸੋਚਣ ਦੇ ਤਰੀਕੇ ਲਈ ਆਪਣੇ ਆਪ ਨੂੰ ਦੋਸ਼ੀ ਨਹੀਂ ਠਹਿਰਾਉਂਦੇ। ਧੀਰਜੀ ਹੋਣ ਤੋਂ ਭਾਵ ਹੈ ਕਿ ਤੁਸੀਂ ਨਦੀ ਦੇ ਕੰਢੇ ਖੜ੍ਹੇ ਹੋ, ਜੀਵਨ ਰੂਪੀ ਨਦੀ ਆਪਣੇ ਜਹਾਜ਼ ਦੇ ਮੁੜ ਕੇ ਆਉਣ ਦੀ ਉਡੀਕ ਕਰ ਰਹੇ ਹੋ। ਜੀਵਨ ਦਾ ਪ੍ਰਵਾਹ ਚਲ ਰਿਹਾ ਹੈ ਜੋ ਇਕ ਵਾਰੀ ਹੋ ਜਾਂਦਾ ਹੈ, ਤੁਸੀਂ ਉਸਨੂੰ ਦਹੁਰਾਉਂਦੇ ਨਹੀਂ ਦੁਬਾਰਾ ਕਰਦੇ ਨਹੀਂ, ਜਿਹੜਾ ਅਜੇ ਆਉਣਾ ਹੈ, ਤੁਸੀਂ ਕਰਨਾ ਹੈ ਉਹ ਅਜੇ ਤੁਸੀਂ ਦੇਖ ਨਹੀਂ ਸਕਦੇ। ਤੁਸੀਂ ਬੜੇ ਸੰਤੋਖ ਨਾਲ ਆਪਣੇ ਕੀਤੇ ਦੇ ਫਲ ਦੀ ਇੰਤਜ਼ਾਰ ਕਰ ਰਹੇ ਹੋ, ਜੋ ਤੁਸੀਂ ਕਰ ਚੁੱਕੇ ਹੋ ਉਸ ਤੋਂ ਤੁਸੀਂ ਸੰਤੁਸ਼ਟ ਹੋ, ਤੁਸੀਂ ਆਪਣੀ ਸਮਰੱਥਾ ਅਨੁਸਾਰ ਬਹੁਤ ਹੀ ਵਧੀਆ ਕੀਤਾ ਹੈ, ਜੋ ਫੈਸਲੇ ਤੁਸੀਂ ਲਏ ਹਨ ਉਹ ਬਿਲਕੁਲ ਠੀਕ ਤੇ ਢੁਕਵੇਂ ਲਏ ਹਨ ਉਹ ਫੈਸਲੇ ਤੁਹਾਡੇ ਭਵਿੱਖ ਲਈ ਲਾਭਕਾਰੀ ਸਾਬਤ ਹੋਣਗੇ।

ਸੋ ਤੁਹਾਨੂੰ ਜੀਵਨ ਵਿਚ ਸੰਤੋਖੀ ਹੋਣਾ ਚਾਹੀਦਾ ਹੈ, ਧੀਰਜ ਰੱਖਣਾ ਚਾਹੀਦਾ ਹੈ। ਤੁਹਾਨੂੰ ਆਪਣੇ ਬਾਰੇ ਜੋ ਪਤਾ ਹੈ ਜੋ ਕੁਝ ਵੀ ਤੁਸੀਂ ਆਪਣੇ ਬਾਰੇ ਜਾਣਦੇ ਹੋ ਉਹ ਹੋਰ ਕੋਈ ਨਹੀਂ ਜਾਣਦਾ। ਤੁਹਾਡੇ ਵਿਅਕਤਿਤਵ ਦਾ ਉਹ ਭਾਗ ਜਿਹੜਾ ਕੋਈ ਨਹੀਂ ਜਾਣਦਾ ਜਿਹੜਾ ਕਦੀ ਦੂਸਰਿਆਂ ਨੇ ਦੇਖਿਆ ਹੀ ਨਹੀਂ ਤੁਸੀਂ ਉਹ ਜਾਣਦੇ ਹੋ, ਕਿਉਂਕਿ ਤੁਸੀਂ ਤਾਂ ਸਦਾ ਹੀ ਉਸ ਦੇ ਨਾਲ ਰਹਿੰਦੇ ਹੋ, ਤੁਸੀਂ ਜਾਣਦੇ ਹੋ ਉਹ ਹਿੱਸਾ ਕੋਈ ਬਹੁਤ ਸੋਹਾਵਣਾ ਨਹੀਂ ਹੈ। ਬਹੁਤ ਸਾਰੇ ਲੋਕ ਆਪਣੇ ਆਪ ਨੂੰ ਉਸ ਕੋਹਝੇ ਭਾਗ ਨਾਲ ਮੇਲ ਲੈਂਦੇ ਹਨ, ਅਭੇਦ ਕਰ ਲੈਂਦੇ ਹਨ ਅਤੇ ਆਪਣੇ ਆਪ ਨੂੰ ਨਖੇਦਣ ਲਗ ਪੈਂਦੇ ਨੇ। ਇਕ ਦਿਨ ਉਹ ਕੁਝ ਕਰ ਦੇਣਗੇ, ਦੂਸਰੇ ਦਿਨ ਉਸ ਲਈ ਆਪਣੇ ਆਪ ਨੂੰ ਨਖੇਦਣ ਲਗ ਪੈਣਗੇ। ਜੇ ਲੋਕ ਉਨ੍ਹਾਂ ਦੀ ਪ੍ਰਸੰਸਾ ਨਾ ਕਰਣ ਜੇ ਸੰਸਾਰ ਉਨ੍ਹਾਂ ਦੀ ਵਡਿਆਈ ਨਾ ਕਰੇ ਉਹ ਆਪਣੇ ਆਪ ਨੂੰ ਦੋਸ਼ੀ ਦੱਸਣ ਲਗ ਪੈਂਦੇ ਹਨ। ਉਹ ਆਪਣੇ ਅੰਦਰ ਦੀ ਸ਼ਕਤੀ ਨੂੰ ਜਾਣਦੇ ਹੀ ਨਹੀਂ ਉਨ੍ਹਾਂ ਨੂੰ ਚਾਹੀਦਾ ਹੈ ਉਹ ਆਪਣੇ ਗੁਣਾਂ ਨੂੰ ਪਛਾਨਣ ਉਸ ਚੀਜ਼ ਨੂੰ ਪਛਾਨਣ ਜਿਹੜੀ ਉਨ੍ਹਾਂ ਨੂੰ ਅੱਗੇ ਲੈ ਜਾ ਰਹੀ ਹੈ ਜਿਹੜੀ ਉਨ੍ਹਾਂ ਦੀ ਸਹਾਇਤਾ ਕਰ ਰਹੀ ਹੈ, ਉਸ ਨੂੰ ਵਡਿਆਉਣ ਉਸ ਦੀ ਪ੍ਰਸੰਸਾ ਕਰਨ। ਭਾਵੇਂ ਉਹ ਆਪਣੇ ਆਪ ਨੂੰ ਕਿੰਨਾਂ ਹੀ ਨਖੇਦਣ, ਕਿੰਨਾ ਹੀ ਬੁਰਾ ਕਹਿਣ, ਆਪਣੇ ਆਪ ਲਈ ਬੁਰਾ ਸੋਚਣ, ਭਾਵੇਂ ਸਾਰੇ ਹੀ ਉਨ੍ਹਾਂ ਲਈ ਕਿੰਨਾ ਮਾੜਾ ਕਿਉਂ ਨਾ ਕਹਿਣ, ਫੇਰ ਵੀ ਉਨ੍ਹਾਂ ਦੇ ਅੰਦਰ ਜ਼ਰੂਰ ਕੋਈ ਚੰਗੇ ਗੁਣ ਹੋਣਗੇ, ਜਿਹੜੇ ਉਨ੍ਹਾਂ ਦੇ ਹੀ ਖਾਸ ਹੋਣਗੇ ਜਿਹੜੇ ਉਨ੍ਹਾਂ ਨੂੰ ਦੂਸਰਿਆਂ ਨਾਲੋਂ ਵੱਖ ਕਰਦੇ ਹੋਣਗੇ। ਉਨ੍ਹਾਂ ਨੂੰ ਚਾਹੀਦਾ ਹੈ ਉਨ੍ਹਾਂ ਗੁਣਾਂ ਨੂੰ ਵਡਿਆਉਣ ਉਹ ਪਾਸੇ ਨੂੰ ਅੱਗੇ ਰੱਖਣ।

ਜੇਕਰ ਪਹਿਲੀ ਪਉੜੀ ਸਥਿਰ ਹੋਣਾ ਹੈ, ਸ਼ਾਂਤ ਹੋਣਾ ਹੈ, ਰੋਜ਼ ਸ਼ਾਂਤ ਹੋ ਕੇ ਬੈਠਣਾ ਹੈ, ਇਹ ਆਦਤ ਬਣਾਉਣੀ ਹੈ। ਦੂਸਰੀ ਪਉੜੀ ਆਪਣੇ ਆਪ ਨਾਲ ਧੀਰਜ ਰੱਖਣਾ ਹੈ, ਆਪਣੇ ਆਪ ਨਾਲ ਕਾਹਲੇ ਨਹੀਂ ਪੈਣਾ ਇਹ ਨਹੀਂ ਕਹਿਣਾ ਮੈਂ ਕੋਈ ਤਰੱਕੀ ਨਹੀਂ ਕਰ ਰਿਹਾ ਮੇਰੇ ਕੋਲੋਂ ਕੁਝ ਹੋ ਨਹੀਂ ਰਿਹਾ। ਤੀਸਰੀ ਪਉੜੀ ਲਗਾਤਾਰ ਪ੍ਰੇਖਣ ਕਰਨਾ, ਹਰ ਸਮੇਂ ਆਪਣੇ ਆਪ ਨੂੰ ਜਾਂਚੋ ਦੇਖੋ। ਤੁਹਾਨੂੰ ਆਪਣੀ ਸਮਰੱਥਾ ਪਤਾ ਹੋਣੀ ਚਾਹੀਦੀ ਹੈ। ਭਾਵੇਂ ਤੁਸੀਂ ਬੈਠਣ ਦਾ ਅਭਿਆਸ ਕਰਨਾ ਚਾਹੋਗੇ, ਹੋ ਸਕਦਾ ਹੈ ਸ਼ੁਰੂ-ਸ਼ੁਰੂ ਤੇ ਤੁਹਾਡਾ ਮਨ ਕਹੇ, ਮੈਂ ਇਹ ਕੀ ਕਰ ਰਿਹਾ ਹਾਂ? ਇਹ ਤਾਂ ਕੋਈ ਗੱਲ ਬਣਦੀ ਨਹੀਂ ਇਹ ਤਾਂ ਐਵੇਂ ਹੀ ਹੈ ਸਾਡੇ ਤਾਂ ਕੋਈ ਐਸ ਤਰ੍ਹਾਂ ਕਰਦਾ ਹੀ ਨਹੀਂ, ਮੈਂ ਕਿਉਂ ਇਸ ਤਰ੍ਹਾਂ ਸਥਿਰ ਤੇ ਸ਼ਾਂਤ ਬੈਠਾ ਹਾਂ? ਇਹ ਤਾਂ ਬੇਵਕੂਫੀ ਹੈ, ਮੈਂ ਉਠ ਕੇ ਕੋਕਾ ਕੋਲਾ ਕਿਉਂ ਨਹੀਂ ਪੀਂਦਾ? ਪਰ ਠੀਕ ਗੱਲ ਤਾਂ ਇਹ ਹੀ ਹੈ ਕਿ ਭਾਵੇਂ ਤੁਸੀਂ ਕਿਥੇ ਵੀ ਹੋਵੋ ਕਿਸੇ ਵੀ ਸਭਿਆਚਾਰ ਤੋਂ ਹੋਵੋ ਤੁਹਾਨੂੰ ਸਥਿਰ ਹੋ ਕੇ ਸ਼ਾਂਤ ਬੈਠਣਾ ਸਿਖਣਾ ਹੀ ਚਾਹੀਦਾ ਹੈ। ਇਹ ਤੁਹਾਡੀ ਸਿਹਤ ਲਈ ਬਹੁਤ ਹੀ ਅੱਛਾ ਹੈ।

ਜੇਕਰ ਤੁਸੀਂ ਇਹ ਸਿਧਾਂਤ ਲੈ ਕੇ ਚੱਲੋਗੇ, ਤੁਹਾਡੀਆਂ ਸਮੱਸਿਆਵਾਂ ਖਤਮ ਹੁੰਦੀਆਂ ਜਾਣਗੀਆਂ। ਸ਼ੁਰੂ ਤੋਂ ਹੀ ਤੁਹਾਨੂੰ ਸੋਚਣਾ ਚਾਹੀਦਾ ਹੈ, ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਸਥਿਰ ਹੋਣਾ ਸ਼ਾਂਤ ਹੋਣਾ ਅਤਿ ਅਵੱਸ਼ਕ ਹੈ, ਤੁਸੀਂ ਬਿਨਾਂ ਸਥਿਰ ਹੋਣ ਦੇ ਬਿਨਾਂ ਸ਼ਾਂਤ ਹੋਣ ਦੇ ਮੈਡੀਟੇਸ਼ਨ ਹੋ ਹੀ ਨਹੀਂ ਸਕਦੀ, ਜਦੋਂ ਵੀ ਤੁਸੀਂ ਕਿਸੇ ਚੀਜ਼ ਲਈ ਧਿਆਨ ਦਿਓਗੇ, ਤੁਹਾਨੂੰ ਸਥਿਰ ਹੋਣਾ ਹੀ ਪਵੇਗਾ, ਇਹ ਇਕ ਸਿਧਾਂਤ ਹੈ। ਜੇ ਤੁਸੀਂ ਹਿਲਦੇ ਜੁਲਦੇ ਰਹੋਗੇ ਤੁਸੀਂ ਪੂਰਾ ਧਿਆਨ ਦੇ ਨਹੀਂ ਸਕਦੇ।

ਸਰੀਰ ਨੂੰ ਸਥਿਰ ਕਰਨ ਤੋਂ ਇਹ ਭਾਵ ਨਹੀਂ ਕਿ ਮਨ ਵੀ ਸਥਿਰ ਕਰ ਲਿਆ ਜਾਵੇ। ਜਦੋਂ ਤੁਸੀਂ ਸਰੀਰ ਨੂੰ ਸਥਿਰ ਕਰ ਲੈਂਦੇ ਹੋ ਹੋਰ ਕੁਝ ਵਧੇਰੇ ਗਤੀਸ਼ੀਲ ਹੋ ਜਾਂਦਾ ਹੈ। ਜਦੋਂ ਸਰੀਰ ਨੂੰ ਸਥਿਰ ਕਰਦੇ ਹੋ, ਮਨ ਵਧੇਰੇ ਗਤੀਸ਼ੀਲ ਹੋ ਜਾਂਦਾ ਹੈ, ਅੰਤ ਵਿਚ ਜਦੋਂ ਤੁਸੀਂ ਚੇਤਨ ਮਨ ਨੂੰ ਸ਼ਾਂਤ ਕਰਦੇ ਹੋ, ਤੁਸੀਂ ਦੇਖੋਗੇ, ਗਤੀਸ਼ੀਲ ਹੋ ਜਾਂਦਾ ਹੈ, ਪੁਰਾਣੀਆਂ ਯਾਦਾਂ ਆ ਜਾਂਦੀਆਂ ਹਨ, ਵਿਚਾਰ ਆਉਣ ਲਗ ਪੈਂਦੇ ਹਨ ਭਾਵਨਾਵਾਂ ਜਾਗ ਪੈਂਦੀਆਂ ਹਨ, ਜਿਹੜੀਆਂ ਪਹਿਲੇ ਦਬੀਆਂ ਪਈਆਂ ਸੀ।

ਜਦੋਂ ਤੁਸੀਂ ਮੈਡੀਟੇਸ਼ਨ ਕਰਦੇ ਹੋ, ਤੁਸੀਂ ਸਭ ਤੋਂ ਪਹਿਲਾਂ ਚੇਤਨ ਮਨ ਨਾਲ ਸਬੰਧ ਪੈਦਾ ਕਰਦੇ ਹੋ, ਤੁਹਾਨੂੰ ਮਨ ਤੇ ਸਰੀਰ ਦੇ ਸਬੰਧ ਦੀ ਸਮਝ ਆਉਣ ਲਗ ਪੈਂਦੀ ਹੈ, ਚੇਤਨ ਮਨ ਉਹ ਹੈ ਜਿਹੜਾ ਤੁਸੀਂ ਰੋਜ਼ ਹਰ ਸਮੇਂ ਵਰਤੋਂ ਵਿਚ ਲਿਆਉਂਦੇ ਹੋ। ਇਕ ਖਾਸ ਜਗ੍ਹਾ ਤੇ ਬੈਠ ਕੇ ਖਾਸ ਆਸਨ ਵਿਚ ਬੈਠ ਕੇ, ਸਿਰ, ਗਰਦਨ, ਪਿੱਠ ਨੂੰ ਸਿੱਧੀ ਰੱਖ ਕੇ, ਆਪਣੇ ਵਿਚਾਰਾਂ ਨੂੰ ਦੇਖਣਾ, ਕਿਸ ਤਰ੍ਹਾਂ ਦੇ ਵਿਚਾਰ ਉਭਰ ਕੇ ਆ ਰਹੇ ਹਨ, ਫੇਰ ਤੁਸੀਂ ਹੌਲੀ-ਹੌਲੀ ਚੇਤਨ ਮਨ

ਨੂੰ ਪਕੜ ਵਿਚ ਲਿਆ ਕੇ ਉਸ ਨੂੰ ਸ਼ਾਂਤ ਕਰਦੇ ਹੋ, ਸਰੀਰ ਨੂੰ ਸ਼ਾਂਤ ਕਰਦੇ ਹੋ। ਇਥੇ ਤੁਹਾਨੂੰ ਸਰੀਰ ਵਿਚ ਲਗਦੇ ਝਟਕਿਆਂ ਦਾ ਧਿਆਨ ਰੱਖਣਾ ਚਾਹੀਦਾ ਹੈ, ਪੱਠਿਆਂ ਦੀ ਅਕੜਾਹਟ ਦਾ ਧਿਆਨ ਰੱਖਣਾ ਚਾਹੀਦਾ ਹੈ, ਜਦੋਂ ਕੋਈ ਵੀ ਅਕੜਾਹਟ ਲੱਗੇ ਤੁਹਾਨੂੰ ਉਹ ਖਤਮ ਕਰ ਲੈਣੀ ਚਾਹੀਦੀ ਹੈ। ਬਾਅਦ ਵਿਚ ਜਦੋਂ ਚੇਤਨ ਮਨ ਤੇ ਸਰੀਰ ਆਰਾਮ ਵਿਚ ਆਉਣ ਲਗ ਪੈਂਦੇ ਹਨ, ਅਚੇਤਨ ਮਨ ਗਤੀਸ਼ੀਲ ਹੋ ਜਾਂਦਾ ਹੈ, ਫੇਰ ਉਹ ਸੁਚੇਤਨ ਹੋ ਕੇ ਉਭਰਦਾ ਹੈ।

ਪਹਿਲੇ ਪਹਿਲ ਅਭਿਆਸ ਬਹੁਤ ਨਾ ਕਰੋ, ਜਦੋਂ ਤੁਸੀਂ ਬਹੁਤ ਦੇਰ ਅਭਿਆਸ ਕਰਦੇ ਹੋ ਤਾਂ ਤੁਹਾਡਾ ਅਭਿਲਾਸ਼ੀ ਮਨ ਤੁਹਾਨੂੰ ਦੇਰ ਤੱਕ ਅਭਿਆਸ ਕਰਨ ਲਈ ਕਹਿ ਰਿਹਾ ਹੈ, ਤੁਸੀਂ ਅੱਧਾ ਘੰਟਾ ਹੋਰ ਬੈਠ ਸਕਦੇ ਹੋ, ਇਹ ਤਾਂ ਸਮਾਂ ਬੇਅਰਥ ਗਵਾਉਣ ਵਾਲੀ ਗੱਲ ਹੈ। ਘੜੀ ਦੇਖ ਕੇ ਅਭਿਆਸ ਕਰਨਾ ਦੇਖਣਾ ਕਿੰਨੀ ਦੇਰ ਕਰ ਲਿਆ ਹੈ ਏਨੀ ਦੇਰ ਹੋਰ ਕਰਨਾ ਹੈ ਇਹ ਲਾਭਕਾਰੀ ਨਹੀਂ ਹੈ। ਤੁਹਾਨੂੰ ਇਹ ਦਿਖਾਉਣ ਦੀ ਲੋੜ ਨਹੀਂ ਕਿ ਤੁਸੀਂ ਐਨੀ ਦੇਰ ਬੈਠ ਸਕਦੇ ਹੋ ਐਨੀ ਦੇਰ ਮੈਡੀਟੇਸ਼ਨ ਕਰ ਸਕਦੇ ਹੋ, ਤੁਹਾਨੂੰ ਅੰਦਰੋਂ ਤਸੱਲੀ ਹੋਣੀ ਚਾਹੀਦੀ ਹੈ, ਹੌਲੀ-ਹੌਲੀ ਅਭਿਆਸ ਕਰਦਿਆਂ ਤੁਸੀਂ ਦੇਖੋਗੇ, ਤੁਸੀਂ ਦੇਰ ਤੱਕ ਸਥਿਰ ਹੋ ਕੇ ਬੈਠ ਸਕਦੇ ਹੋ, ਵੈਸੇ ਹੀ ਬੈਠੇ ਰਹਿਣ ਦਾ ਕੋਈ ਫਾਇਦਾ ਨਹੀਂ, ਕੁਛ-ਕੁਛ ਦੇਖਦੇ ਰਹਿਣਾ ਬੈਠੇ ਰਹਿਣਾ, ਉਹ ਕੋਈ ਮੈਡੀਟੇਸ਼ਨ ਨਹੀਂ।

ਜਦੋਂ ਤੁਸੀਂ ਮੈਡੀਟੇਸ਼ਨ ਕਰਨ ਬੈਠਦੇ ਹੋ ਤੁਹਾਡੀ ਯਾਦਦਾਸ਼ਤ ਵਧੇਰੇ ਪ੍ਰਬਲ ਹੋ ਜਾਂਦੀ ਹੈ, ਜੋ ਕੁਝ ਵੀ ਤੁਸੀਂ ਭੂਤਕਾਲ ਵਿਚ ਕੀਤਾ ਹੁੰਦਾ ਹੈ ਤੁਹਾਨੂੰ ਯਾਦ ਆਉਣ ਲਗ ਪੈਂਦਾ ਹੈ ਕਿਸ ਨੇ ਤੁਹਾਡੇ ਨਾਲ ਚੰਗਾ ਕੀਤਾ ਹੈ, ਕਿਸ ਨੇ ਮਾੜਾ ਕੀਤਾ ਹੈ, ਕੌਣ ਤੁਹਾਡਾ ਮਿਤਰ ਰਿਹਾ ਹੈ, ਕੌਣ ਤੁਹਾਡਾ ਦੁਸ਼ਮਨ ਰਿਹਾ ਹੈ। ਕਦੀ-ਕਦੀ ਤਾਂ ਅਚੇਤ ਮਨ ਤੋਂ ਕੋਈ ਇਹੋ ਜਿਹਾ ਅਨੁਭਵ ਸਾਮ੍ਹਣੇ ਆ ਜਾਂਦਾ ਹੈ ਜਿਹੜਾ ਜਾਂ ਤਾਂ ਤੁਹਾਨੂੰ ਖੁਸ਼ ਕਰ ਦਿੰਦਾ ਹੈ ਜਾਂ ਫੇਰ ਉਦਾਸ ਕਰ ਦਿੰਦਾ ਹੈ, ਤੁਸੀਂ ਭੁੱਲ ਹੀ ਜਾਂਦੇ ਹੋ ਕਿ ਤੁਸੀਂ ਮੈਡੀਟੇਸ਼ਨ ਕਰ ਰਹੇ ਹੋ, ਤੁਸੀਂ ਉਸ ਯਾਦ ਨਾਲ ਹੀ ਹੋ ਤੁਰਦੇ ਹੋ। ਇਸ ਤਰ੍ਹਾਂ ਨਾਲ ਕਿਸੇ ਯਾਦ ਨਾਲ ਹੋ ਤੁਰਨਾ ਕੋਈ ਮੈਡੀਟੇਸ਼ਨ ਨਹੀਂ, ਉਹ ਤਾਂ ਦਿਨ ਵੇਲੇ ਸਪਨੇ ਦੇਖਣੇ ਸ਼ੁਰੂ ਹੋ ਜਾਂਦਾ ਹੈ, ਇਸ ਨਾਲ ਤੁਸੀਂ ਆਪਣੀ ਸ਼ਕਤੀ ਗੁਆ ਲੈਂਦੇ ਹੋ, ਵਾਸਤਵ ਵਿਚ ਇਸ ਤਰ੍ਹਾਂ ਕਰਨ ਨਾਲ ਮਨ ਦੇ ਉਸ ਭਾਗ ਨੂੰ ਸ਼ਕਤੀ ਮਿਲਦੀ ਹੈ ਜਿਹੜਾ ਬੇਮੁਹਾਰ ਜਿਸ ਉਤੇ ਸਾਡਾ ਕੋਈ ਕੰਟਰੋਲ ਨਹੀਂ। ਸਥਿਰ ਹੋਣ ਦਾ ਤਰੀਕਾ ਸਿੱਖਣ ਲਈ, ਤੁਹਾਨੂੰ ਚੇਤਨ ਮਨ ਤੇ ਕਾਬੂ ਪਾਉਣਾ ਪਵੇਗਾ।

ਪਹਿਲੇ ਪਹਿਲ ਜਦੋਂ ਮਨ ਇਧਰ ਉਧਰ ਦੌੜੇਗਾ ਤਾਂ ਤੁਸੀਂ ਆਪਣੇ ਸ੍ਵਾਸਾਂ ਤੇ ਧਿਆਨ ਲਗਾਓ, ਇਹ ਬਹੁਤ ਹੀ ਅਵੱਸ਼ਕ ਹੈ, ਸ੍ਵਾਸ ਤੁਹਾਡੇ ਚੇਤਨ ਮਨ ਨਾਲ ਜੁੜੇ ਹੋਏ ਹਨ। ਚੇਤਨ ਮਨ ਤੇ ਸ੍ਵਾਸ ਇਕ ਦੂਜੇ ਦੇ ਬਹੁਤ ਹੀ ਨੇੜੇ ਹਨ ਇਨ੍ਹਾਂ ਦਾ ਡੂੰਘਾ ਸਬੰਧ ਹੈ। ਜਦੋਂ ਸ੍ਵਾਸ ਬੰਦ ਹੁੰਦੇ ਹਨ ਚੇਤਨ ਮਨ ਵੀ ਰੁਕ ਜਾਂਦਾ ਹੈ, ਉਹ ਹੀ ਅੰਤ ਹੈ ਮ੍ਰਿਤੂ ਹੈ ਤੁਸੀਂ ਮਨ ਨੂੰ ਸੋਧ ਸਕਦੇ ਹੋ ਉਸਨੂੰ ਨਿਯਮਬੱਧ ਕਰ ਸਕਦੇ ਹੋ, ਆਪਣੇ ਸ੍ਵਾਸਾਂ ਪ੍ਰਤੀ ਚੇਤਨ ਹੋ ਕੇ। ਸ੍ਵਾਸ ਉਹ ਜੋਤੀ ਹੈ ਜਿਹੜੀ ਚੇਤਨਾ ਦਾ ਮਾਰਗ ਜਗਾਉਂਦੀ ਹੈ। ਕੇਵਲ ਸ੍ਵਾਸਾਂ ਤੇ ਹੀ ਪਹਿਰਾ ਦੇ ਕੇ ਤੁਸੀਂ ਮੈਡੀਟੇਸ਼ਨ ਦੀਆਂ ਡੂੰਘਾਈਆਂ ਤੇ ਪਹੁੰਚ ਸਕਦੇ ਹੋ।

ਪਹਿਲਾਂ-ਪਹਿਲਾਂ ਇਹ ਔਖਾ ਲੱਗੇਗਾ ਕਿਉਂਕਿ ਤੁਸੀਂ ਆਪਣੇ ਚੇਤਨ ਮਨ ਨੂੰ ਕੰਟਰੋਲ ਕਰ ਰਹੇ ਹੋ, ਜਦੋਂ ਕਿ ਪਹਿਲਾਂ ਚੇਤਨ ਮਨ ਤੁਹਾਨੂੰ ਕੰਟਰੋਲ ਕਰ ਰਿਹਾ ਸੀ। ਚੇਤਨ ਮਨ ਬਾਧਾ ਬਣੇਗਾ, ਸਮੱਸਿਆ ਖੜ੍ਹੀਆਂ ਕਰੇਗਾ ਤੁਹਾਡੀ ਗੱਲ ਨਹੀਂ ਸੁਣੇਗਾ, ਪਰ ਜਦੋਂ ਹੀ ਤੁਸੀਂ ਇਸ ਨੂੰ ਕੰਟਰੋਲ ਕਰਨ ਲੱਗੋਗੇ, ਇਹ ਪੂਰੀ ਤਰ੍ਹਾਂ ਨਾਲ ਬਦਲ ਜਾਏਗਾ, ਪਹਿਲਾਂ ਪਹਿਲ ਤੁਸੀਂ ਦੇਖੋਗੇ ਜਦੋਂ ਤੁਸੀਂ ਸ੍ਵਾਸ ਅੰਦਰ ਲੈਂਦੇ ਹੋ, ਸ੍ਵਾਸ ਵਿਚ ਹੀ ਰਹਿ ਜਾਂਦਾ ਹੈ ਤੁਹਾਨੂੰ ਘੁਟਣ ਹੁੰਦੀ ਹੈ ਜਾਂ ਤੁਹਾਨੂੰ ਸਾਹ ਚੜ੍ਹ ਜਾਂਦਾ ਹੈ ਤੁਹਾਡਾ ਸਾਹ ਨਾਲ ਸਾਹ ਨਹੀਂ ਮਿਲਦਾ ਪਰ ਜੇ ਤੁਸੀਂ ਸ੍ਵਾਸਾਂ ਤੇ ਹੀ ਧਿਆਨ ਲਗਾ ਕੇ ਰੱਖੋਗੇ ਤੁਸੀਂ ਦੇਖੋਗੇ ਇਹ ਅਵਸਥਾ ਛੇਤੀ ਹੀ ਠੀਕ ਹੋ ਜਾਏਗੀ। ਮਨ ਨੂੰ ਸ੍ਵਾਸਾਂ ਪ੍ਰਤੀ ਸੁਚੇਤ ਹੋਣ ਦਿਓ, ਇਹ ਦੇਖਣ ਦਿਓ ਕਿ ਸ੍ਵਾਸ ਕਿਸ ਤਰ੍ਹਾਂ ਆ ਜਾ ਰਹੇ ਹਨ, ਜੇ ਤੁਸੀਂ ਤਿੰਨ ਮਿੰਟ ਲਈ ਇਸ ਤਰ੍ਹਾਂ ਕਰ ਲੈਂਦੇ ਹੋ, ਕੇਵਲ ਤਿੰਨ ਮਿੰਟ ਲਈ ਉਸ ਸਮੇਂ ਵਿਚ ਤੁਹਾਡਾ ਧਿਆਨ ਕਿਤੇ ਹੋਰ ਨਹੀਂ ਜਾਂਦਾ, ਤੁਸੀਂ ਦੇਖੋਗੇ ਇਸ ਦੇ ਪ੍ਰਣਾਮ ਕਿੰਨੇ ਚੰਗੇ ਨਿਕਲਣਗੇ।

ਸ੍ਵਾਸਾਂ ਨੂੰ ਦੇਖਣ ਦੇ ਨਾਲ-ਨਾਲ ਤੁਹਾਨੂੰ ਨਾੜੀ ਤੰਤੂ ਪ੍ਰਤੀ ਵੀ ਸੰਦਵੇਨਸ਼ੀਲ ਹੋਣਾ ਚਾਹੀਦਾ ਹੈ, ਕਈ ਲੋਕ ਸੰਵੇਦਨਸ਼ੀਲ ਨੂੰ ਮਾਨਸਿਕ ਯੋਗਤਾ ਸਮਝਣ ਲਗ ਪੈਂਦੇ ਹਨ ਪਰ ਉਹ ਇਕ ਗਲਤ ਗੱਲ ਹੈ। ਮੇਰੇ ਨਾਲ ਇਕ ਅਨੁਭਵ ਹੋਇਆ ਸੀ ਜਿਸ ਨਾਲ ਇਹ ਸਪਸ਼ਟ ਹੋ ਜਾਂਦਾ ਹੈ।

ਜਦੋਂ ਮੈਂ ਛੋਟਾ ਸੀ ਮੈਂ ਹਿੰਦੁਸਤਾਨ ਤਿੱਬਤ ਦੀ ਸਰਹੱਦ ਤੇ ਰਹਿੰਦਾ ਸੀ ਕਾਲੀਪੁਰ ਉਸ ਥਾਂ ਦਾ ਨਾਂ ਸੀ ਉਥੇ ਰਹਿ ਕੇ ਮੈਂ Kung fu (ਕਰਾਟੇ ਦੀ ਤਰ੍ਹਾਂ) ਸਿਖਿਆ ਉਸ ਨਾਲ ਮੈਂ ਕਿਸੇ ਨੂੰ ਮਾਰਨਾ ਨਹੀਂ ਸੀ, ਕਿਸੇ ਨਾਲ ਉਸ ਤਰ੍ਹਾਂ ਲੜਾਈ ਨਹੀਂ ਸੀ ਕਰਨੀ, ਮੈਂ ਬਹੁਤ ਸੁਸਤ ਹੋ ਗਿਆ ਸੀ ਕਿਉਂਕਿ ਮੈਂ ਅਹਿੰਸਾ ਦੇ ਵਾਸਤਵਿਕ ਅਰਥ ਹੀ ਨਹੀਂ ਸੀ ਸਮਝ ਸਕਿਆ ਨਾ ਹੀ ਉਸ ਦਾ ਸਿਧਾਂਤ ਮੈਨੂੰ ਸਮਝ ਆਇਆ ਸੀ, ਜੇ ਕੋਈ ਜਾਨਵਰ ਵੀ ਆ ਕੇ ਮੈਨੂੰ ਮਾਰਦਾ ਸੀ ਮੈਂ ਆਪਣਾ ਬੱਚਾ ਨਹੀਂ ਸੀ ਕਰਦਾ ਇਸ ਕਰਕੇ ਮੈਨੂੰ kung fu ਸਿੱਖਣ ਲਈ ਭੇਜਿਆ ਗਿਆ ਉਹ ਸੱਜਣ ਨੱਬੇ ਸਾਲ ਤੋਂ ਉਪਰ ਸੀ। ਇਹ ਜਨਮ ਤੋਂ ਹੀ ਨੇਤਰਹੀਣ ਸਨ, ਪਰ ਮੈਂ ਕੁਛ ਵੀ ਕਰਾਂ ਇਨ੍ਹਾਂ ਨੂੰ ਪਤਾ ਲਗ ਜਾਂਦਾ ਸੀ। ਉਹ ਕਹਿ ਦਿੰਦੇ ਸੀ, "ਤੂੰ ਉਂਗਲੀ ਹਿਲਾ ਰਿਹਾ ਹੈਂ।" ਮੈਨੂੰ ਸ਼ੱਕ ਪਿਆ ਕਿ ਇਹ ਦੇਖ ਸਕਦੇ ਹਨ, ਐਵੇਂ ਕਰਦੇ ਹਨ ਮੈਂ ਜਦੋਂ ਉਨ੍ਹਾਂ ਨੂੰ ਪੁੱਛਿਆ ਉਹ ਕਿਵੇਂ ਦੇਖਦੇ ਹਨ ਮੈਂ ਹੈਰਾਨ ਹੋ ਗਿਆ ਜਦੋਂ ਉਨ੍ਹਾਂ ਨੇ ਮੈਨੂੰ ਦਿਖਾਇਆ, ਮੈਂ ਦੇਖਿਆ ਕਿ ਉਨ੍ਹਾਂ ਦੀਆਂ ਅੱਖਾਂ ਦੇ ਡੇਲੇ ਹੀ ਨਹੀਂ ਸੀ ਪਰ

ਮੈਨੂੰ ਫੇਰ ਵੀ ਵਿਸ਼ਵਾਸ਼ ਨਹੀਂ ਹੋਇਆ, ਮੈਂ ਸੋਚਿਆ ਇਹ ਕਿਸੇ ਤਰੀਕੇ ਨਾਲ ਡੇਲੇ ਉਤੇ ਚੜ੍ਹਾ ਲੈਂਦੇ ਹੋਣਗੇ।

ਇਕ ਦਿਨ ਉਹ ਕਹਿਣ ਲੱਗੇ, ਐਧਰ ਆਓ ਮੈਂ ਤੁਹਾਨੂੰ ਦੱਸਾਂ ਕਿ ਮੈਂ ਸਾਰਾ ਕੁਝ ਅੱਖਾਂ ਨਾਲ ਨਹੀਂ ਦੇਖਦਾ ਸੀ ਮੈਂ ਸਭ ਕੁਝ ਆਪਣੀ ਸੰਵੇਦਨਸ਼ੀਲਤਾ ਨਾਲ ਦੇਖਦਾ ਹਾਂ ਮੈਂ ਚਾਹੁੰਦਾ ਹਾਂ ਤੁਸੀਂ ਦੱਸ ਜਣੇ ਸੋਟੀਆਂ ਲੈ ਕੇ ਮੈਨੂੰ ਮਾਰਨ ਲਈ ਆਓ, ਮੈਨੂੰ ਆਪਣੀ ਪੂਰੀ ਸੱਤਾ ਨਾਲ ਮਾਰੋ, ਮੇਰੇ ਕੋਲ ਕੋਈ ਸੋਟੀ ਨਹੀਂ।

ਮੈਂ ਕਿਹਾ ਮੈਂ ਇਸ ਤਰ੍ਹਾਂ ਨਹੀਂ ਕਰ ਸਕਦਾ ਕਿਉਂਕਿ ਤੁਸੀਂ ਦੇਖ ਨਹੀਂ ਸਕਦੇ। ਉਹ ਕਹਿਣ ਲੱਗੇ, ਤੂੰ ਤਾਂ ਐਵੇਂ ਹੀ ਮੇਰੇ ਉਤੇ ਤਰਸ ਕਰ ਰਿਹਾ ਹੈਂ ਕਿ ਮੈਂ ਨੇਤਰਹੀਣ ਹਾਂ ਵਾਸਤਵ ਵਿਚ ਮੈਂ ਨੇਤਰਹੀਣ ਨਹੀਂ ਹਾਂ। ਮੇਰਾ ਨਾੜੀ ਪ੍ਰਬੰਧ ਐਨਾ ਵੱਧ ਗਤੀਸ਼ੀਲ ਹੈ ਐਨਾ ਵੱਧ ਸੰਵੇਦਨਸ਼ੀਲ ਹੈ ਕਿ ਮੈਂ ਹਰ ਆਵਾਜ਼ ਨੂੰ ਅਨੁਭਵ ਕਰ ਸਕਦਾ ਹਾਂ। ਤੁਹਾਡੇ ਨਾਲੋਂ ਵਧੇਰੇ ਚੰਗੀ ਤਰ੍ਹਾਂ ਅਨੁਭਵ ਕਰ ਸਕਦਾ ਹਾਂ। ਮੈਂ ਆਪਣੇ ਨਾੜੀ ਪ੍ਰਬੰਧ ਰਾਹੀਂ ਦੇਖ ਸਕਦਾ ਹਾਂ, ਮੈਨੂੰ ਨੇਤਰਾਂ ਦੀ ਲੋੜ ਹੀ ਨਹੀਂ।

ਕੁਝ ਇਕ ਜਗਿਆਸੂ ਜਿਹੜੇ ਉਸਨੂੰ ਜਾਣਦੇ ਸੀ ਉਹ ਉਸਨੂੰ ਮਾਰਨ ਲਗ ਪਏ ਦੱਸ ਬੰਦਿਆਂ ਨੇ ਉਸ ਨੂੰ ਘੇਰ ਲਿਆ ਉਹ ਵਿਚ, ਆਸ ਪਾਸ ਦੱਸ ਬੰਦੇ ਉਹ ਆਰਾਮ ਨਾਲ ਇਕ ਵਿੱਥ ਵਿਚੋਂ ਬਾਹਰ ਆ ਗਏ ਜਗਿਆਸੂ ਆਪਸ ਵਿਚ ਲੜਦੇ ਰਹੇ, ਉਹ ਬਾਹਰ ਆ ਕੇ ਜ਼ੋਰ-ਜ਼ੋਰ ਨਾਲ ਹੱਸਣ ਲੱਗ ਪਏ ਕਹਿਣ ਲੱਗੇ, ਦੁਬਾਰਾ ਕਰੋ।

ਦੂਸਰੀ ਵਾਰੀ ਉਨ੍ਹਾਂ ਨੇ ਇਕ ਦੀ ਸੋਟੀ ਖੋਹ ਲਈ ਤੇ ਸਾਰਿਆਂ ਨਾਲ ਲੜਨ ਲਗ ਪਏ, ਕੋਈ ਵੀ ਉਨ੍ਹਾਂ ਨੂੰ ਨਹੀਂ ਮਾਰ ਸਕਿਆ ਉਹ ਆਪਣੇ ਆਲੇ-ਦੁਆਲੇ ਹੋ ਰਹੀਆਂ ਘਟਨਾਵਾਂ ਲਈ ਐਨੇ ਸੰਵੇਦਨਸ਼ੀਲ ਸਨ ਕਿ ਉਹ ਇਕ ਦਮ ਚੌਕਸ ਹੋ ਜਾਂਦੇ ਸਨ। ਆਪਣੇ ਅਨੁਸ਼ਾਸਨ ਨਾਲ ਆਪਣੀ ਇੱਛਾ ਸ਼ਕਤੀ ਨਾਲ ਇਨ੍ਹਾਂ ਨੇ ਆਪਣੀ ਨਾੜੀ ਤੰਤੂ ਸੰਵੇਦਨਸ਼ੀਲਤਾ ਬਹੁਤ ਹੀ ਵੱਧ ਵਿਸਤ੍ਰਿਤ ਕਰ ਲਈ ਸੀ, ਉਹ ਬਿਨਾਂ ਨੇਤਰਾਂ ਤੋਂ ਦੇਖ ਸਕਦੇ ਸੀ।

ਆਮ ਤੌਰ ਤੇ ਜਦੋਂ ਤੁਸੀਂ ਕੋਈ ਚੀਜ਼ ਦੇਖਦੇ ਹੋ, ਸੰਵੇਦਨਾ ਅੱਖ ਦੀ ਨਾੜੀ ਰਾਹੀਂ ਦਿਮਾਗ ਨੂੰ ਚਲੀ ਜਾਂਦੀ ਹੈ, ਫੇਰ ਉਥੋਂ ਹੀ ਸਰੀਰ ਦੇ ਉਸ ਭਾਗ ਨੂੰ ਹੁਕਮ ਦਿੰਦਾ ਹੈ ਜਿਸ ਨੇ ਕੰਮ ਕਰਨਾ ਹੋਵੇ। ਨਾੜੀ ਪ੍ਰਬੰਧ ਸਰੀਰ ਤੇ ਦਿਮਾਗ ਦੇ ਵਿਚਕਾਰ ਹੈ। ਸਰੀਰ ਵਾਸਤਵ ਵਿਚ ਇਕ ਘਰ ਦੀ ਤਰ੍ਹਾਂ ਹੈ, ਨਾੜੀ ਪ੍ਰਬੰਧ ਇਕ ਵੱਡੇ ਸਾਰੇ ਜਾਲ ਦੀ ਤਰ੍ਹਾਂ ਹੈ, ਬਿਜਲੀ ਦੀਆਂ ਤਾਰਾਂ ਦੇ ਜਾਲ ਦੀ ਤਰ੍ਹਾਂ ਦਿਮਾਗ ਇਕ ਬਿਜਲੀ ਦੇ ਬਲਬ ਦੀ ਤਰ੍ਹਾਂ ਮਨ ਇਕ ਸ਼ਕਤੀ ਦੀ ਤਰ੍ਹਾਂ ਹੈ, ਇਹ ਸ਼ਕਤੀ ਹਰ ਸਮੇਂ ਉਸ ਜਾਲ ਰਾਹੀਂ ਨਿਰੰਤਰ ਵਗਦੀ ਰਹਿੰਦੀ ਹੈ ਜਿਸਨੂੰ ਅਸੀਂ ਨਾੜੀ ਪ੍ਰਬੰਧ ਕਹਿੰਦੇ ਹਾਂ। ਜੇਕਰ ਘਰ ਦੀ ਦੇਖ ਭਾਲ ਚੰਗੀ ਤਰ੍ਹਾਂ ਨਾ ਕੀਤੀ ਜਾਵੇ ਤਾਂ ਬਿਜਲੀ ਦਾ ਜਾਲ ਕੁਝ ਵੀ ਕੰਮ ਨਹੀਂ ਕਰ ਸਕੇਗਾ। ਬਿਲਕੁਲ ਉਸ ਤਰ੍ਹਾਂ ਹੀ ਜੇ ਤੁਹਾਡਾ ਮਨ ਬਹੁਤ ਅੱਛਾ ਹੈ, ਪਰ ਤੁਹਾਡਾ ਦਿਮਾਗ ਨਹੀਂ ਠੀਕ, ਤਾਂ ਤੁਹਾਡੀ ਸ਼ਕਤੀ ਦੀ ਵਰਤੋਂ ਠੀਕ ਨਹੀਂ ਹੋ ਸਕੇਗੀ। ਜੇਕਰ ਤੁਹਾਡਾ ਦਿਮਾਗ ਤੇ ਮਨ ਦੋਨੋਂ ਹੀ ਬਹੁਤ ਅੱਛੇ ਹਨ, ਪਰ ਤੁਹਾਡਾ ਨਾੜੀ ਪ੍ਰਬੰਧ ਜੇ ਠੀਕ ਨਹੀਂ ਤਾਂ ਤੁਹਾਡੀ ਸੰਯੁਕਤ ਕ੍ਰਿਆ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਸਾਰੇ ਜੀਵ ਜੰਤੂਆਂ ਦਾ ਨਾੜੀ ਪ੍ਰਬੰਧ ਹੈ ਪਰ ਹਰ ਇਕ ਦੀ ਸੰਵੇਦਨਸ਼ੀਲਤਾ ਵੱਖਰੀ-ਵੱਖਰੀ ਹੈ। ਮਿਸਾਲ ਵਜੋਂ ਜੇ ਕੋਈ ਪੌਦਾ ਕੱਟਿਆ ਜਾਵੇ ਤਾਂ ਅੱਧਰੂ ਉਸ ਦੇ ਪੱਤਿਆਂ ਤੇ ਨਹੀਂ ਡਿਗਦੇ, ਭਾਵੇਂ ਉਸ ਦਾ ਵੀ ਨਾੜੀ ਪ੍ਰਬੰਧ ਹੈ ਪਰ ਉਹ ਐਨਾ ਵਿਸਤ੍ਰਿਤ ਨਹੀਂ ਹੈ ਪਰ ਜੇ ਤੁਹਾਡੇ ਪੈਰ ਤੇ ਸੱਟ ਲੱਗੇ, ਕੱਟਿਆ ਜਾਏ ਤੁਸੀਂ ਝੱਟ ਰੋ ਪੈਂਦੇ ਹੋ, ਤੁਹਾਡੀਆਂ ਅੱਖਾਂ ਵਿਚੋਂ ਅੱਥਰੂ ਨਿਕਲਣਗੇ ਹੀ, ਤੁਹਾਡਾ ਨਾੜੀ ਪ੍ਰਬੰਧ ਗਤੀਸ਼ੀਲ ਹੈ। ਨਾੜੀ ਸੰਵੇਦਨਸ਼ੀਲ ਕੇਵਲ ਇਕ ਸਰੀਰਕ ਗੁਣ ਨਹੀਂ, ਇਹ ਇਕ ਮਾਨਸਿਕ ਗੁਣ ਹੈ ਇਕ ਭਾਵਾਤਮਕ ਗੁਣ ਹੈ। ਇਹ ਗਤੀਸ਼ੀਲ ਨਾੜੀ ਪ੍ਰਬੰਧ ਮਨੁੱਖ ਲਈ ਇਕ ਬਹੁਤ ਵੱਡਾ ਤੋਹਫਾ ਹੈ, ਇਹ ਮਨੁੱਖ ਦੇ ਵਿਕਾਸ ਦਾ ਵੱਡਾ ਗੁਣ ਹੈ ਸਾਨੂੰ ਇਸਨੂੰ ਵਿਸਤ੍ਰਿਤ ਕਰਕੇ ਪੂਰਾ-ਪੂਰਾ ਲਾਭ ਉਠਾਉਣਾ ਚਾਹੀਦਾ ਹੈ।

ਬਹੁਤ ਸਾਰੇ ਲੋਕ ਆਪਣੇ ਸਬੰਧਾਂ ਲਈ ਸੰਵੇਦੀ ਹੁੰਦੇ ਹਨ ਕਿਉਂਕਿ ਉਹ ਆਪਣੇ ਅੰਦਰ ਦੀ ਸੰਵੇਦਨਸ਼ੀਲਤਾ ਨੂੰ ਸਮਝ ਕੇ ਉਸਨੂੰ ਪੈਦਾ ਹੀ ਨਹੀਂ ਕਰ ਸਕਦੇ। ਤੁਹਾਡਾ ਭਾਵਾਤਮਕ ਜੀਵਨ ਪੂਰੀ ਤਰ੍ਹਾਂ ਨਾਲ ਤੁਹਾਡੀ ਸੰਵੇਦਨਸ਼ੀਲਤਾ ਤੇ ਨਿਰਭਰ ਹੈ। ਸੰਵੇਦਨਾ ਤਤੁਹਾਡੀ ਸਚੇਤਨਤਾ ਦਾ ਹੀ ਭਾਗ ਹੈ। ਬਹੁਤ ਵਾਰੀ ਜਦੋਂ ਲੋਕੀ ਗੱਲ ਕਰਦੇ ਹਨ ਉਹ ਕਹਿੰਦੇ ਹਨ ਇਸ ਬਾਰੇ ਸੁਚੇਤ ਹਾਂ ਮੈਂ ਇਸਨੂੰ ਜਾਣਦਾ ਹਾਂ ਉਹ ਕਿਸੇ ਤੱਥ ਬਾਰੇ ਗੱਲ ਕਰ ਰਹੇ ਹੁੰਦੇ ਹਨ ਜਾਂ ਕਿਸੇ ਚੀਜ਼ ਬਾਰੇ ਜਾਂ ਕਿਸੇ ਪ੍ਰਤੱਖ ਦੇ ਬਾਰੇ ਦੱਸ ਰਹੇ ਹੁੰਦੇ ਹਨ। ਬਹੁਤ ਇਨ੍ਹਾਂ ਗੱਲਾਂ ਬਾਰੇ ਸੰਵੇਦਨਸ਼ੀਲ ਹੁੰਦੇ ਹੋਏ, ਸੰਸਾਰਕ ਧੰਦਿਆਂ ਲਈ ਸੰਵੇਦਨਸ਼ੀਲ ਹੁੰਦੇ ਹੋਏ, ਉਹ ਆਪਣੇ ਅੰਦਰ ਬਾਰੇ ਬਿਲਕੁਲ ਅਣਗਹਿਲੇ ਰਹਿੰਦੇ ਹਨ, ਉਨ੍ਹਾਂ ਦੇ ਅੰਦਰ ਕੀ ਹੋ ਰਿਹਾ ਹੈ ਉਹ ਨਹੀਂ ਜਾਣਦੇ।

ਪਰ ਇਹ ਬਦਲ ਜਾਂਦਾ ਹੈ ਜਦੋਂ ਤੁਸੀਂ ਮੈਡੀਟੇਸ਼ਨ ਕਰਨੀ ਸ਼ੁਰੂ ਕਰਦੇ ਹੋ। ਜਦੋਂ ਮੈਡੀਟੇਸ਼ਨ ਕਰਨੀ ਸ਼ੁਰੂ ਕਰੋ ਤੁਸੀਂ ਬਹੁਤ ਸੁਚੇਤ ਹੋ ਜਾਂਦੇ ਹੋ, ਤੁਹਾਡੇ ਆਸ ਪਾਸ ਕੀ ਹੋ ਰਿਹਾ ਹੈ, ਜੋ ਕੁਝ ਤੁਸੀਂ ਪਿਛੇ ਕੀਤਾ ਹੈ ਉਸ ਲਈ ਬੜੇ ਸੰਵੇਦਨਸ਼ੀਲ ਹੋ ਜਾਂਦੇ ਹੋ, ਬਹੁਤ ਵਾਰੀ ਆਪਣੇ ਆਪ ਨੂੰ ਦੋਸ਼ੀ ਸਮਝਣ ਲਗ ਪੈਂਦੇ ਹੋ, ਬਹੁਤ ਉਦਾਸ ਹੋ ਜਾਂਦੇ ਹੋ। ਬਜਾਏ ਇਨ੍ਹਾਂ ਭਾਵਨਾਵਾਂ ਨੂੰ ਆਪਣੇ ਆਪ ਵਿਚ ਮੰਨਣ ਦੇ ਬਹੁਤ ਵਾਰੀ ਲੋਕੀ ਇਨ੍ਹਾਂ ਨੂੰ ਮੰਨਣ ਤੋਂ ਮਨ੍ਹਾ ਕਰ ਦਿੰਦੇ ਹਨ ਕਿਉਂਕਿ ਉਹ ਮਾਫ ਕਰਨਾ ਹੀ ਨਹੀਂ ਜਾਣਦੇ ਆਪਣੇ ਆਪ ਨੂੰ ਮਾਫ ਹੀ ਨਹੀਂ ਕਰਦੇ। ਉਹ ਆਪਣੇ ਆਪ ਨੂੰ ਦੋਸ਼ੀ ਹੀ ਦੱਸੀ ਜਾਣਗੇ, ਇਹ ਉਨ੍ਹਾਂ ਦੀ ਆਦਤ ਬਣ ਗਈ ਹੈ, ਉਨ੍ਹਾਂ ਦਾ ਸੁਭਾਅ ਬਣ ਗਿਆ ਹੈ ਉਹ ਦੂਸਰਿਆਂ ਨੂੰ ਵੀ ਦੋਸ਼ੀ ਠਹਿਰਾਈ ਜਾਂਦੇ ਹਨ, ਹੌਲੀ-ਹੌਲੀ ਉਹ ਸਕਾਰਾਤਮਕ ਸੋਚ ਤੋਂ ਭਾਵਹੀਣ ਹੋ ਗਏ ਹਨ ਆਪਣੇ ਲਈ ਵੀ, ਦੂਸਰਿਆਂ ਲਈ ਵੀ, ਉਹ ਤਾਂ ਕੇਵਲ ਨਕਾਰਾਤਮਕ ਹੀ ਦੇਖਦੇ ਹਨ।

ਵਾਸਤਵ ਵਿਚ ਤੁਹਾਨੂੰ ਖਿਮਾ ਕਰਨੀ ਸਿੱਖਣੀ ਚਾਹੀਦੀ ਹੈ, ਭਾਵੇਂ ਤੁਹਾਡਾ ਮਨ ਨਾ ਵੀ ਕਰ ਰਿਹਾ ਹੋਵੇ, ਜੇ ਤੁਹਾਡੇ ਕੋਲੋਂ ਗਲਤੀ ਹੋ ਜਾਏ ਤਾਂ ਤੁਹਾਨੂੰ ਮੰਨ ਲੈਣਾ ਚਾਹੀਦਾ ਹੈ ਕਿ ਗਲਤੀ ਤਾਂ ਕਿਸੇ ਤੋਂ ਵੀ ਹੋ ਸਕਦੀ ਹੈ। ਹਾਂ ਤੁਹਾਨੂੰ ਉਹ ਗਲਤੀ ਦੁਬਾਰਾ ਨਹੀਂ ਕਰਨੀ ਚਾਹੀਦੀ। ਤੁਹਾਨੂੰ ਆਪਣੇ ਆਪ ਨੂੰ ਨਖੇਦਣਾ ਵੀ ਨਹੀਂ ਚਾਹੀਦਾ। ਜਦੋਂ ਤੁਸੀਂ ਆਪਣੇ ਆਪ ਨੂੰ ਨਖੇਦਦੇ ਹੋ ਤਾਂ ਤੁਸੀਂ ਵਧੇਰੇ ਗਤੀਸ਼ੀਲ ਹੋ ਜਾਂਦੇ ਹੋ।

ਜੇ ਤੁਸੀਂ ਆਪਣੇ ਆਪ ਨੂੰ ਆਪ ਪ੍ਰਵਾਨ ਨਹੀਂ ਕਰਦੇ ਤਾਂ ਉਸ ਤੋਂ ਭਾਵ ਹੈ ਕਿ ਤੁਸੀਂ ਨਕਾਰਾਤਮਕ ਮੈਡੀਟੇਸ਼ਨ ਕਰਦੇ ਰਹੋ ਹੋ। ਜੋ ਤੁਸੀਂ ਅੱਜ ਹੋ ਉਹ ਉਸੇ ਦੇ ਕਾਰਣ ਹੈ ਚਿੰਤਾ ਇਕ ਤਰ੍ਹਾਂ ਦੀ ਨਕਾਰਾਤਮਕ ਮੈਡੀਟੇਸ਼ਨ ਹੀ ਹੈ, ਬਹੁਤ ਵਾਰੀ ਇਹ ਤੁਹਾਡੀ ਅਚੇਤ ਆਦਤ ਹੀ ਬਣ ਜਾਂਦੀ ਹੈ। ਤੁਸੀਂ ਆਪਣੇ ਮਨ ਤੋਂ ਬਹੁਤ ਸਾਰੀਆਂ ਬਿਮਾਰੀਆਂ ਪੈਦਾ ਕਰ ਲੈਂਦੇ ਹੋ, ਜੇ ਚਾਹੋ ਤਾਂ ਏਸੇ ਮਨ ਨਾਲ ਆਪਣੇ ਆਪ ਨੂੰ ਠੀਕ ਕਰ ਸਕਦੇ ਹੋ। ਤੁਹਾਨੂੰ ਆਪਣੇ ਆਪ ਨੂੰ ਸਕਾਰਾਤਮਕ ਸੁਝਾਅ ਹੀ ਦੇਣਾ ਚਾਹੀਦਾ ਹੈ, ਮੈਂ ਠੀਕ ਹਾਂ, ਮੇਰੇ ਅੰਦਰ ਜੀਵਨ ਸ਼ਕਤੀ ਹੈ, ਮੈਂ ਕਿਉਂ ਆਪਣੇ ਆਪ ਨੂੰ ਨਕਾਰਾ, ਕਿਉਂ ਆਪਣੇ ਆਪ ਨੂੰ ਲਾਹਨਤਾਂ ਪਾਵਾਂ, ਮੈਂ ਕਿਉਂ ਆਪਣੇ ਆਪ ਨੂੰ ਦੋਸ਼ ਦਿਆਂ? ਜਿਹੜਾ ਮਨ ਬਿਮਾਰੀ ਪੈਦਾ ਕਰ ਸਕਦਾ ਹੈ, ਦੋਸ਼ੀ ਠਹਿਰਾਅ ਸਕਦਾ ਹੈ, ਉਹ ਹੀ ਮਨ ਤੁਹਾਨੂੰ ਬਿਲਕੁਲ ਠੀਕ ਕਰ ਸਕਦਾ ਹੈ ਸੁਅਸਥ ਕਰ ਸਕਦਾ ਹੈ। ਮਨ ਤਾਂ ਪੂਰੀ ਤਰ੍ਹਾਂ ਨਾਲ ਤੁਹਾਡੀ ਸੋਚ ਨਾਲ ਜੁੜਿਆ ਹੋਇਆ ਹੈ, ਤੁਹਾਡੀ ਸੋਚ ਹੀ ਮਨ ਨੂੰ ਪੂਰੀ ਤਰ੍ਹਾਂ ਨਾਲ ਕੰਟਰੋਲ ਕਰਦੀ ਹੈ। ਇਹ ਜਾਣ ਲੈਣਾ ਬਹੁਤ ਅਵਸ਼ਕ ਹੈ ਕਿ ਮਨ ਹੀ ਬਿਮਾਰੀ ਨੂੰ ਜਨਮ ਦਿੰਦਾ , ਤੁਹਾਡੀ ਇਹ ਹੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਤੁਸੀਂ ਮਨ ਨੂੰ ਕਾਬੂ ਕਰਕੇ ਆਪਣੇ ਆਪ ਨੂੰ ਸੁਅਸਥ ਰੱਖੋ ਬਿਮਾਰੀ ਨੂੰ ਜਨਮ ਲੈਣ ਹੀ ਨਾ ਦਿਓ।

ਮੈਡੀਟੇਸ਼ਨ ਬਹੁਤ ਹੀ ਸ਼ਕਤੀਸ਼ਾਲ ਹੁੰਦੀ ਹੈ। ਨਾਲ ਹੀ ਚਿਕਤਿਸਕ ਵੀ, ਮੈਡੀਟੇਸ਼ਨ ਤੋਂ ਵਧ ਕੇ ਕੋਈ ਵੀ ਹੋਰ ਚੀਜ਼ ਵਧੇਰੇ ਸ਼ਕਤੀਸ਼ਾਲ ਨਹੀਂ ਹੋ ਸਕਦੀ। ਮੈਨੂੰ ਇਹ ਗੱਲ ਬਹੁਤ ਪਹਿਲੇ ਬਚਪਨ ਵਿਚ ਹੀ ਪਤਾ ਲਗ ਗਈ ਸੀ ਮੈਂ ਪਹਾੜ ਤੋਂ ਡਿੱਗ ਪਿਆ ਮੇਰੇ ਸੱਜੇ ਗਿੱਟੇ ਤੇ ਸੱਟ ਲੱਗ ਗਈ, ਉਥੇ ਵੱਡਾ ਸਾਰਾ ਇਕ ਗੋਲਾ ਬਣ ਗਿਆ ਇਕ ਸਵਾਮੀ ਕਹਿਣ ਲੱਗੇ ਤੂੰ ਇਸ ਗੋਲੇ ਨੂੰ ਖਤਮ ਕਰ ਸਕਦਾ ਹੈਂ, ਆਪਣੇ ਮਨ ਨਾਲ।

ਮੈਂ ਕਿਹਾ, ਮੈਂ ਤਾਂ ਇਹ ਗੋਲਾ ਨਹੀਂ ਚਾਹੁੰਦਾ ਪਰ ਇਹ ਤਾਂ ਫੇਰ ਵੀ ਹੈ –

ਉਹ ਕਹਿਣ ਲੱਗੇ, ਤੂੰ ਇਕ ਭੈੜਾ ਬੱਚਾ ਨਹੀਂ ਹੋਣਾ ਚਾਹੁੰਦਾ ਪਰ ਤੂੰ ਫੇਰ ਵੀ ਭੈੜਾ ਹੈ, ਚਾਹੁੰਣ ਦਾ ਕੀ ਅਰਥ ਹੈ? ਭਾਵ ਇਹ ਹੈ ਤੇਰਾ ਚਾਹੁੰਣਾ ਸ਼ਕਤੀਸ਼ਾਲ ਨਹੀਂ ਹੈ, ਤੂੰ ਚੰਗਾ ਬਣਨਾ ਚਾਹੁੰਦਾ ਹੈਂ ਫੇਰ ਵੀ ਤੂੰ ਚੰਗਾ ਨਹੀਂ ਕਿਉਂ, ਤੂੰ ਚਾਹੁੰਦਾ ਹੈਂ ਇਹ ਗੋਲਾ ਖਤਮ ਹੋ ਜਾਵੇ ਪਰ ਨਹੀਂ ਖਤਮ ਹੋਇਆ ਭਾਵੇ ਇਹ ਹੈ ਕਿ ਚਾਹੁੰਣ ਦਾ ਇਨ੍ਹਾਂ ਗੱਲਾਂ ਨਾਲ ਕੋਈ ਸਬੰਧ ਨਹੀਂ। ਮੈਡੀਟੇਸ਼ਨ ਕਰਨੀ ਸਿੱਖੋ, ਮੈਡੀਟੇਸ਼ਨ ਕਰਦਿਆਂ ਮਨ ਇਕਾਗਰ ਹੋ ਕੇ ਇਕੋ ਜਗ੍ਹਾ ਤੇ ਟਿਕ ਜਾਂਦਾ ਹੈ ਜਿਸ ਨਾਲ ਤੁਹਾਡੀ ਇੱਛਾ ਸ਼ਕਤੀ ਵਿਚ ਵਾਧ ਹੁੰਦਾ ਹੈ, ਇੱਛਾ ਸ਼ਕਤੀ ਵਧੇਰੇ ਡੂੰਘੀ ਸ਼ਕਤੀ ਹੈ, ਚਾਹੁੰਣ ਨਾਲੋਂ ਕਿਤੇ ਵੱਧ ਸ਼ਕਤੀਸ਼ਾਲ।ਮੈਂ ਕਿਹਾ, ਤੁਸੀਂ ਮੈਡੀਟੇਸ਼ਨ ਕਰਦੇ ਹੋ, ਜੇ ਤੁਸੀਂ ਸੋਚਦੇ ਹੋ ਕਿ ਤੁਹਾਡਾ ਮਨ ਵਧੇਰੇ ਸ਼ਕਤੀਸ਼ਾਲ ਹੈ ਤਾਂ ਤੁਸੀਂ ਹੀ ਮੇਰੀ ਸਹਾਇਤਾ ਕਿਉਂ ਨਹੀਂ ਕਰਦੇ ਤੇ ਇਸ ਗੋਲੇ ਨੂੰ ਖਤਮ ਕਿਉਂ ਨਹੀਂ ਕਰ ਦਿੰਦੇ?

ਉਹ ਮੇਰੀ ਗੱਲ ਮੰਨ ਗਏ ਤੇ ਕਹਿਣ ਲੱਗੇ ਉਹ ਕਰ ਦੇਣਗੇ। ਉਨ੍ਹਾਂ ਨੇ ਮੈਨੂੰ ਕਿਹਾ ਕਿ ਤੂੰ ਇਕ ਹਫਤੇ ਵਾਸਤੇ ਇਸ ਜਗ੍ਹਾ ਤੇ ਇਕ ਨਿਸ਼ਚਿਤ ਸਮੇਂ ਤੇ ਬੈਠ ਤੂੰ ਦੇਖੀਂ ਤੇਰੀ ਲੱਤ ਦਾ ਗੋਲਾ ਖਤਮ ਹੋ ਜਾਵੇਗਾ। ਉਹ ਕਹਿਣ ਲੱਗੇ ਮੈਂ ਹੁਣ ਵੀ ਇਕ ਦਮ ਵੀ ਕਰ ਸਕਦਾ ਹਾਂ, ਪਰ ਮੈਂ ਤੈਨੂੰ ਸਿਖਾਉਣਾ ਚਾਹੁੰਦਾ ਹਾਂ। ਐਨ ਇਕ ਹਫਤੇ ਵਿਚ ਉਹ ਗੋਲਾ ਖਤਮ ਹੋ ਗਿਆ, ਉਸ ਦਾ ਕੋਈ ਨਿਸ਼ਾਨ ਵੀ ਨਹੀਂ ਰਿਹਾ।

ਸ਼ਾਂਤ ਹੋਣ ਦਾ ਸਥਿਰ ਹੋਣ ਦਾ ਸਭ ਤੋਂ ਪਹਿਲਾ ਸਿਧਾਂਤ ਹੈ, ਅਭਿਆਸ ਦੂਸਰਾ ਹੈ ਸਬਰ, ਸੰਤੋਖ, ਤੀਸਰਾ ਹੈ ਪ੍ਰੇਖਣ ਆਪਣੇ ਆਪ ਨੂੰ ਜਾਂਚਣਾ ਦੇਖਣਾ ਘੋਖਣਾ ਚੌਥਾ ਹੈ ਵਿਸ਼ਲੇਸ਼ਨ। ਇਹ ਗੱਲ ਬਿਲਕੁਲ ਠੀਕ ਹੈ ਕਿ ਤੁਸੀਂ ਆਪਣੇ ਆਪ ਨੂੰ ਅੰਦਰੋਂ ਚੰਗੀ ਤਰ੍ਹਾਂ ਨਾਲ ਜਾਣ ਜਾਓ, ਸਮਝ ਜਾਓ, ਸੰਪੂਰਣ ਹੋ ਜਾਓ, ਵਿਅਕਤੀਤਨ ਦਾ ਰੂਪ ਪਰਿਵਰਤਨ ਕਰਨ ਲਈ ਕਲਾ ਵਿਸ਼ਲੇਸ਼ਨ ਕਾਫੀ ਨਹੀਂ। ਵਿਸ਼ਲੇਸ਼ਨ ਤੋਂ ਬਾਅਦ ਹੈ ਵਿਵੇਕ, ਜਿਸ ਨਾਲ ਤੁਸੀਂ ਨਿਰਣਾ ਕਰਦੇ ਹੋ। ਜਦੋਂ ਤੱਕ ਤੁਸੀਂ ਸਾਰੇ ਪੱਖ ਚੰਗੀ ਤਰ੍ਹਾਂ ਨਾਲ ਨਾ ਦੇਖ ਲਵੋ ਹਰ ਇਕ ਚੀਜ਼ ਦੇ ਪ੍ਰਣਾਮ ਨਾ ਜਾਂਚ ਲਵੋ ਇਹ ਨਾ ਜਾਣ ਲਵੋ ਇਹ ਹੀ ਉਤਮ ਚੋਣ ਹੈ ਉਦੋਂ ਤੱਕ ਤੁਹਾਨੂੰ ਕੋਈ ਫੈਸਲਾ ਨਹੀਂ ਲੈਣਾ ਚਾਹੀਦਾ, ਤੁਹਾਡੇ ਵਿਕਾਸ ਦਾ ਫੈਸਲਾ ਉਤਮ ਹੀ ਹੋਣਾ ਚਾਹੀਦਾ ਹੈ। ਇਹ ਸਿਧਾਂਤ, ਭਾਵ ਸਭ ਤੋਂ ਉਤਮ ਚੋਣ ਹੀ ਵਿਵੇਕ ਹੈ, ਇਹ ਵਿਵੇਕ ਹੀ ਤੁਹਾਡੇ ਮਨ ਦੇ ਕੰਟਰੋਲ ਦਾ ਪੰਜਵਾਂ ਸਿਧਾਂਤ ਹੈ।

ਤੁਹਾਡੀ ਅਸਫਲਤਾ ਦਾ ਕਾਰਣ ਹੈ ਜੋ ਤੁਸੀਂ ਨਿਰਣਾ ਲੈਣਾ ਹੀ ਨਹੀਂ ਜਾਣਦੇ, ਠੀਕ ਸਮੇਂ ਨਿਰਣਾ ਨਹੀਂ ਲੈਂਦੇ, ਠੀਕ ਜਗ੍ਹਾ ਤੇ ਨਹੀਂ ਲੈਂਦੇ, ਤੁਹਾਡੇ ਨਿਰਣੇ ਦੇ ਪਿਛੇ ਕੋਈ ਸ਼ਕਤੀ ਹੀ ਨਹੀਂ ਹੁੰਦੀ। ਉਰਦੂ ਦੀ ਇਕ ਕਵਿਤਾ ਹੈ ਜਿਸ ਵਿਚ ਲਿਖਿਆ ਹੈ ਜਦੋਂ ਮੈਂ ਜਵਾਨ ਸੀ ਮੇਰੇ ਕੋਲ ਤਾਕਤ ਸੀ ਪਰ ਮੇਰੇ ਕੋਲ ਕੋਈ ਗਿਆਨ ਨਹੀਂ ਸੀ ਕੋਈ ਸਮਝ ਨਹੀਂ ਸੀ ਹੁਣ ਜਦੋਂ ਮੈਂ ਬੁੱਢਾ ਹੋ ਗਿਆ ਹਾਂ ਮੇਰੇ ਕੋਲ ਸਮਝ ਹੈ, ਗਿਆਨ ਹੈ ਪਰ ਹੁਣ ਮੇਰੇ ਕੋਲ ਕੋਈ ਤਾਕਤ ਨਹੀਂ। ਜਦੋਂ ਤੁਹਾਨੂੰ ਇਹ ਪਤਾ ਨਾ ਹੋਵੇ ਨਿਰਣਾ ਕਿਵੇਂ ਲੈਣਾ ਹੈ ਸਮੇਂ ਸਿਰ ਲੈਣਾ ਹੈ ਉਸ ਸਮੇਂ ਤੁਹਾਡੀ ਸ਼ਕਤੀ ਖ਼ੈ ਹੁੰਦੀ ਹੈ,

ਤੁਹਾਡੀ ਸਮਝ ਵਿਚ ਕਮੀ ਹੁੰਦੀ ਹੈ। ਤੁਸੀਂ ਫੈਸਲਾ ਨਹੀਂ ਕਰ ਸਕਦੇ ਕਿਉਂਕਿ ਤੁਹਾਡੇ ਅੰਦਰ ਦ੍ਰਿੜ੍ਹਤਾ ਨਹੀਂ, ਤੁਹਾਡੇ ਅੰਦਰ ਇੱਛਾ ਸ਼ਕਤੀ ਨਹੀਂ, ਤੁਹਾਡੇ ਅੰਦਰ ਇਕਾਗਰਤਾ ਨਹੀਂ ਸਫਲਤਾ ਭਾਵੇਂ ਤੁਹਾਡੀ ਆਪਣੀ ਅੰਦਰ ਦੀ ਹੋਵੇ ਭਾਵੇਂ ਬਾਹਰ ਦੀ ਹੋਵੇ ਉਸ ਦਾ ਮੁੱਢ ਇਹ ਗੱਲਾਂ ਹੀ ਹੁੰਦੀਆਂ ਹਨ। ਜਿਵੇਂ-ਜਿਵੇਂ ਤੁਸੀਂ ਤਰੱਕੀ ਕਰਦੇ ਹੋ ਅਗਾਂਹ ਵਧਦੇ ਹੋ ਸਫਲਤਾ ਦੀ ਪਉੜੀ ਦਾ ਇਕ-ਇਕ ਡੰਡਾ ਚੜ੍ਹਦੇ ਹੋ, ਇਕ ਗੱਲ ਜਿਹੜੀ ਬਹੁਤ ਜ਼ਰੂਰੀ ਹੈ ਉਹ ਹੈ ਕਿ ਤੁਸੀਂ ਆਪਣੇ ਮਨ ਨੂੰ ਸਮਝੋ ਉਸ ਦੇ ਕਾਰਜ ਨੂੰ ਸਮਝੋ। ਮਨ ਦਾ ਕਾਰਜ ਉਹ ਹੀ ਹੈ ਜਿਹੜਾ ਤੁਸੀਂ ਬਣਾ ਲੈਂਦੇ ਹੋ। ਜਿਸ ਦਿਨ ਤੁਸੀਂ ਇਹ ਗੱਲ ਸਮਝ ਜਾਓਗੇ, ਇਹ ਫੈਸਲਾ ਕਰ ਲਵੋਗੇ ਕਿ ਤੁਸੀਂ ਇਸ ਨੂੰ ਬਦਲਣਾ ਹੈ, ਉਹ ਆਪਣੇ ਆਪ ਹੀ ਬਦਲਦਾ ਚਲਾ ਜਾਏਗਾ। ਤੁਹਾਨੂੰ ਇਕ ਹੋਰ ਸਿਧਾਂਤ ਦਾ ਪਤਾ ਲਗ ਜਾਣਾ ਹੈ ਉਹ ਹੈ ਦ੍ਰਿੜ੍ਹਤਾ, ਨਿਸਚਾ, ਸੰਕਲਪ। ਸਥਿਰ ਹੋਣ ਦਾ ਸ਼ਾਂਤ ਹੋਣ ਦਾ ਇਕ ਮਹੱਤਵਪੂਰਣ ਸਿਧਾਂਤ ਦ੍ਰਿੜ੍ਹਤਾ ਹੈ।

ਜਦੋਂ ਤੁਸੀਂ ਇਕ ਵਾਰੀ ਵਿਸ਼ਲੇਸ਼ਨ ਕਰ ਲਿਆ ਇਹ ਫੈਸਲਾ ਕਰ ਲਿਆ ਕੀ ਕਰਨਾ ਹੈ ਫੇਰ ਤੁਹਾਨੂੰ ਦ੍ਰਿੜ੍ਹ ਹੋ ਕੇ ਉਸ ਦੀ ਪੂਰਤੀ ਲਈ ਲਗ ਜਾਣਾ ਚਾਹੀਦਾ ਹੈ। ਵਾਸਤਵ ਵਿਚ ਦ੍ਰਿੜ੍ਹਤਾ ਛੇਵਾਂ ਸਿਧਾਂਤ ਹੈ, ਅਤਿ ਮਹੱਤਵਪੂਰਣ ਸਿਧਾਂਤ ਹੈ ਜਿਹੜਾ ਤੁਹਾਨੂੰ ਸਥਿਰ ਹੋਣ ਲਈ ਸਹਾਇਕ ਹੁੰਦਾ ਹੈ। ਧਿਆਨ ਰਹੇ ਦ੍ਰਿੜ੍ਹਤਾ ਅਤੇ ਢੀਠਤਾ ਵਿਚ ਅੰਤਰ ਹੈ, ਦ੍ਰਿੜ੍ਹਤਾ ਨਾਲ ਵਿਸ਼ਾਲਤਾ ਆਉਂਦੀ ਹੈ ਢੀਠਤਾ ਨਾਲ ਤੁਸੀਂ ਸਿਮਟਦੇ ਜਾਂਦੇ ਹੋ। ਦ੍ਰਿੜ੍ਹਤਾ ਹੌਲੀ-ਹੌਲੀ ਇੱਛਾ ਸ਼ਕਤੀ ਨਾਲ ਬਣਦੀ ਹੈ, ਇਕਾਗਰਤਾ ਨਾਲ ਬਣਦੀ ਹੈ। ਇੱਛਾ ਸ਼ਕਤੀ ਦਾ ਵਿਸਤਾਰ ਕਰਨ ਲਈ ਜਿਵੇਂ ਤੁਸੀਂ ਆਪਣੀ ਅੰਦਰ ਦੀ ਕਮਾਈ ਭਾਵ ਆਪਣਾ ਅੰਤਰ ਵਿਸ਼ਾਲ ਕਰ ਰਹੇ ਹੋਵੋ। ਜਿਵੇਂ ਤੁਸੀਂ ਪੈਸੇ ਕਮਾਉਂਦੇ ਹੋ, ਆਪਣੇ ਬੈਂਕ ਦੇ ਖਾਤੇ ਵਿਚ ਪਾਉਂਦੇ ਹੋ, ਜਦੋਂ ਉਸ ਉਤੇ ਵਿਆਜ ਪੈਂਦਾ ਹੈ, ਉਹ ਵਧਦਾ ਜਾਂਦਾ ਹੈ ਇਸੇ ਤਰ੍ਹਾਂ ਤੁਹਾਨੂੰ ਚਾਹੀਦਾ ਹੈ ਤੁਸੀਂ ਆਪਣੇ ਮਨ ਨੂੰ ਪਸਾਰੋ, ਵਿਸਤ੍ਰਿਤ ਕਰੋ, ਆਪਣੀ ਇੱਛਾ ਸ਼ਕਤੀ ਨਾਲ ਉਸ ਦਾ ਵਿਕਾਸ ਕਰੋ। ਤੁਹਾਡੀ ਇੱਛਾ ਸ਼ਕਤੀ ਤੁਹਾਡੀ ਆਪਣੀ ਹੈ, ਜੇਕਰ ਤੁਹਾਡਾ ਮਨ ਇਕਾਗਰ ਹੋਵੇ ਇਕ ਪਾਸੇ ਲੱਗਿਆ ਹੋਵੇ ਇੱਛਾ ਸ਼ਕਤੀ ਵਧਦੀ ਹੈ। ਜਿੰਨਾ ਤੁਸੀਂ ਖਿਲਰੇ ਹੋਏ ਹੋਵੋਂਗੇ ਖੇਰੂੰ-ਖੇਰੂੰ ਹੋਵੋਗੇ ਓਨੀਂ ਹੀ ਤੁਹਾਡੀ ਇੱਛਾ ਸ਼ਕਤੀ ਘੱਟ ਹੋਵੇਗੀ ਖਿਲਰਿਆ ਮਨ ਸਦਾ ਹੀ ਖਿਚਾਓ ਵਿਚ ਹੋਵੇਗਾ ਦਬਾਓ ਵਿਚ ਹੋਵੇਗਾ।

ਮਨ ਨੂੰ ਇਕਾਗਰ ਕਰਨਾ ਇਕੋ ਪਾਸੇ ਲਗਾਉਣ ਦੀ ਕਲਾ ਬਹੁਤ ਹੀ ਸੌਖੀ ਹੈ ਇਸ ਨੂੰ ਸਿੱਖਣ ਲਈ ਤੁਹਾਨੂੰ ਬੈਠਣ ਦੀ ਲੋੜ ਨਹੀਂ ਮੈਡੀਟੇਸ਼ਨ ਕਰਨ ਦੀ ਲੋੜ ਨਹੀਂ। ਇਹ ਕਲਾ ਤੁਸੀਂ ਉਠਦੇ ਬੈਠਦੇ ਆਪਣਾ ਕੰਮ ਕਾਜ ਕਰਦੇ ਕਰ ਸਕਦੇ ਹੋ। ਇਸ ਲਈ ਇਕੋ ਗੱਲ ਸਿੱਖਣ ਦੀ ਲੋੜ ਹੈ ਜਿਹੜਾ ਕੰਮ ਕਰੋ ਪੂਰੀ-ਪੂਰੀ ਇਕਾਗਰਤਾ ਨਾਲ ਪੂਰੇ ਧਿਆਨ ਨਾਲ ਕਰੋ। ਜੋ ਵੀ ਤੁਸੀਂ ਕਰੋ ਭਾਵੇਂ ਕੁਝ ਵੀ ਕਿਉਂ ਨਾ ਹੋਵੇ ਪੂਰੇ-ਪੂਰੇ ਧਿਆਨ ਨਾਲ ਕਰੋ।

ਜਦੋਂ ਤੁਸੀਂ ਧਿਆਨ ਦਿੰਦੇ ਹੋ ਤੁਸੀਂ ਦੇਖੋਗੇ ਕਿ ਤੁਹਾਡੀ ਇਕਾਗਰਤਾ ਕਿਸ ਤਰ੍ਹਾਂ ਵਧਦੀ ਹੈ ਇਕ ਪਾਸੇ ਹੋ ਕੇ ਧਿਆਨ ਦੇਣਾ ਕਿੰਨਾਂ ਵਧਦਾ ਹੈ। ਭਾਵੇਂ ਕਿੰਨੇ ਮੰਤਰ ਸਿੱਖ ਲਵੋ, ਕਿੰਨੇ ਗੁਰੂ ਬਣਾ ਲਵੋ, ਤੁਸੀਂ ਕਦੇ ਵੀ ਇਕ ਪਾਸੇ ਬੈਠ ਕੇ ਮੈਡੀਟੇਸ਼ਨ ਨਹੀਂ ਸਿੱਖ ਸਕਦੇ। ਪੰਦਰਾਂ ਮਿੰਟ ਚੁੱਪ ਕਰਕੇ ਬੈਠ ਗਏ ਬਾਕੀ ਸਾਰਾ ਦਿਨ ਬੇਕਾਬੂ ਹੀ ਫਿਰਦੇ ਰਹੇ ਮਨ ਕਿਤੇ ਦਾ ਕਿਤੇ ਰਿਹਾ। ਕਿਸੇ ਵੀ ਕੰਮ ਨੂੰ ਬੇਦਿਲੀ ਨਾਲ ਕਰਨ ਤੋਂ ਭਾਵ ਹੈ ਕਿ ਤੁਸੀਂ ਬੇਧਿਆਨੇ ਹੋ, ਤੁਹਾਡਾ ਮਨ ਕਿਤੇ ਹੋਰ ਹੈ। ਤੁਹਾਨੂੰ ਸਿੱਖਣ ਦੀ ਲੋੜ ਹੈ ਕਿ ਜੋ ਵੀ ਤੁਸੀਂ ਕਰੋ ਉਸ ਵਲ ਪੂਰਾ-ਪੂਰਾ ਧਿਆਨ ਪੂਰਾ ਮਨ ਉਸੇ ਵਿਚ ਹੀ ਹੋਵੇ, ਵਿਕਾਸ ਦਾ ਇਹ ਹੀ ਇਕ ਚਿੰਨ ਹੈ। ਪੂਰਾ-ਪੂਰਾ ਧਿਆਨ ਜਦੋਂ ਤੁਸੀਂ ਦਿੰਦੇ ਹੋ ਤੁਹਾਨੂੰ ਉਸ ਕੰਮ ਦੇ ਗੁਣ ਪਤਾ ਲਗਦੇ ਹਨ ਬਾਅਦ ਵਿਚ ਤੁਸੀਂ ਉਸ ਦਾ ਵਿਸ਼ਲੇਸ਼ਨ ਕਰ ਸਕਦੇ ਹੋ। ਮੈਂ ਐਨਾ ਕੀਤਾ ਹੈ ਪਰ ਆਪਣੇ ਕੰਮ ਦਾ ਚੰਗਾ ਨਤੀਜਾ ਲੈਣ ਲਈ ਚੰਗਾ ਫਲ ਲੈਣ ਲਈ ਮੈਨੂੰ ਹੋਰ ਕਰਨਾ ਚਾਹੀਦਾ ਹੈ ਤੇ ਚੰਗੀ ਤਰ੍ਹਾਂ ਕਰਨਾ ਚਾਹੀਦਾ ਹੈ। ਸਾਰੀਆਂ ਮਾਨਸਿਕ ਸ਼ਕਤੀਆਂ ਜੋ ਹਨ ਭਾਵੇਂ ਉਹ ਮਨ ਦਾ ਕੰਟਰੋਲ ਹੈ, ਚਾਹੇ ਉਹ ਸਵੈਇੱਛਤ ਕਾਬੂ ਹੈ, ਚਾਹੇ ਕਿਸੇ ਚੀਜ਼ ਦਾ ਅੰਦਾਜ਼ ਲਗਾਉਣਾ ਹੋਵੇ, ਚਾਹੇ ਉਹ ਅੰਤਰ ਗਿਆਨ ਦੀ ਗੱਲ ਹੋਵੇ, ਇਨ੍ਹਾਂ ਸਾਰੀਆਂ ਸ਼ਕਤੀਆਂ ਦਾ ਸ੍ਰੋਤ ਦ੍ਰਿੜ੍ਹਤਾ ਹੈ। ਦ੍ਰਿੜ੍ਹ ਹੋਣ ਦੀ ਸ਼ਕਤੀ। ਇਸ ਸ਼ਕਤੀ ਨਾਲ ਤੁਸੀਂ ਆਪਣੇ ਆਪ ਨੂੰ ਸਰੀਰਕ ਪੱਖੋਂ, ਮਾਨਸਿਕ ਪੱਖੋਂ, ਆਤਮ ਪੱਖੋਂ ਜਿੰਨਾ ਚਾਹੋ ਓਨਾਂ ਵਿਸਤ੍ਰਿਤ ਕਰ ਸਕਦੇ ਹੋ।

ਜਦੋਂ ਤੁਸੀਂ ਆਪਣੇ ਚਕਿਤਿਸਕ ਆਪ ਬਣਨਾ ਸਿੱਖ ਲੈਂਦੇ ਹੋ, ਸਕਾਰਾਤਮਕ ਸੋਚ ਬਣਾ ਲੈਂਦੇ ਹੋ ਤੁਸੀਂ ਉਨਤੀ ਕਰ ਸਕਦੇ ਹੋ। ਜਦੋਂ ਤੁਸੀਂ ਆਪਣੇ ਮਨ ਨਾਲ ਜੂਝਣ ਲਗ ਪੈਂਦੇ ਹੋ, ਉਸਨੂੰ ਇਕ ਜਗ੍ਹਾ ਇਕ ਚੀਜ਼ ਤੇ ਇਕੱਤਰ ਕਰਨ ਲਗਦੇ ਹੋ, ਇਸ ਇਕੱਤਰ ਕਰਨ ਨੂੰ ਹੀ ਇਕਾਗਰ ਕਰਨਾ ਕਹਿੰਦੇ ਹਨ। ਜਦੋਂ ਤੁਸੀਂ ਮਨ ਨੂੰ ਕੇਂਦਰਤ ਕਰਨ ਦੀ ਸਮਰਥਾ ਨੂੰ ਵਿਕਸਿਤ ਕਰ ਲੈਂਦੇ ਹੋ ਫੇਰ ਤੁਸੀਂ ਉਸ ਦਾ ਪਸਾਰਾ ਕਰਦੇ ਹੋ ਉਸ ਨੂੰ ਉਨਤ ਕਰਦੇ ਹੋ, ਉਸ ਉਨਤ ਕਰਨ ਹੀ ਮੈਡੀਟੇਸ਼ਨ ਕਹਿੰਦੇ ਹਨ। ਚੇਤਨਾ ਦਾ ਵਿਸਤਾਰ ਕੀਤੇ ਬਿਨਾਂ ਤੁਸੀਂ ਕਦੇ ਪ੍ਰਫੁਲਤ ਨਹੀਂ ਹੋ ਸਕਦੇ, ਤੁਸੀਂ ਆਪਣੀਆਂ ਸੀਮਾਂ ਦੇ ਅੰਦਰ ਹੀ ਰਹਿੰਦੇ ਹੋ, ਸੀਮਾ ਜਿਹੜੀਆਂ ਤੁਸੀਂ ਆਪ ਆਪਣੇ ਲਈ ਬਣਾਈਆਂ ਹਨ, ਆਪਣੀਆਂ ਇਛਾਵਾਂ ਨਾਲ ਬਣਾਈਆਂ ਹਨ ਆਪਣੀ ਤੰਗ ਦਿਲੀ ਨਾਲ ਬਣਾਈਆਂ ਹਨ ਆਪਣੇ ਸੁਆਰਥ ਨਾਲ ਬਣਾਈਆਂ ਹਨ। ਵਿਸਤ੍ਰਿਤਾ ਫੈਲਣਾ ਜੀਵਨ ਦਾ ਸਿਧਾਂਤ ਹੈ, ਇਸ ਸਿਧਾਂਤ ਤੋਂ ਉਲਟ ਜਾਣ ਤੋਂ ਭਾਵ ਹੈ ਆਪਣੇ ਆਪ ਲਈ ਅਗਿਆਨ ਵਧਾਉਣਾ।

ਜਦੋਂ ਤੁਸੀਂ ਕਿਸੇ ਵੀ ਗੱਲ ਦਾ ਵਿਸ਼ਲੇਸ਼ਨ ਕਰ ਲੈਂਦੇ ਹੋ, ਇਹ ਫੈਸਲਾ ਕਰ ਲੈਂਦੇ ਹੋ ਕੀ ਕਰਨਾ ਹੈ, ਦ੍ਰਿੜ੍ਹਤਾ ਨਾਲ ਕਰਨਾ ਹੈ, ਫੇਰ ਤੁਹਾਨੂੰ ਕੰਮ ਕਰ ਲੈਣਾ ਚਾਹੀਦਾ ਹੈ,

ਕ੍ਰਿਆ ਕਰ ਲੈਣੀ ਚਾਹੀਦੀ ਹੈ, ਜੇ ਤੁਸੀਂ ਉਦੋਂ ਉਹ ਕਰ ਲੈਂਦੇ ਹੋ ਫੇਰ ਤੁਸੀਂ ਅਸਫਲ ਨਹੀਂ ਹੁੰਦੇ ਪਰ ਜੇ ਕਿਤੇ ਤੁਸੀਂ ਅੰਤਮ ਪੌੜੀ ਨਹੀਂ ਚੜ੍ਹਦੇ, ਪਤਾ ਹੁੰਦਿਆਂ ਵੀ ਨਹੀਂ ਚੜ੍ਹਦੇ ਕੀ ਕਰਨਾ ਹੈ ਕਿਸ ਤਰ੍ਹਾਂ ਕਰਨਾ ਹੈ, ਫੇਰ ਤੁਸੀਂ ਰਹਿ ਗਏ। ਪੂਰਨ ਗਿਆਨ ਹੋਣ ਤੋਂ ਭਾਵ ਹੈ ਕਿ ਤੁਹਾਨੂੰ ਪਤਾ ਹੈ ਤੁਸੀਂ ਕੀ ਕਰਨਾ ਹੈ, ਕਿਸ ਤਰ੍ਹਾਂ ਕਰਨਾ ਹੈ, ਤੁਸੀਂ ਉਸ ਨੂੰ ਸਮੇਂ ਸਿਰ ਕਰੋ। ਸੰਸਕ੍ਰਿਤ ਦਾ ਇਕ ਸ਼ਬਦ ਹੈ 'ਅਪਤਾ' (apta) ਜਿਸ ਦਾ ਅਰਥ ਹੈ ਉਹ ਮਨੁੱਖ ਜਿਸਦੀ ਸੋਚਣੀ, ਕਥਨੀ ਤੇ ਕਰਨੀ ਇਕ ਹੋਵੇ। ਗਿਆਨੀ ਲਈ ਸੋਚਣਾ, ਕਹਿਣਾ ਕਰਨਾ ਇਕੋ ਹੀ ਹੈ। ਜੇ ਤੁਸੀਂ ਕੰਮ ਨਹੀਂ ਕਰਦੇ ਤਾਂ ਤੁਸੀਂ ਪ੍ਰਯੋਗ ਨਹੀਂ ਕਰ ਰਹੇ, ਜੋ ਕੁਝ ਤੁਸੀਂ ਸੋਚਿਆ ਹੈ, ਵਿਸ਼ੇਲੇਸ਼ਨ ਕੀਤਾ ਹੈ, ਨਿਰਣਾ ਲਿਆ ਹੈ ਉਸ ਉਤੇ ਤੁਸੀਂ ਅਮਲ ਕਰ ਹੀ ਨਹੀਂ ਰਹੇ, ਜਿਸ ਤੋਂ ਇਹ ਭਾਵ ਹੈ ਜੋ ਤੁਸੀਂ ਸੋਚਿਆ ਹੈ, ਫੈਸਲਾ ਕੀਤਾ ਹੈ ਤੁਸੀਂ ਉਸ ਬਾਰੇ ਭਰੋਸਾ ਹੀ ਨਹੀਂ ਰੱਖਦੇ, ਤੁਹਾਨੂੰ ਆਪਣੇ ਆਪ ਉਤੇ ਹੀ ਭਰੋਸਾ ਨਹੀਂ। ਜੇ ਤੁਹਾਨੂੰ ਭਰੋਸਾ ਹੀ ਨਹੀਂ ਫੇਰ ਤੁਸੀਂ ਸਵੈ ਨਿਰਭਰ ਨਹੀਂ ਹੋ ਸਕਦੇ। ਸਵੈ ਨਿਰਭਰਤਾ ਉਦੋਂ ਹੀ ਆਉਂਦੀ ਹੈ ਜਦੋਂ ਤੁਸੀਂ ਕੋਈ ਕੰਮ ਕਰ ਲੈਂਦੇ ਹੋ। ਕੰਮ ਕਰਨ ਤੋਂ ਬਾਅਦ ਹੀ ਤੁਹਾਨੂੰ ਆਪਣੀ ਸਮਰੱਥਾ ਪਤਾ ਲਗਦੀ ਹੈ।

ਮੈਡੀਟੇਸ਼ਨ ਕਰਕੇ ਤੁਸੀਂ ਆਪਣੇ ਮਨ ਦਾ ਉਹ ਭਾਗ ਕੰਟਰੋਲ ਕਰ ਸਕਦੇ ਹੋ ਜਿਹੜਾ ਰੋਜ਼ ਵਰਤੋਂ ਵਿਚ ਆਉਂਦਾ ਹੈ। ਜਦੋਂ ਤੁਹਾਡੀ ਚੇਤਨਾ ਉਪਰ ਉਠਣ ਲਗ ਪੈਂਦੀ ਹੈ ਉਦੋਂ ਤੁਸੀਂ ਜੀਵਨ ਦੇ ਇਕ ਹੋਰ ਪੱਧਰ ਲਈ ਸੁਚੇਤ ਹੋ ਜਾਂਦੇ ਹੋ, ਤੁਹਾਨੂੰ ਵਧੇਰੇ ਸਮਝ ਆਉਣ ਲਗ ਪੈਂਦੀ ਹੈ, ਜੇ ਤੁਸੀਂ ਮੈਡੀਟੇਸ਼ਨ ਨਾ ਕਰੋ ਫੇਰ ਤੁਹਾਨੂੰ ਪਤਾ ਨਹੀਂ ਲਗਦਾ ਚੇਤਨਤਾ ਕਿਵੇਂ ਵਿਸਤ੍ਰਿਤ ਕਰੋ। ਫੇਰ ਤੁਹਾਡਾ ਦ੍ਰਿਸ਼ਟੀਕੋਣ ਤੰਗ ਹੀ ਰਹਿੰਦਾ ਹੈ, ਬਿਲਕੁਲ ਉਸ ਤਰ੍ਹਾਂ ਜਿਵੇਂ ਤੁਸੀਂ ਆਪਣੇ ਘਰ ਦੀ ਖਿੜਕੀ ਵਿਚੋਂ ਬਾਹਰ ਦੇਖਦੇ ਹੋ ਪਰ ਜਦੋਂ ਤੁਸੀਂ ਚੇਤਨਾ ਨੂੰ ਵਿਸਤ੍ਰਿਤ ਕਰ ਲੈਂਦੇ ਹੋ ਫੇਰ ਇਸ ਤਰ੍ਹਾਂ ਲਗਦਾ ਹੈ ਜਿਵੇਂ ਤੁਸੀਂ ਦਰਵਾਜ਼ੇ ਰਾਹੀਂ ਜਾ ਰਹੇ ਹੋ, ਖਿੜਕੀ ਵਾਲੀ ਗੱਲ ਖਤਮ ਹੋ ਜਾਂਦੀ ਹੈ।

ਬਿਲਕੁਲ ਉਸ ਤਰ੍ਹਾਂ ਹੀ ਹੁੰਦਾ ਹੈ ਜਿਵੇਂ ਤੁਸੀਂ ਛੋਟੀ ਜਿਹੀ ਖਿੜਕੀ ਵਿਚੋਂ ਦੇਖ ਰਹੇ ਹੋਵੋ, ਤੁਸੀਂ ਖਿੜਕੀ ਵਿਚੋਂ ਤਾਂ ਓਨਾ ਹੀ ਦੇਖ ਸਕਦੇ ਹੋ ਜਿੰਨਾਂ ਉਸ ਵਿਚੋਂ ਦਿਸ ਸਕੇ, ਜਿਹੜਾ ਕਿ ਸੀਮਤ ਹੀ ਹੋਵੇਗਾ, ਭਾਵੇਂ ਕਿੰਨਾ ਵੀ ਹੋਵੇ, ਉਹ ਸੀਮਤ ਹੀ ਹੋਵੇਗਾ, ਪਰ ਜਦੋਂ ਤੁਸੀਂ ਘਰੋਂ ਬਾਹਰ ਚਲੇ ਜਾਂਦੇ ਹੋ ਤਾਂ ਜਾਂ ਛੱਤ ਤੇ ਚਲੇ ਜਾਂਦੇ ਹੋ ਤੁਹਾਨੂੰ ਬਹੁਤ ਵੱਡਾ, ਬਹੁਤ ਵਿਸਤਾਰ ਨਾਲ ਦਿਸਣ ਲਗ ਪੈਂਦਾ ਹੈ, ਵਧੇਰੇ ਸਾਫ ਦਿਸਣ ਲਗ ਪੈਂਦਾ ਹੈ। ਏਸੇ ਸਿਧਾਂਤ ਨੂੰ ਲੈ ਕੇ ਦੇਖੀਏ ਤਾਂ ਕਿਵੇਂ ਤੁਹਾਡੀ ਚੇਤਨਤਾ ਦਾ ਪਸਾਰਾ ਹੁੰਦਾ ਹੈ, ਤੁਹਾਡੀ ਦ੍ਰਿਸ਼ਟੀ ਸ਼ਕਤੀ ਵਧਦੀ ਹੈ, ਸਾਫ ਹੁੰਦੀ ਹੈ, ਤੁਸੀਂ ਚੀਜ਼ਾਂ ਨੂੰ ਉਸ ਤਰ੍ਹਾਂ ਦੇਖ ਸਕਦੇ ਹੋ ਜਿਸ ਤਰ੍ਹਾਂ ਵਾਸਤਵ ਵਿਚ ਉਹ ਹਨ। ਸਮਾਧੀ ਦੀ ਅਵਸਥਾ ਵਿਚ ਤੁਸੀਂ ਚੇਤਨਾ ਦਾ ਪਸਾਰਾ ਕਰਨਾ ਸਿਖਦੇ ਹੋ, ਸਾਰੀਆਂ ਸੀਮਾਂ ਲੰਘਣਾ ਸਿਖਦੇ ਹੋ, ਅੰਤ ਵਿਚ ਵਿਸ਼ਵ ਚੇਤਨਾ ਨਾਲ ਜੁੜ ਜਾਂਦੇ ਹੋ।

ਸੋ ਲਗਾਤਾਰ ਅਭਿਆਸ ਕਰਨ ਨਾਲ ਸਬਰ, ਸੰਤੋਖ ਨਾਲ, ਪ੍ਰੇਖਣ ਕਰਨ ਨਾਲ, ਵਿਸ਼ਲੇਸ਼ਨ ਨਾਲ, ਵਿਵੇਕ ਨਾਲ, ਦ੍ਰਿੜ੍ਹਤਾ ਨਾਲ ਅਤੇ ਠੀਕ ਕੰਮ ਕਰਨ ਨਾਲ ਮਨ ਇਕਾਗਰ ਹੁੰਦਾ ਹੈ, ਇਕਾਗਰ ਮਨ ਮੈਡੀਟੇਸ਼ਨ ਵਧੇਰੇ ਚੰਗੀ ਤਰ੍ਹਾਂ ਕਰ ਸਕਦਾ ਹੈ, ਅੰਤ ਵਿਚ ਤੁਸੀਂ ਸਮਾਧੀ ਦੀ ਅਵਸਥਾ ਤੇ ਪਹੁੰਚ ਜਾਂਦੇ ਹੋ। ਪੂਰਨ ਸ਼ਾਂਤ ਅਵਸਥਾ ਤੇ ਪਹੁੰਚ ਜਾਂਦੇ ਹੋ, ਪੂਰਨ ਸਥਿਰਤਾ ਪ੍ਰਾਪਤ ਕਰ ਲੈਂਦੇ ਹੋ, ਇਸ ਅਵਸਥਾ ਤੇ ਪਹੁੰਚ ਕੇ ਤੁਸੀਂ ਭਾਵੇਂ ਸਾਰਾ ਕੁਝ ਕਰਦੇ ਰਹਿੰਦੇ ਹੋ, ਸੰਸਾਰ ਵਿਚ ਵਿਚਰਦੇ ਹੋ, ਪਰ ਸੰਸਾਰ ਦੇ ਹੁੰਦੇ ਨਹੀਂ, ਕੰਮ ਕਾਜ ਕਰਦਿਆਂ ਹੋਇਆਂ ਵੀ ਉਸ ਤੋਂ ਉਪਰ ਉਸ ਤੋਂ ਪਰ੍ਹੇ ਹੀ ਰਹਿੰਦੇ ਹਨ, ਕੋਈ ਵੀ ਗੱਲ ਕੋਈ ਵੀ ਚੀਜ਼ ਤੁਹਾਨੂੰ ਅਸਰ ਨਹੀਂ ਕਰਦੀ ਜਿਵੇਂ ਤੁਹਾਡੀ ਚੇਤਨਾ ਸਮਾਧੀ ਦੀ ਅਵਸਥਾ ਤੇ ਪਹੁੰਚਦੀ ਹੈ ਤੁਹਾਡਾ ਗਿਆਨ ਵਧਦਾ ਹੀ ਚਲਿਆ ਜਾਂਦਾ ਹੈ, ਉਦੋਂ ਤੱਕ ਵਧਦਾ ਜਾਂਦਾ ਹੈ ਜਦੋਂ ਤੱਕ ਤੁਹਾਡਾ ਪੂਰਾ ਰੂਪ ਪਰਿਵਰਤਨ ਨਾ ਹੋ ਜਾਵੇ, ਪੂਰੀ ਕਾਇਆ ਨਾ ਪਲਟ ਜਾਵੇ, ਤੁਸੀਂ ਸੰਪੂਰਣ ਨਾ ਹੋ ਜਾਵੋ, ਇਹ ਹੀ ਸਥਿਰਤਾ ਦੀ ਸ਼ਾਂਤੀ ਦੀ ਪੂਰਨ ਅਵਸਥਾ ਹੈ।

(******)

(ਪੰਨਾ 39 ਦਾ ਬਾਕੀ)

ਸੈਨਾਪਤ ਜੀ ਨੇ ਐਉਂ ਲਿਖੀ ਹੈ - ਬਚਨ ਕੀਓ ਕਰਨਹਾਰ, ਸੰਨਤ ਕੀਓ ਬਿਚਾਰ, ਸੁਪਨੋ ਸੰਸਾਰ ਜਾਨ ਕਾਹੇ ਲਪਟਾਈਐ। ਬਿਖਿਅਨ ਸੋਂ ਤਦ ਸਨੇਹ, ਸਤਿਗੁਰ ਕੀ ਸਿੱਖ ਲੇਹਿ, ਬਿਨਸੈ ਛਿਨ ਮਾਂਹਿ ਦੇਹਿ ਜਮਪੁਰਿ ਨ ਜਾਈ। ਸੀਸ ਨ ਮੁਡਾਵੈ ਮੀਤ, ਹੁੱਕਾ ਤਜਿ ਭਲੀ ਗੀਤਿ, ਮਨ ਮੈਂ ਕਰਿ ਪ੍ਰੇਮ ਪ੍ਰੀਤ, ਸੰਗਤ ਮੇਂ ਜਾਈਐ। ਜੀਵਨ ਦਿਨ ਚਾਰ ਸਮਝ ਦੇਖ, ਬੂਝਿ, ਮਨ ਵਿਚਾਰ, ਵਾਹਿਗੁਰੂ ਜੀ ਕਾ ਖਾਲਸਾ ਕਮਾਈਐ।

ਇਹ ਕਹਿ ਕੇ ਸੰਤ ਚੁੱਪ ਹੋ ਗਏ। ਥੋੜ੍ਹੀ ਦੇਰ ਬਾਅਦ ਬੋਲੇ ਖਾਲਸਾ ਜੀ! ਆਪ ਜੀ ਅੱਗੇ ਏਸ ਸਗੀਰ ਨੇ ਕਲਗੀਆਂ ਵਾਲੇ ਦੇ ਸੱਤ ਪਰਤਾਵੇ ਕਰਕੇ ਖਾਲਸਾ ਸਾਜਣਾ ਤੇ ਖਾਲਸੇ ਦਾ ਆਦਰਸ਼ ਧਰਿਆ ਹੈ, ਆਪਣੀ ਬੋਲੀ ਵਿਚ ਨਹੀਂ, ਕਿਸੇ ਮਗਰੋਂ ਹੋਏ ਗੁਣੀ ਦੇ ਅੱਖਰਾਂ ਵਿਚ ਨਹੀਂ, ਪਰ ਅੱਖੀਂ ਦੇਖਣ ਵਾਲੇ ਦਰਬਾਰ ਵਿਚ ਰਹਿਣ ਵਾਲੇ ਪਰਮ ਵਿਦਵਾਨ ਤੇ ਚੋਟੀ ਦੇ ਕਵੀ ਦਾ ਲੇਖ ਲਿਖਿਆ ਹੋਇਆ ਤੇ ਸ੍ਰੀ ਕਲਗੀਧਰ ਜੀ ਦਾ ਆਪਣਾ ਉਚਾਰਨ ਕੀਤਾ ਹੋਇਆ ਵਾਕ। ਇਸ ਲਈ ਕਿ ਸਾਡੇ ਸਾਰਿਆਂ ਦੀਆਂ ਅੱਖਾਂ ਅੱਗੇ ਸਦਾ ਤਾਜ਼ਾ ਰਹੇ ਖਾਲਸਾ ਦਾ ਆਦਰਸ਼। ਜਿਵੇਂ ਸਾਰਾ ਦਿਨ ਪਾਂਧੇ ਤੇ ਹੋਰ ਹੋਰ ਕੁਛ ਪੜ੍ਹਦੇ ਬੱਚੇ ਲੌਂਢੇ ਪਹਿਰ ਪਹਾੜਿਆਂ ਦੀ ਮੁਹਾਰਨੀ ਦੁਹਰਾਉਂਦੇ ਹਨ ਤਾਂ ਜੋ ਤਾਜ਼ਾ ਰਹੇ ਹਿਸਾਬ ਦਾ ਏਹ ਗੁਰ। ਤਿਵੇਂ ਜੇ ਅਸੀਂ ਉਪਰਲੇ ਵਾਕਾਂ ਨੂੰ ਅੱਖਾਂ ਅੱਗੇ ਰੱਖਾਂਗੇ ਤਾਂ ਤਾਜ਼ਾ ਰਹੇਗਾ ਆਦਰਸ਼ ਸਦਾ ਸਾਡੇ ਨੈਣਾਂ ਅੱਗੇ।

(********)

(ਪੰਨਾ 15 ਦਾ ਬਾਕੀ)

ਪ੍ਰੇਰਣਾ ਤੋਂ ਨੀਂਦ ਵਿਚ ਲੈ ਜਾਣਾ।

ਪਹਿਲਾਂ ਮੈਂ ਇਕ ਸੀ, ਮੈਨੂੰ ਆਪਣੇ ਅਨੁਭਵ ਦਾ ਕੋਈ ਪਤਾ ਨਹੀਂ ਸੀ ਫੇਰ ਮੈਨੂੰ ਗੱਲਾਂ ਦੱਸੀਆਂ ਗੀਆਂ ਮੈਂ ਇਕ ਤੋਂ ਦੋ ਬਣਿ ਗਿਆ। ਪਹਿਲਾਂ ਮੈਂ ਸੀ ਮੈਂ ਚੰਗਾ ਸੀ।

ਫੇਰ ਇਕ ਹੋਰ ਮੈਂ ਬਣ ਗਿਆ। ਬਾਹਰੋਂ ਇਕ ਸੱਤਹ ਬਣ ਗਈ, ਇਹ ਕਾਫੀ ਗੜਬੜ ਸੀ। ਫੇਰ ਇਕ ਹੋਰ, ਮੈਂ ਬਹੁਤ ਘਬਰਾ ਗਿਆ, ਕਿਉਂਕਿ ਬਾਹਰ ਬਹੁਤ ਸਾਰੀਆਂ ਸਤੱਹ ਇਕਠੀਆਂ ਹੋ ਗਈਆਂ।

ਠੀਕ ਤਰ੍ਹਾਂ ਬੈਠੋ, ਜਾਓ ਜਾ ਕੇ ਨੱਕ ਚੰਗੀ ਤਰ੍ਹਾਂ ਨਾਲ ਸਾਫ ਕਰਕੇ ਆਓ, ਰਾਤ ਨੂੰ ਫਲੱਸ਼ ਨਾ ਕਰੋ ਕਿਉਂਕਿ ਜੇ ਤੁਸੀਂ ਕਰੋਗੇ ਤਾਂ ਦੂਸਰਿਆਂ ਦੀ ਨੀਂਦ ਖੁਲ੍ਹ ਜਾਏਗੀ। ਤੁਹਾਨੂੰ ਲੋਕਾਂ ਪ੍ਰਤਿ ਚੰਗੇ ਹੋਣਾ ਚਾਹੀਦਾ ਹੈ, ਭਾਵੇਂ ਤੁਹਾਨੂੰ ਕੋਈ ਚੰਗਾ ਨਾ ਵੀ ਲੱਗੇ ਤਾਂ ਵੀ ਤੁਸੀਂ ਜ਼ਰੂਰ ਉਸ ਨਾਲ ਠੀਕ ਹੀ ਵਿਹਾਰ ਕਰੋ ਕਿਸੇ ਦਾ ਦਿਲ ਨਾ ਦੁਖਾਓ, ਸਪਸ਼ਟ ਬਣੋ, ਈਮਾਨਦਾਰ ਬਣੋ। ਜੇ ਤੁਸੀਂ ਲੋਕਾਂ ਨੂੰ ਇਹ ਨਹੀਂ ਦੱਸ ਸਕਦੇ ਤੁਸੀਂ ਕੌਣ ਹੋ ਤਾਂ ਤੁਸੀਂ ਬੁਜ਼ਦਿਲ ਹੋ।

ਸਭ ਤੋਂ ਜ਼ਰੂਰੀ ਗੱਲ ਹੈ ਕਿ ਤੁਹਾਡਾ ਕੋਈ ਵਿਵਸਾਇ ਹੋਣਾ ਚਾਹੀਦਾ ਹੈ। ਵਿਆਹ ਕਰਾਉਣਾ ਵੀ ਜ਼ਰੂਰੀ ਹੈ ਸਾਰਿਆਂ ਨਾਲ ਚੰਗੇ ਰਹੋ, ਚੰਗਾ ਵਿਵਹਾਰ ਕਰੋ। ਤੁਹਾਡੇ ਬੈਂਕ ਵਿਚ ਪੈਸੇ ਹੋਣੇ ਬੜੇ ਜ਼ਰੂਰੀ ਹਨ। ਤੁਹਾਡੇ ਵਰਗੇ ਲੋਕ ਤੁਹਾਨੂੰ ਮਿਲਣੇ ਚਾਹੀਦੇ ਹਨ। ਤੁਹਾਡਾ ਵਿਵਹਾਰ ਕੁਸ਼ਲ ਹੋਣਾ ਚਾਹੀਦਾ ਹੈ। ਆਪਣਾ ਆਪ ਸਾਂਭ ਕੇ ਰੱਖੋ। ਕੋਸ਼ਿਸ਼ ਕਰੋ ਤੁਸੀਂ ਸਭ ਤੋਂ ਅੱਗੇ ਰਹੋ। ਸਭ ਤੋਂ ਜ਼ਰੂਰੀ ਹੈ ਤੁਸੀਂ ਆਪਣੇ ਮਾਤਾ ਪਿਤਾ ਨਾਲ ਪਿਆਰ ਕਰੋ। ਤੁਹਾਨੂੰ ਸੁਤੰਤਰ ਹੋਣਾ ਚਾਹੀਦਾ ਹੈ ਆਪਣੇ ਪ੍ਰਤੀ। ਆਪਣੀ ਪਤਨੀ ਪ੍ਰਤੀ ਕਰਤੱਵ ਪੂਰਾ ਕਰਨਾ ਚਾਹੀਦਾ ਹੈ। ਚੰਗੀਆਂ ਪੁਸਤਕਾਂ ਪੜ੍ਹਨੀਆਂ ਚਾਹੀਦੀਆਂ ਹਨ।

ਬਹੁਤ ਵਾਰੀ ਮੈਂ ਉਹ ਕਰਦਾ ਹਾਂ ਜੋ ਦੂਸਰੇ ਕਹਿੰਦੇ ਹਨ, ਮੈਂ ਐਨਾ ਪ੍ਰਭਾਵਿਤ ਹੋ ਜਾਂਦਾ ਹਾਂ ਕਿ ਮੈਂ ਉਹ ਹੀ ਕਰਦਾ ਹਾਂ। ਫੇਰ ਮੈਂ ਸੋਚਦਾ ਹਾਂ ਮੈਂ ਕੌਣ ਹਾਂ। (ਇਹ ਵੱਖ-ਵੱਖ ਸੁਝਾਅ, ਸਲਾਹ ਦੱਸੀਆਂ ਗਈਆਂ ਹਨ)

ਹੁਣ ਤੱਕ ਅਸੀਂ ਉਹ ਪ੍ਰੇਰਣਾਵਾਂ ਦੱਸੀਆਂ ਹਨ ਜਿਹੜੀਆਂ ਰੋਜ਼ ਮਿਲਦੀਆਂ ਹਨ। ਸਾਡੇ ਲਈ ਪਰ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਪ੍ਰੇਰਣਾ, ਸੁਝਾਅ ਇਨ੍ਹਾਂ ਨੇ ਸਾਡੇ ਜੀਵਨ ਵਿਚ ਇਕ ਬਹੁਤ ਹੀ ਉਤਮ ਭੂਮਿਕਾ ਨਿਭਾਈ ਹੈ, ਬਚਪਨ ਤੋਂ ਸ਼ੁਰੂ ਹੋ ਕੇ ਵੱਡੇ ਹੋਣ ਤਕ, ਹੁਣ ਤੱਕ ਵੀ ਚਲ ਰਹੀ ਹੈ। ਬਹੁਤ ਸਾਰੇ ਸੁਝਾਅ ਸਾਨੂੰ ਸਾਡੇ ਮਾਤਾ ਪਿਤਾ ਨੇ ਹੀ ਦਿਤੇ ਹਨ, ਇਨ੍ਹਾਂ ਪ੍ਰੇਰਣਾ ਨਾਲ ਹੀ ਸਾਡਾ ਆਪਾ ਬਣਿਆ, ਆਪੇ ਦੀ ਧਾਰਨਾ ਬਣੀ ਇਕ ਅੰਗ੍ਰੇਜ਼ ਮਨੋਚਿਕਿਤਸਕ ਨੇ ਦੱਸਿਆ ਹੈ ਕਿ ਅਸੀਂ ਬਚਪਨ ਤੋਂ ਹੀ ਪਰੇਰੇ ਜਾ ਰਹੇ ਹਾਂ। ਸਾਨੂੰ ਦੱਸਿਆ ਜਾ ਰਿਹਾ ਹੈ ਕਿ ਅਸੀਂ ਇਸ ਤਰ੍ਹਾਂ ਦੇ ਹਾਂ ਸਾਡਾ ਸ੍ਵੈ ਇਸ ਤਰ੍ਹਾਂ ਦਾ ਹੈ ਉਸ ਨੇ ਦੱਸਿਆ ਹੈ ਕਿ ਅਸੀਂ ਬਹੁਤ ਸਾਰੇ ਅਜੇ ਇਕ ਤਰ੍ਹਾਂ ਦੀ ਨੀਂਦ ਵਿਚੋਂ ਨਿਕਲ ਰਹੇ ਹਾਂ ਅਸੀਂ ਇਕ ਤਰ੍ਹਾਂ ਦੀ ਸਮਾਧੀ ਵਿਚੋਂ ਨਿਕਲ ਰਹੇ ਹਾਂ, ਉਹ ਸਮਾਧੀ ਜਿਹੜੀ ਬਚਪਨ ਤੋਂ ਸ਼ੁਰੂ ਹੋਈ ਸੀ।

ਜਿਵੇਂ-ਜਿਵੇਂ ਅਸੀਂ ਵੱਡੇ ਹੋ ਰਹੇ ਸੀ ਸਾਡੇ ਮਾਤਾ ਪਿਤਾ ਕੁਝ ਨਾ ਕੁਝ ਤਾਂ ਸਾਨੂੰ ਕਹਿੰਦੇ ਹੀ ਰਹਿੰਦੇ ਸੀ ਜਿਵੇਂ ਤੂੰ ਬਹੁਤ ਸ਼ਰਾਰਤੀ ਹੈਂ ਤੇਰੀਆਂ ਇਹ ਗੱਲਾਂ ਤਾਂ ਬਹੁਤ ਹੀ ਮਾੜੀਆਂ ਹਨ, ਇਹ ਆਦਤਾਂ ਬਹੁਤ ਬੁਰੀਆਂ ਹਨ, ਤੂੰ ਬਹੁਤ ਸੁਸਤ ਹੈਂ। ਕਹਿਣ ਤੋਂ ਭਾਵ ਹੈ ਉਹ ਤੁਹਾਨੂੰ ਕੋਈ ਨਾ ਕੋਈ ਗੁਣ ਅਵਗੁਣ ਦੱਸਦੇ ਹੀ ਰਹਿੰਦੇ ਹਨ, ਫੇਰ ਤੁਹਾਡੇ ਅਧਿਆਪਕ, ਤੁਹਾਡੇ ਮਿਤਰ ਤੁਹਾਡੇ ਨਾਲ, ਪੜ੍ਹਨ ਵਾਲੇ ਇਹ ਸਾਰੇ ਕੁਝ ਨਾ ਕੁਝ ਤਾਂ ਹੋਰ ਨਾਲ ਜੋੜਦੇ ਹੀ ਰਹਿੰਦੇ ਹਨ। ਹੌਲੀ-ਹੌਲੀ ਇਹ ਜਮ੍ਹਾਂ ਹੁੰਦੇ ਹੀ ਰਹਿੰਦੇ ਹਨ, ਪੱਕੇ ਵੀ ਹੁੰਦੇ ਰਹਿੰਦੇ ਹਨ, ਤੁਹਾਡੇ ਵਿਅਕਤੀਤ੍ਵ ਦੀ ਪਰੀਭਾਸ਼ਾ ਬਣ ਜਾਂਦੇ ਹਨ। ਇਹ ਸਾਰੇ ਗੁਣ ਅਵਗੁਣ ਮਿਲ ਕੇ ਤੁਹਾਡੀ ਸਖਸ਼ੀਅਤ ਦਾ ਮੁੱਢ ਬਣ ਜਾਂਦੇ ਹਨ ਸੋ ਤੁਸੀਂ ਆਪਣੇ ਆਪ ਨੂੰ ਹੁਣ ਆਲਸੀ ਸੁਸਤ, ਕਈ ਗੱਲਾਂ ਵਿਚ ਭੈੜੇ ਹੋਰ ਜੋ ਵੀ ਕੁਝ, ਤੁਸੀਂ ਆਪਣੇ ਆਪ ਲਈ ਉਹ ਹੀ ਸੋਚਣ ਲਗ ਪੈਂਦੇ ਹੋ ਤੁਹਾਡਾ ਆਪਾ ਇਸ ਦੇ ਅਨੁਸਾਰ ਹੀ ਢਲ ਜਾਂਦਾ ਹੈ ਇਨ੍ਹਾਂ ਸੁਝਾਵਾਂ ਨਾਲ ਉਸ ਤਰ੍ਹਾਂ ਹੀ ਤੁਸੀਂ ਢਲ ਜਾਂਦਾ ਹੈ।

ਇਸੇ ਪ੍ਰਕਾਰ ਜੇ ਸਾਨੂੰ ਸਾਰਿਆਂ ਨੂੰ ਸੁਝਾਅ ਦਿੰਦੇ ਰਹੋ, ਤੁਸੀਂ ਉਸੇ ਤਰ੍ਹਾਂ ਦੇ ਬਣ ਜਾਓਗੇ। ਹੋਰ ਅਸੀਂ ਕੀ ਹੋ ਸਕਦੇ ਸੀ ਉਹ ਸਭ ਬੰਦ ਹੋ ਜਾਂਦੇ ਹਨ, ਸਾਡਾ ਸਵੈ ਹੀ ਬਦਲ ਜਾਂਦਾ ਹੈ, ਸਾਡੇ ਵਾਸਤਵਿਕ ਸਵੈ ਤੋਂ ਹਟ ਜਾਂਦਾ ਹੈ। ਮੰਨ ਲਓ ਜੇ ਅਸੀਂ ਆਪਣੇ ਆਪ ਨੂੰ ਠੀਕ ਤਰ੍ਹਾਂ ਨਹੀਂ ਕਰ ਸਕਦੇ ਜਾਂ ਲੋਕਾਂ ਨਾਲ ਸਾਡਾ ਵਿਵਹਾਰ ਬਹੁਤ ਠੀਕ ਨਹੀਂ ਹੁੰਦਾ, ਅਸੀਂ ਠੀਕ ਤਰ੍ਹਾਂ ਨਾਲ ਕੰਮ ਨਹੀਂ ਕਰ ਸਕਦੇ, ਜੇ ਅਸੀਂ ਕਿਸੇ ਸੰਵੇਗਾਕ ਸਮੱਸਿਆ ਵਿਚੋਂ ਲੰਘ ਰਹੇ ਹਾਂ, ਕਿਸੇ ਮਨੋਵਿਗਿਆਨਕ ਸਮੱਸਿਆ ਵਿਚ ਹਾਂ। ਇਸ ਹਾਲਤ ਵਿਚ ਬਹੁਤ ਵਾਰੀ ਅਸੀਂ ਇਹੋ ਜਿਹੀ ਹਾਲਤ ਵਿਚ ਆਪਣੇ ਬਾਰੇ ਨਹੀਂ ਸੁਣ ਸਕਦੇ ਨਹੀਂ ਸਹਿਣ ਕਰ ਸਕਦੇ ਪਰ ਜੇ ਅਸੀਂ ਆਪਣਾ ਵਿਕਾਸ ਕਰਨਾ ਹੈ, ਵਿਸਤਾਰ ਕਰਨਾ ਹੈ ਫੇਰ ਸਾਨੂੰ ਆਪਣੇ ਆਪ ਵਿਚ ਸੋਝੀ ਲਿਆਉਣੀ ਹੀ ਪਵੇਗੀ। ਹੇਠ ਲਿਖੀ ਕਹਾਣੀ ਵਿਚ ਦੱਸਿਆ ਗਿਆ ਹੈ ਕਿਵੇਂ ਤੁਸੀਂ ਆਪਣੇ ਆਪ ਨੂੰ ਜਗਾ ਸਕਦੇ ਹੋ।

ਸ਼ੇਰਾਂ ਦਾ ਇਕ ਝੁੰਡ ਬੱਕਰੀਆਂ ਦੇ ਝੁੰਡ ਤੇ ਹਮਲਾ ਕਰ ਰਿਹਾ ਸੀ, ਇਨ੍ਹਾਂ ਸ਼ੇਰਾਂ ਵਿਚ ਇਕ ਸ਼ੇਰਨੀ ਦੇ ਬੱਚਾ ਜੰਮ ਪਿਆ, ਉਧਰੋਂ ਸ਼ਿਕਾਰੀ ਵੀ ਆ ਗਏ ਉਨ੍ਹਾਂ ਨੇ ਗੋਲੀ ਚਲਾ ਦਿਤੀ ਇਸ ਹਫੜਾ ਦਫੜੀ ਵਿਚ ਉਹ ਸ਼ੇਰਨੀ ਬੱਚਾ ਛੱਡ ਕੇ ਚਲੀ ਗਈ। ਉਹ ਬੱਚਾ ਬੱਕਰੀਆਂ ਦੇ ਪਿਛੇ ਚਲਾ ਗਿਆ। ਬੱਕਰੀਆਂ ਨੇ ਉਸ ਦੀ ਦੇਖਭਾਲ ਕਰਨੀ ਸ਼ੁਰੂ ਕਰ ਦਿਤੀ,

ਉਹ ਬੱਕਰੀਆਂ ਵਿਚ ਹੀ ਰਹਿੰਦਾ ਰਿਹਾ, ਉਨ੍ਹਾਂ ਦੀ ਤਰ੍ਹਾਂ ਵਿਵਹਾਰ ਕਰਦਾ ਰਿਹਾ। ਆਪਣੇ ਆਪ ਨੂੰ ਉਹ ਲਾਚਾਰ ਸਮਝਦਾ, ਝੱਟ ਹੀ ਡਰ ਜਾਂਦਾ ਸ਼ੇਰ ਦੀ ਤਰ੍ਹਾਂ ਗਰਜਨ ਦੀ ਥਾਂ ਉਹ ਤਾਂ ਬੱਕਰੀਆਂ ਦੀ ਤਰ੍ਹਾਂ ਕਰਨ ਲਗ ਪਿਆ।

ਇਕ ਦਿਨ ਫੇਰ ਐਸ ਤਰ੍ਹਾਂ ਹੋਇਆ ਕਿ ਸ਼ੇਰਾਂ ਨੇ ਫੇਰ ਬੱਕਰੀਆਂ ਤੇ ਹਮਲਾ ਕੀਤਾ, ਉਹ ਸ਼ੇਰ ਦਾ ਬੱਚਾ ਬਹੁਤ ਹੀ ਡਰ ਗਿਆ ਤੇ ਦੌੜਨ ਲੱਗਾ ਪਰ ਇਕ ਸ਼ੇਰ ਨੇ ਉਸਨੂੰ ਦੇਖ ਲਿਆ, ਉਸ ਨੇ ਦੌੜ ਕੇ ਇਸਨੂੰ ਫੜ ਲਿਆ ਤੇ ਪੁਛਿਆ ਉਹ ਇਥੇ ਕੀ ਕਰ ਰਿਹਾ ਹੈ, ਫੇਰ ਉਸ ਨੇ ਸਮਝਿਆ ਕਿ ਇਹ ਸ਼ੇਰ ਦਾ ਬੱਚਾ ਤਾਂ ਆਪਣੇ ਆਪ ਨੂੰ ਬੱਕਰੀ ਸਮਝ ਰਿਹਾ ਹੈ। ਸ਼ੇਰ ਉਸਨੂੰ ਸਮਝਾਉਂਦਾ ਰਿਹਾ ਪਰ ਉਹ ਨਹੀਂ ਸਮਝਿਆ, ਹਾਰ ਕੇ ਉਹ ਸ਼ੇਰ ਉਸਨੂੰ ਝੀਲ ਦੇ ਕੰਢੇ ਲੈ ਗਿਆ ਤੇ ਉਸ ਦਾ ਪਰਛਾਵਾਂ ਉਸ ਨੇ ਪਾਣੀ ਵਿਚ ਦਿਖਾਇਆ, ਇਸ ਤਰ੍ਹਾਂ ਨਾਲ ਪ੍ਰਤੱਖ ਦੇਖ ਕੇ ਉਹ ਹੈਰਾਨ ਹੋ ਗਿਆ ਤੇ ਉਸ ਨੇ ਸਮਝ ਲਿਆ ਕਿ ਉਹ ਬੱਕਰੀ ਨਹੀਂ ਜਿਸ ਦੀ ਉਹ ਕਲਪਨਾ ਕਰਦਾ ਰਿਹਾ, ਉਹ ਤਾਂ ਵਾਸਤਵ ਵਿਚ ਸ਼ੇਰ ਹੈ।

ਇਹ ਇਕੱਲੇ ਉਸ ਸ਼ੇਰ ਦੀ ਹੀ ਕਹਾਣੀ ਨਹੀਂ ਇਹ ਸਾਡੇ ਸਾਰਿਆਂ ਨਾਲ ਹੀ ਹੈ, ਅਸੀਂ ਆਪਣੇ ਬਾਰੇ ਇਕ ਧਾਰਨਾ ਬਣਾ ਲੈਂਦੇ ਹਾਂ, ਉਹ ਧਾਰਨਾ ਕੋਈ ਠੀਕ ਨਹੀਂ ਹੁੰਦੀ। ਇਹ ਧਾਰਨਾ ਤਾਂ ਦੂਸਰਿਆਂ ਨੇ ਸਾਡੀਆਂ ਸੀਮਾਂ ਬੰਨ੍ਹ ਕੇ ਬਣਾਣੀਆਂ ਹਨ। ਚਾਹੇ ਉਹ ਚਿਕਿਤਸਕ ਹੋਵੇ ਚਾਹੇ ਉਹ ਕੋਈ ਪੁਰਖ ਹੋਣ, ਗੁਰੂ ਹੋਣ ਜਾਂ ਕੋਈ ਤੁਹਾਡਾ ਮਾਰਗ ਦਰਸ਼ਕ ਹੋਵੇ, ਜਿਹੜਾ ਇਕ ਸੱਚਾ ਅਧਿਆਪਕ ਹੋਵੇ ਜਿਹੜਾ ਸਾਨੂੰ ਸਾਡਾ ਆਪਣਾ ਆਪ ਦਿਖਾ ਸਕੇ, ਉਹ ਸਾਨੂੰ ਪ੍ਰੇਰਣਾ ਤੋਂ ਪਰ੍ਹੇ ਲੈ ਜਾਂਦਾ ਹੈ, ਸਾਨੂੰ ਸੱਤ ਦਿਖਾ ਸਕਦਾ ਹੈ, ਇਹੋ ਜਿਹਾ ਗੁਰੂ ਹੀ ਆ ਕੇ ਕਹਿ ਸਕਦਾ ਹੈ ਜਾਗੋ, ਉਠੋ, ਤੁਸੀਂ ਵਾਸਤਵ ਵਿਚ ਇਹ ਨਹੀਂ ਹੋ, ਇਹ ਤੁਹਾਡਾ ਸਰੂਪ ਨਹੀਂ ਹੈ, ਇਹ ਗੁਣ ਅਵਗੁਣ ਜਿਹੜੇ ਹਨ ਇਹ ਤਾਂ ਬਨਾਵਟੀ ਹਨ, ਤੁਸੀਂ ਤਾਂ ਵਾਸਤਵ ਵਿਚ ਕੁਝ ਹੋਰ ਹੋ, ਤੁਹਾਡਾ ਸਰੂਪ ਕੁਝ ਹੋਰ ਹੈ। ਤੁਸੀਂ ਸੁਸਤ ਨਹੀਂ ਹੋ, ਤੁਸੀਂ ਸੁਆਰਥੀ ਨਹੀਂ ਹੋ, ਜੋ ਤੁਸੀਂ ਸੋਚਦੇ ਹੋ, ਤੁਸੀਂ ਉਹ ਨਹੀਂ ਹੋ। ਤੁਹਾਡੇ ਅੰਤਰ, ਪਿਆਰ ਹੈ, ਅਨੰਦ ਹੈ, ਗਿਆਨ ਹੈ, ਉਹ ਹੀ ਤੁਸੀਂ ਵਾਸਤਵ ਵਿਚ ਹੋ, ਤੁਸੀਂ ਦੇਖੋ, ਤੁਸੀਂ ਅੰਦਰ ਜਾਓ, ਇਹ ਹੀ ਤੁਹਾਡੇ ਵਾਸਤਵਿਕ ਗੁਣ ਹਨ। ਜੋ ਤੁਸੀਂ ਸਮਝ ਰਹੇ ਹੋ ਉਹ ਤਾਂ ਤੁਹਾਨੂੰ ਦਿਤੇ ਗਏ ਹਨ ਜਿਹੜੇ ਤੁਸੀਂ ਲੈ ਲਏ। ਏਸੇ ਨੂੰ ਜਾਗਣਾ ਕਹਿੰਦੇ ਹਨ ਆਪਣੇ ਅਸਲੀ ਸਰੂਪ ਨੂੰ ਜਾਨਣਾ

'ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ'

ਏਸੇ ਨੂੰ ਹੀ ਭੁਲੇਖੇ ਦੀ ਨੀਂਦ ਤੋਂ ਜਾਗਣ, ਸੁਚੇਤ ਹੋਣਾ, ਆਪਣੀ ਸੁੱਧ ਲੈਣ ਏਸੇ ਨੂੰ ਹੀ ਕਹਿੰਦੇ ਹਨ, ਆਪਣੇ ਆਤਮ ਤੱਤ ਨੂੰ ਜਾਣ ਲੈਣਾ ਪਛਾਣ ਲੈਣਾ, ਮੈਂ ਕੀ ਹਾਂ ਇਹ ਹੀ ਤੁਹਾਡਾ ਪ੍ਰਤੱਖ ਅਨੁਭਵ ਹੈ।

ਯੋਗ ਅਭਿਆਸ ਜਦੋਂ ਸ਼ੁਰੂ ਕਰਦੇ ਹਨ ਉਦੋਂ ਪਹਿਲਾਂ ਪਹਿਲ ਜਗਿਆਸੂ ਨਖੇਦੀ ਵਾਲੀ ਸਲਾਹ ਨੂੰ ਸਕਾਰਾਤਮਕ ਵਿਚ ਪ੍ਰਵਿਰਤ ਕਰਨਾ ਸਿਖਦਾ ਹੈ। ਅੰਤ ਵਿਚ ਜਗਿਆਸੂ ਵਿਅਕਤੀਗਤ ਸਿੱਧੇ ਅਨੁਭਵ ਤੇ ਪਹੁੰਚ ਜਾਂਦਾ ਹੈ ਜਿਥੇ ਕਿਸ ਦਾ ਵੀ ਪ੍ਰਭਾਵ ਨਹੀਂ ਪੈ ਸਕਦਾ। ਸਾਡੇ ਰੋਜ਼ ਦੇ ਬਹੁਤ ਸਾਰੇ ਸੁਝਾਓ ਤਾਂ ਅਟਕਲ ਪੱਚੂ ਹੀ ਹੁੰਦੇ ਹਨ ਐਧਰ ਓਧਰ ਦੇ ਹੀ ਹੁੰਦੇ ਹਨ। ਯੋਗ ਅਭਿਆਸ ਕਰਨ ਲੱਗਿਆਂ ਜਿਹੜੇ ਸੁਝਾਉ ਦਿਤੇ ਜਾਂਦੇ ਹਨ ਉਹ ਵਿਅਕਤੀਗਤਿ ਅਨੁਭਵ ਲਈ ਹੁੰਦੇ ਹਨ ਜਗਿਆਸੂਨੂੰ ਉਸ ਪਾਸੇ ਹੀ ਲੈ ਜਾਂਦੇ ਹਨ। ਇਹ ਸਾਰੇ ਸੁਝਾਉ ਇਕ ਦੂਸਰੇ ਦੇ ਵਿਪਰੀਤ ਨਹੀਂ ਹੁੰਦੇ ਇਹ ਤਾਂ ਇਕੋ ਦਸ਼ਾ ਵਲ ਲੈ ਕੇ ਜਾਣ ਵਾਲੇ ਹੁੰਦੇ ਹਨ। ਇਨ੍ਹਾਂ ਸੁਝਾਵਾਂ ਰਾਹੀਂ ਜਗਿਆਸੂ ਆਪਣੇ ਪਿਛਲੇ ਭੈ, ਚਿੰਤਾਵਾਂ, ਪਰੇਸ਼ਾਨੀਆਂ, ਸਵੈ ਸੰਕਲਪ ਤੋਂ ਛੁਟਕਾਰਾ ਪਾਉਂਦਾ ਹੈ। ਉਸਨੂੰ ਬਾਰ-ਬਾਰ ਵਰਤਮਾਨ ਵਿਚ ਰਹਿਣ ਲਈ ਯਾਦ ਕਰਾਇਆ ਜਾਂਦਾ ਹੈ, ਉਸ ਨੂੰ ਆਪਣੇ ਸਰੀਰ ਦੀ ਹੋਂਦ ਬਾਰੇ ਚੇਤਨ ਕੀਤਾ ਜਾਂਦਾ ਹੈ, ਸ੍ਵਾਸਾਂ ਬਾਰੇ ਦੱਸਿਆ ਜਾਂਦਾ ਹੈ, ਸੋਚ ਬਾਰੇ ਚੇਤਨ ਕਰਵਾਇਆ ਜਾਂਦਾ ਹੈ। ਇਹ ਦਸਿਆ ਜਾਂਦਾ ਹੈ ਕਿ ਉਹ ਇਨ੍ਹਾਂ ਸਾਰੀਆਂ ਕਿਰਿਆਵਾਂ ਬਾਰੇ ਚੇਤਨ ਰਹੇ। ਇਸ ਤਰ੍ਹਾਂ ਕਰਨ ਨਾਲ ਉਹ ਇਕ ਪ੍ਰੇਖਣ ਵਾਲੀ ਮਨੋਵਿਰਤੀ ਬਣਾ ਲੈਂਦਾ ਹੈ, ਉਹ ਬਾਹਰ ਦੇ ਸੁਝਾਵਾਂ ਵਿਚ ਉਲਝਣਾ ਹੌਲੀ-ਹੌਲੀ ਛੱਡ ਦਿੰਦਾ ਹੈ। ਸੁਝਾਅ ਸਭ ਤੋਂ ਪ੍ਰਮੁੱਖ ਤਰੀਕਾ ਹੈ ਜਿਸ ਤੋਂ ਅਸੀਂ ਸਿਖਦੇ ਹਾਂ, ਇਸ ਤਰ੍ਹਾਂ ਅਸੀਂ ਇਹ ਸਿੱਖ ਸਕਦੇ ਹਾਂ ਕਿ ਅਸੀਂ ਉਹ ਹੀ ਸੁਝਾਅ ਲਈਏ ਜਿਹੜੇ ਸਾਨੂੰ ਸਾਡੇ ਗੋਲ ਤੱਕ ਪਹੁੰਚਾ ਦੇਣ। ਸਾਨੂੰ ਸਲਾਹ ਤੋਂ ਅੱਗੇ ਜਾਣਾ ਪਵੇਗਾ ਯੋਗ ਸਾਨੂੰ ਸਿਖਾਉਂਦਾ ਹੈ ਕਿਵੇਂ ਸੁਝਾਅ ਨੂੰ ਕਾਬੂ ਕੀਤਾ ਜਾਵੇ ਕੰਟਰੋਲ ਕੀਤਾ ਜਾਵੇ, ਅਨੁਭਵ ਕੀਤਾ ਜਾਵੇ।

(******)

(ਪੰਨਾ 49 ਦਾ ਬਾਕੀ)

ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥
ਗੁਰ ਕੈ ਸਬਦਿ ਵਣਜਨਿ ਵਾਪਾਰੀ
ਨਦਰੀ ਆਪਿ ਮਿਲਾਇਦਾ ॥ ਅੰਗ - ੧੦੫੯

ਸੋ ਗੁਰੂ ਦੇ ਸ਼ਬਦ ਦੀ ਪ੍ਰਾਪਤੀ ਕਰਕੇ ਓਸ ਚੀਜ਼ ਤੱਕ ਅਸੀਂ ਪਹੁੰਚ ਸਕਦੇ ਹਾਂ।

ਸੋ ਇਸ ਤਰ੍ਹਾਂ ਦੇ ਨਾਲ ਆਪਣੀ ਕਾਇਆਂ ਦੀ ਖੋਜ ਕਰੀਏ ਤੇ ਖੋਜ ਕਰਨ ਤੋਂ ਬਾਅਦ ਉਹ ਪ੍ਰਾਪਤੀ ਕਰੀਏ ਜਿਸ ਵਲ ਗੁਰੂ ਮਹਾਰਾਜ ਦਾ ਇਸ਼ਾਰਾ ਹੈ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

(*******)

ਹਿਰਦੇ ਰੋਗ ਤੋਂ ਮੁਕਤੀ

ਮੇਜਰ ਸੋਹਨ ਸਿੰਘ

ਮਨੁੱਖ ਜੂਨੀ 84 ਲੱਖ ਜੂਨਾਂ ਵਿਚੋਂ ਸਭ ਤੋਂ ਉਚੀ ਅਤੇ ਵਧੀਆ ਹੈ।

ਲਖ ਚਉਰਾਸੀਹ ਜੋਨਿ ਸਬਾਈ ॥
ਮਾਣਸ ਕਉ ਪ੍ਰਭਿ ਦੀਈ ਵਡਿਆਈ ॥
ਅੰਗ - ੧੦੭੫

ਇਸੇ ਜੂਨ ਨੂੰ ਪ੍ਰਭੂ ਨੇ ਸਭ ਨਾਲੋਂ ਜ਼ਿਆਦਾ ਵਡਿਆਈ ਬਖਸ਼ੀ ਹੈ। ਇਸ ਜੂਨ ਨੂੰ ਦੇਵਦੇ ਵੀ ਤਰਸਦੇ ਹਨ ਜੋ ਕਿ ਸਾਡੇ ਤੋਂ ਉਪਰਲੇ ਲੋਕ ਵਿਚ ਹਨ -

ਇਸ ਦੇਹੀ ਕਉ ਸਿਮਰਹਿ ਦੇਵ ॥
ਸੋ ਦੇਹੀ ਭਜੁ ਹਰਿ ਕੀ ਸੇਵ ॥ ਅੰਗ - ੧੧੫੯

ਕਿਉਂਕਿ ਇਸੇ ਜੂਨ ਵਿਚ ਹੀ ਆ ਕੇ ਦੇਵਤੇ ਹੋਣ ਜਾਂ ਨੀਵੀਆਂ ਜੂਨਾਂ, ਮੁਕਤੀ ਪ੍ਰਾਪਤ ਕਰ ਸਕਦੇ ਹਨ।

ਇਸੁ ਪਉੜੀ ਤੇ ਜੋ ਨਰੁ ਚੂਕੈ
ਸੋ ਆਇ ਜਾਇ ਦੁਖੁ ਪਾਇਦਾ ॥ ਅੰਗ - ੧੦੭੫

ਭਾਵੇਂ ਚੰਗੇ (ਪੁੰਨ) ਕਰਮ ਕਰਕੇ ਉਪਰਲੇ ਲੋਕਾਂ ਵਿਚ ਚਲਾ ਜਾਵੇ ਜਾਂ ਮੰਦੇ (ਪਾਪ) ਕਰਮ ਕਰਕੇ ਹੇਠਲੀਆਂ ਜੂਨਾਂ ਵਿਚ ਚਲਿਆ ਜਾਵੇ। ਜੰਮਦਾ-ਮਰਦਾ ਹੀ ਰਹੇਗਾ ਅਤੇ ਦੁਖ ਪਾਉਂਦਾ ਰਹੇਗਾ। ਮਨੁੱਖ ਜੂਨ ਵੀ ਦੁੱਖ ਹੀ ਹੈ -

ਨਾਨਕ ਦੁਖੀਆ ਸਭ ਸੰਸਾਰ।

ਜੀਵਨ ਮੁਕਤੀ ਪਾ ਕੇ ਪ੍ਰਭੂ ਵਿਚ ਲੀਨ ਹੋ ਕੇ ਹੀ ਪਰਮ ਸੁਖ ਮਿਲਦਾ ਹੈ ਹੋਰ ਕੋਈ ਚਾਰਾ ਨਹੀਂ ਹੈ। ਮਨੁੱਖੀ ਜੀਵਨ ਧਾਰਾ ਦੇ ਦੋ ਮੋਟੇ-ਮੋਟੇ ਅੰਗ ਹਨ - 'ਨਾਮ ਰੂਪ' (ਮਨ ਜਾਂ ਚਿੱਤ - ਤਨ, ਸਰੀਰ, ਦੇਹ ਜਾਂ ਕਾਇਆ) ਆਤਮ ਮਾਰਗ ਦੇ ਪਾਂਧੀਆਂ ਨੂੰ ਇਹ ਸਮਝ ਲੈਣਾ ਪਵੇਗਾ ਕਿ ਨਾਮ ਰੂਪ ਦੋਵੇਂ ਹੀ ਤੰਦਰੁਸਤ ਆਰੋਗ ਅਤੇ ਮਜ਼ਬੂਤ, ਸਬਲ ਹੋਣ ਤੇ ਹੀ ਉਦੇਸ਼ ਦੀ ਪ੍ਰਾਪਤੀ ਹੋ ਸਕਦੀ ਹੈ। ਵਾਹਿਗੁਰੂ ਹਿਰਦੇ ਵਿਚ ਵਸਦਾ ਹੈ ਅਤੇ ਹਿਰਦਾ ਤੰਦਰੁਸਤ ਹੋਣਾ ਬਹੁਤ ਹੀ ਜ਼ਰੂਰੀ ਹੈ। ਹਿਰਦਾ ਰੂਪ ਦਾ ਮੁੱਖ ਅੰਗਾਂ ਵਿਚੋਂ ਸਭ ਨਾਲੋਂ ਮਹੱਤਵਪੂਰਣ ਅੰਗ ਹੈ -

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥
ਅੰਗ - ੧੪੨੭

ਵਾਹਿਗੁਰੂ ਹਰ ਥਾਂ ਮੌਜੂਦ ਹੈ ਪਰ ਮਿਲਦਾ ਹਿਰਦੇ ਦੇ ਰਾਹੀਂ ਹੀ ਹੈ -

ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥ ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥ ਅੰਗ - ੬੮੪

ਇਸ ਕਰਕੇ ਹੀ ਇਸ ਲੇਖ ਤੇ ਵਿਚਾਰ ਪ੍ਰਗਟ ਕਰਨ ਦੀ ਜ਼ਰੂਰਤ ਸਮਝੀ ਹੈ। 'ਆਤਮ ਮਾਰਗ' ਦੇ ਪਾਂਧੀਆਂ ਵਾਸਤੇ ਇਹ ਪਹਿਲਾ ਕਦਮ ਹੈ। 'A thousand miles journey starts with a first step| (Tao)

ਧਰਮ ਦੀ ਪਹਿਲੀ ਪਉੜੀ ਹੈ ਹਿਰਦੇ ਨੂੰ ਨਿਰੋਗ ਰਖਣਾ। ਪਹਿਲੀ ਪੌੜੀ ਤੇ ਜੋ ਚੜ੍ਹ ਜਾਏਗਾ ਉਸ ਤੋਂ ਆਸ ਕੀਤੀ ਜਾ ਸਕਦੀ ਹੈ ਕਿ ਛੱਤ ਤੱਕ ਪਹੁੰਚ ਹੀ ਜਾਵੇਗਾ। ਕਦਮ-ਕਦਮ ਕਰਕੇ ਹੀ ਇਹ ਜਨਮਾਂ-ਜਨਮਾਂਤਰਾਂ ਦੀ ਬਹੁਤ ਲੰਮੀ ਯਾਤਰਾ ਤਹਿ ਕਰਕੇ ਪ੍ਰਮਾਤਮਾ, ਪ੍ਰਭੂ, ਵਾਹਿਗੁਰੂ, ਰਾਮ, ਹਰੀ, ਅੱਲ੍ਹਾ, 7ੴ, ਸੱਚਖੰਡ, ਪਰਮ-ਸੁਖ, ਅੰਮ੍ਰਿਤ, ਅਜਰ ਤਕ ਪਹੁੰਚ ਸਕਾਂਗੇ। ਭਾਵੇਂ ਕਿਸੇ ਨਾਮ ਨਾਲ ਪੁਕਾਰੋ ਉਹ ਮੰਜ਼ਲ ਇਕ ਹੀ ਹੈ। ਇਸ ਯਾਤਰਾ ਵਾਸਤੇ -

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ
ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।
ਡਾ. ਭਾਈ ਵੀਰ ਸਿੰਘ ਜੀ

ਮਾਰਗ ਮਿਲ ਗਿਆ ਹੈ। ਮਨੁੱਖਾ ਜੀਵਨ ਵੀ ਮਿਲ ਗਿਆ, ਧਰਮ ਵੀ ਮਿਲ ਗਿਆ, ਸ਼ਰਧਾ ਵੀ ਜਾਗ ਪਈ ਹੁਣ ਚਲਣਾ ਤਾਂ ਪਾਂਧੀ ਨੇ ਹੀ ਹੈ। ਗੁਰਬਾਣੀ, (ਸਿੱਖ ਧਰਮ), ਗੁਰਮਤਿ ਦਾ ਸਾਰ ਹੈ - 'ਸੁਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ) ਇਸ ਵਿਚ ਹੀ ਜੀਵਨ ਦੇ ਚਾਰੇ ਪਦਾਰਥ (ਧਰਮ, ਅਰਥ, ਕਾਮ ਅਤੇ ਮੁਕਤੀ) ਸਮਾਏ ਹੋਏ ਹਨ। ਜੋ ਧਰਮ ਤੇ ਚਲਦਾ ਹੈ ਉਸ ਦੇ ਪਿੱਛੇ ਮਾਇਆ, ਰਿੱਧੀਆਂ-ਸਿੱਧੀਆਂ ਲਗ ਤੁਰਦੀਆਂ ਹਨ ਅਤੇ ਕਾਮਨਾਵਾਂ ਦੀ ਪੂਰਨਤਾ ਵੀ ਹੋਣ ਲਗ ਜਾਂਦੀ ਹੈ ਪਰ ਬਹੁਤੇ ਤਾਂ ਇਸ ਤੀਜੀ ਪਉੜੀ ਕਾਮ-ਭੋਗਾਂ ਵਿਚ ਹੀ ਫਸੇ ਰਹਿ ਜਾਂਦੇ ਹਨ ਅਤੇ ਚੌਥਾ ਕਦਮ ਭੁੱਲ ਹੀ ਜਾਂਦੇ ਹਨ। ਉਪਰਲੇ ਡੰਡੇ ਤੋਂ ਡਿੱਗ ਪੈਂਦੇ ਹਨ ਫਿਰ ਨਵੀਂ ਓਹੀ ਯਾਤਰਾ (ਦੁਖਾਂ ਭਰੀ) ਸ਼ੁਰੂ ਹੋ ਜਾਂਦੀ ਹੈ। ਪਰ ਜਿਹੜੇ -

ਬਹੁਤ ਜਨਮ ਬਿਛੁਰੇ ਥੇ ਮਾਧਉ
ਇਹੁ ਜਨਮੁ ਤੁਮ੍ਹਾਰੇ ਲੇਖੇ ॥ ਅੰਗ - ੬੯੪

ਲਾ ਦਿੰਦੇ ਹਨ। ਸਫਲਤਾ ਪ੍ਰਾਪਤ ਕਰਕੇ ਇਸ ਪੰਜ ਭੂਤ ਦੇਹ ਨੂੰ ਛੱਡਣ ਲੱਗੇ ਇਉਂ ਕਹਿ ਦਿੰਦੇ ਹਨ -

ਕਬੀਰ ਜਬ ਹਮ ਆਏ ਜਗਤ ਮੇਂ ਜਗ ਹੱਸੇ ਹਮ ਰੋਏ।
ਐਸੀ ਕਰਨੀ ਕਰ ਚਲੇ ਹਮ ਹਸੇ ਜਗ ਰੋਏ।

2. ਸਾਰੀ ਦੁਨੀਆਂ ਵਿਚ ਅਮਰੀਕਾ ਦੇਸ਼ ਵਿਗਿਆਨ ਵਿਚ ਸਭ ਤੋਂ ਅੱਗੇ ਹੈ। ਤਾਕਤ ਅਤੇ ਖੁਸ਼ਹਾਲੀ ਵਿਚ ਪਰ ਅੰਦਰੋਂ ਬਹੁਤ ਹੀ ਤਨਾਵ ਹੈ। ਹਿਰਦੇ ਰੋਗ ਸਭ ਤੋਂ ਪਹਿਲਾਂ ਇਸ ਦੇਸ਼ ਵਿਚ ਹੀ ਆਰੰਭ ਹੋਇਆ ਅਤੇ ਬਹੁਤ ਤੇਜ਼ੀ ਨਾਲ ਵਧਣ ਲਗ ਗਿਆ। Dr. Dean Ornish M.D. ਜੋ ਸਵਾਮੀ ਸਚਿਦਾਨੰਦ ਦਾ ਚੇਲਾ ਸੀ, ਨੇ ਇਸ ਰੋਗ ਦੀ ਕੋਜ 1970

ਮਿਟੀ ਰਤਵਾੜਾ ਸਾਹਿਬ ਦੀ

ਅਵਤਾਰ ਸਿੰਘ, ਆਤਮ ਮਾਰਗ ਦਫਤਰ

ਮਿੱਟੀ ਰਤਵਾੜਾ ਸਾਹਿਬ ਦੀ ਪਈ ਵਾਜਾਂ ਮਾਰੇ।
ਚੁੱਪ ਪਏ ਨੇ ਫੁੱਲ ਬੂਟੇ ਨਾਲੇ ਧਰਤਿ ਪੁਕਾਰੇ
ਛੱਡ ਸਰੀਰ ਸਮਾ ਗਏ ਕਣ ਕਣ ਵਿਚ ਸਾਰੇ
ਮਿੱਟੀ ਰਤਵਾੜਾ ਸਾਹਿਬ ਦੀ.....।
ਗੁਰਬਚਨ ਕਮਾਏ ਬਾਬਾ ਜੀ ਰਿਦੇ ਧਾਰ ਗਰੀਬੀ,
ਰੂਪ ਬਣ ਗਏ ਰੱਬ ਦਾ ਰਿਸ਼ਤਾ ਹੋਇਆ ਕਰੀਬੀ।
ਪੰਜ ਠੱਗਾਂ ਨੂੰ ਮਾਰਿਆ ਮੇਰੇ ਪ੍ਰੀਤਮ ਪਿਆਰੇ,
ਮਿੱਟੀ ਰਤਵਾੜਾ ਸਾਹਿਬ ਦੀ.....।
ਘਰ-ਘਰ, ਪਿੰਡ-ਪਿੰਡ ਪਹੁੰਚ ਕੇ ਸਤਿਸੰਗ ਸੀ ਲਾਉਂਦੇ,
ਬਾਣੀ ਬਾਰੇ ਦਸਦੇ ਗੁਰ ਇਤਿਹਾਸ ਸੁਣਾਉਂਦੇ।
ਦੂਜਿਆਂ ਨੂੰ ਸੁੱਖ ਦੇ ਦਿੰਦੇ ਆਪ ਦਰਦ ਸਹਾਰੇ।
ਮਿੱਟੀ ਰਤਵਾੜਾ ਸਾਹਿਬ ਦੀ.....।
ਮਹਿਮਾ ਉਨ੍ਹਾਂ ਦੀ ਉਚੀ ਹੈ, ਸੁੱਚੀ ਹੈ,
ਕੋਈ ਜਾਣ ਨ ਸਕਿਆ
ਜਿਹੜੇ ਪਿਆਰ ਉਨ੍ਹਾਂ ਦੇ ਵਿਚ ਭਿੱਜ ਗਏ
ਉਨ੍ਹਾਂ ਨੇੜਿਓਂ ਤੱਕਿਆ।
ਭੇਟ ਕਰਨ ਫੁੱਲ ਸ਼ਰਧਾ ਦੇ, ਅੱਜ ਕਈ ਬੁਲਾਰੇ।
ਮਿੱਟੀ ਰਤਵਾੜਾ ਸਾਹਿਬ ਦੀ.....।
ਇਹ ਜੋ ਬੂਟਾ ਸਿੱਖੀ ਦਾ ਗੁਰੂਆਂ ਨੇ ਲਾਇਆ,
ਬਾਬਾ ਜੀ ਨੇ ਵੀ ਆਣ ਕੇ ਇਹਨੂੰ ਪਾਣੀ ਪਾਇਆ।
ਗੁਰਮਤਿ ਤੇ ਪਾ ਚਾਨਣਾ ਲੜ ਗੁਰ ਲਾਏ ਸਾਰੇ,
ਮਿੱਟੀ ਰਤਵਾੜਾ ਸਾਹਿਬ ਦੀ.....।
ਬਚਨ ਉਨ੍ਹਾਂ ਦੇ ਸੁਣ ਰਹੇ ਕਈ ਪੜ੍ਹ ਰਹੇ
ਜੋ ਮੈਗਜ਼ੀਨ ਵਿਚ ਆਉਂਦੇ,
ਕਰਨ ਕਮਾਈ ਨਾਮ ਦੀ ਜਿੰਦ ਲੇਖੇ ਲਾਉਂਦੇ।
ਲੇਖੇ ਲਾ ਸਰੀਰ ਨੂੰ ਲੈਣ ਨਾਮ ਹੁਲਾਰੇ
ਮਿੱਟੀ ਰਤਵਾੜਾ ਸਾਹਿਬ ਦੀ.....
ਹੁਣ ਅੱਖਾਂ ਤਰਸਣ ਦੀਦ ਨੂੰ ਇਕ ਝਲਕ ਦਿਖਾ ਦਿਓ,
ਦੁਖਾਂ ਦੀ ਪਈ ਜੰਜੀਰ ਨੂੰ ਸਾਡੇ ਗਲ 'ਚੋਂ ਲਾਹ ਦਿਓ।
ਯੁੱਗ ਪੁਰਸ਼ ਸੀ ਬਾਬਾ ਜੀ ਕਲਜੁੱਗ ਦੇ ਭਾਰੇ
ਮਿੱਟੀ ਰਤਵਾੜਾ ਸਾਹਿਬ ਦੀ.....।

ਵਿਚ ਹੀ ਸ਼ੁਰੂ ਕਰ ਦਿਤੀ। ਵੀਹ ਸਾਲਾਂ ਤੱਕ ਡੂੰਘੀ ਵਿਗਿਆਨਕ ਢੰਗ ਨਾਲ ਖੋਜ ਕਰਕੇ ਸਾਰੀ ਦੁਨੀਆਂ ਨੂੰ ਹੈਰਾਨ ਕਰ ਦਿਖਾਇਆ। ਵੱਡੇ ਤੋਂ ਵੱਡੇ ਵਿਗਿਆਨਕ, ਡਾਕਟਰ, ਬੁੱਧੀ ਜੀਵ, ਰੋਗੀ ਜਗਤ ਵੇਖ ਕੇ ਹੈਰਾਨ ਰਹਿ ਗਏ ਜਿਵੇਂ ਰੱਬ ਹਿਰਦੇ ਰੋਗੀਆਂ ਦੇ ਦੁੱਖ ਦੂਰ ਕਰਨ ਧਰਤੀ ਮਾਤਾ ਤੇ ਆ ਗਿਆ ਹੋਵੇ। 1990 ਵਿਚ ਲਿਖਤ ਰੂਪ ਵਿਚ ਐਲਾਨ ਹੋ ਗਿਆ ਕਿ ਹਿਰਦੇ ਰੋਗ ਤੋਂ ਬਚਾਵ ਹੀ ਨਹੀਂ, ਸਗੋਂ ਭਿਆਨਕ ਹਿਰਦੇ ਰੋਗ ਤੋਂ ਮੁਕਤੀ ਵੀ ਸੰਭਵ ਹੈ। ਪਰ ਜੀਵਨ ਸ਼ੈਲੀ ਬਦਲੀ ਕਰਨੀ ਪਵੇਗੀ। ਰੱਬ ਨੂੰ ਮਿਲਣ ਵਾਸਤੇ ਵੀ ਤਾਂ ਬਾਹਰਮੁਖੀ ਮਾਰਗ ਬਦਲ ਕੇ ਅੰਦਰਮੁਖੀ ਹੋਏ ਤੋਂ ਬਿਨਾਂ ਅਖੀਰ ਤਕ ਨਹੀਂ ਪਹੁੰਚ ਸਕਦੇ। ਜੋ ਚਲੇਗਾ ਉਹੀ ਸਰਬ ਸੁੱਖਾਂ ਦੀ ਪ੍ਰਾਪਤੀ ਕਰੇਗਾ।

ਅਪਨੀ ਮੁਕਤੀ ਅਪਨੇ ਹਾਥ
ਅਪਨਾ ਪ੍ਰਾਕਰਮ ਅਪਨਾ ਪੁਰਸਾਰਥ।

ਮੈਂ ਬਹੁਤ ਵਡਭਾਗੀ ਹਾਂ ਜੋ ਅਮਰੀਕਾ ਫੇਰੀ ਦੇ ਸਮੇਂ ਦੱਸ ਦਿਨਾਂ ਦਾ ਅੰਤਰਰਾਸ਼ਟਰੀ Yoga of the Heart ਕੋਰਸ ਕਰਨ ਦਾ ਮੌਕਾ ਮਿਲਿਆ। ਇਸ ਕੋਰਸ ਨੂੰ ਸ੍ਰੀ ਮਤੀ Nishchakla Joy Devi ਨੇ ਚਲਾਇਆ ਜੋ ਕਿ Dr. Dean Ornish M D ਦੇ Reversal of Heart Disease Program 'ਚੀਂ Director ਸੀ। ਵੈਸੇ ਤਾਂ ਡਾ. ਡੀਨ ਆਰਨੀਸ ਦੀ ਪੁਸਤਕ 1996 ਵਿਚ ਹੀ ਮੇਰੇ ਹੱਥ ਆ ਚੁੱਕੀ ਸੀ, ਪਰ ਇਨ੍ਹਾਂ ਦੱਸਾਂ ਦਿਨਾਂ ਵਿਚ ਹੀ ਬਹੁਤ ਕੁਝ ਪ੍ਰਾਪਤੀ, ਜਾਣਕਾਰੀ ਹੋਈ। ਅਮਰੀਕਾ ਵਿਚ ਇਕ ਸਾਲ ਵਿਚ ਕੋਈ ਪੰਜਾਹ ਹਜ਼ਾਰ ਐਸੇ ਰੋਗੀ ਹਨ ਜਿਨ੍ਹਾਂ ਨੂੰ ਹਸਪਤਾਲ ਵਾਲੇ ਕਹਿ ਦਿੰਦੇ ਹਨ ਕਿ ਹੁਣ ਤਾਂ ਥੋੜ੍ਹੇ ਦਿਨ ਹੀ ਹੋਰ ਜੀ ਸਕਦਾ ਹੈਂ, ਘਰ ਲੈ ਜਾਵੋ ਅਤੇ ਦੇਖ-ਭਾਲ, ਸੇਵਾ ਕਰ ਲਵੋ ਪਰ -

ਜਿਸ ਕਾ ਸਾਸੁ ਨ ਕਾਢਤ ਆਪਿ ॥
ਤਾ ਕਉ ਰਾਖਤ ਦੇ ਕਰਿ ਹਾਥ ॥ ਅੰਗ - ੨੮੬

ਸਾਡੇ ਕੈਂਪ ਦੇ ਦੌਰਾਨ ਹੀ ਇਕ ਅੱਸੀ ਸਾਲ ਦੀ ਜੋੜੀ ਪਤੀ-ਪਤਨੀ ਨੇ ਸਾਨੂੰ ਵੇਰਵੇ ਸਹਿਤ ਸਾਰੀ ਹੱਡ-ਬੀਤੀ ਤੇ ਲੈਕਚਰ ਦਿਤਾ। ਸੋਲਾਂ ਸਾਲ ਪਹਿਲਾਂ ਪਤੀ ਨੂੰ ਭਿਆਨਕ ਹਿਰਦੇ ਰੋਗ ਕਰਕੇ ਅਤੇ ਪਤਨੀ ਨੂੰ ਕੈਂਸਰ ਕਰਕੇ ਹਸਪਤਾਲ ਤੋਂ ਖਾਰਜ ਕੀਤਾ ਗਿਆ ਸੀ ਪਰ ਅੱਜ ਦੋਵੇਂ ਬਿਲਕੁਲ ਤੰਦਰੁਸਤ ਸਨ। ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਦੇ ਡੇਰੇ (ਰਤਵਾੜਾ ਸਾਹਿਬ) ਇਕ ਬੁੱਢੀ ਮਾਤਾ ਆਈ ਸੀ ਜਿਸਨੂੰ ਕਈ ਰੋਗ ਸਨ। ਪੀ.ਜੀ.ਆਈ ਵਿਚ ਕਈ ਸਾਲਾਂ ਤੋਂ ਇਲਾਜ ਚੱਲ ਰਿਹਾ ਸੀ ਪਰ ਰੋਗ ਵਧਦੇ ਹੀ ਗਏ। ਬਾਬਾ ਜੀ ਨੇ ਕਿਹਾ, ਬੀਬਾ ਨਾਮ ਜਪ ਅਤੇ ਗੁਰਦੁਆਰੇ ਡੇਰੇ ਵਿਚ ਸੇਵਾ ਕਰੀ ਜਾ। ਪਰ ਸ਼ਰਤ ਇਹ ਹੈ ਕਿ ਜਾਪ ਅਤੇ ਸੇਵਾ ਦਿਲ ਲਾ ਕੇ ਕਰੀਂ। ਮਾਤਾ ਕੁਝ ਹੀ ਸਮੇਂ ਵਿਚ ਠੀਕ ਹੋਣ ਲੱਗ ਗਈ। ਇਕ ਤੋਂ ਬਾਅਦ ਇਕ ਰੋਗ ਖਤਮ ਹੋ ਗਏ ਅਤੇ ਪੀ.ਜੀ.ਆਈ ਹਸਪਤਾਲ ਦੇ ਡਾਕਟਰ ਹੈਰਾਨ ਹੋ ਗਏ। ਇਹਨੂੰ ਭਾਵੇਂ ਚਮਤਕਾਰ ਕਹੋ ਭਾਵੇਂ ਕ੍ਰਿਪਾ। ਅੰਦਰੋਂ ਦੂਜਾ

ਭਾਵ ਖਤਮ ਹੋ ਗਿਆ –

ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥

ਅੰਗ – ੧੩੪

ਇਕੋ ਦਾ ਆਸਰਾ ਰਹਿ ਗਿਆ ਸਭ ਆਸਰੇ ਆਸਕਤੀਆਂ ਛੁੱਟ ਗਈਆਂ। ਹਉਮੈ (ਮੈਂ-ਮੇਰੀ) ਖਤਮ ਹੋ ਗਈ ਜਿਸ ਦੇ ਕਰਕੇ ਰੋਗ ਸਨ 'ਹਉਮੈ ਦੀਰਘ ਰੋਗੁ ਹੈ।' ਹਉਮੈ ਖਤਮ ਹੋਣ ਤੇ ਹੀ ਪ੍ਰਭੂ ਦਾ ਦਰਵਾਜ਼ਾ ਖੁਲ੍ਹਦਾ ਹੈ ਤੇ ਸੱਚਖੰਡ ਵਿਚ ਦਾਖਲਾ ਮਿਲਦਾ ਹੈ।

ਹਉਮੈ ਬੂਝੈ ਤਾ ਦਰੁ ਸੂਝੈ ॥
ਗਿਆਨ ਵਿਹੂਣਾ ਕਥਿ ਕਥਿ ਲੂਝੈ ॥

ਅੰਗ – ੪੬੬

ਗਿਆਨ ਦੀ ਪ੍ਰਾਪਤੀ ਜ਼ਰੂਰੀ ਹੈ ਅਤੇ ਗਿਆਨ ਗੁਰੂ ਪਾਸੋਂ ਹੀ ਮਿਲਦਾ ਹੈ ਜੋ ਇਸ ਮਾਰਗ ਤੇ ਕਦਮ-ਕਦਮ ਚੱਲ ਚੁਕਿਆ ਹੋਵੇ। ਇਹ ਲੇਖ ਅਨੁਭਵੀ ਗਿਆਨ ਹੀ ਹੈ।

3. ਮੈਂ ਸੈਂਤੀ ਸਾਲ ਦੀ ਫੌਜੀ ਸੇਵਾ ਵਿਚ ਕਦੇ ਵੀ ਬਿਮਾਰ ਨਹੀਂ ਸੀ ਹੋਇਆ। ਲੰਮਾ ਸਰੀ, ਪਤਲਾ, ਤੰਦਰੁਸਤ ਅਤੇ ਚੁਸਤ ਮਿਹਨਤ ਦਾ ਸ਼ੌਕੀਨ ਰਿਹਾ ਹਾਂ। ਫੌਜ ਵਿਚ ਉਚੀ ਪੜ੍ਹਾਈ ਦੇ ਨਾਲ-ਨਾਲ ਯੋਗਾ, ਧਿਆਨ, ਹੋਮਿਓਪੈਥੀ, ਕੁਦਰਤੀ ਇਲਾਜ, ਮਹਾਂਪੁਰਖਾਂ ਦੀਆਂ ਜੀਵਨੀਆਂ ਪੜ੍ਹਨੀਆਂ ਆਦਿ ਦਾ ਸ਼ੌਕ ਬਣਿਆ ਹੀ ਰਿਹਾ। 1989 ਵਿਚ ਰਿਟਾਇਰ ਹੋਣ ਤੇ ਅੱਠ ਮਹੀਨੇ ਅੰਦਰ ਹੀ ਭਿਆਨਕ ਹਿਰਦੇ ਰੋਗ ਦਾ ਸ਼ਿਕਾਰ ਹੋ ਗਿਆ। ਤਿੰਨੇ ਨਾਲੀਆਂ ਬੰਦ ਅਤੇ ਹਿਰਦੇ ਦੀ ਸ਼ਕਤੀ ਕੇਵਲ 20% ਰਹਿ ਗਈ। ਦਿੱਲੀ ਦੇ ਪ੍ਰਸਿੱਧ ਡਾਕਟਰ ਨਿਰੇਸ਼ ਤਰੇਹਾਨ ਸਰਜਰੀ ਕਰਨ ਤੋਂ ਨਾਂਹ ਕਰ ਦਿਤੀ। ਕਿਹਾ ਕਿ ਦਵਾਈਆਂ ਨਾਲ ਹੀ ਕੰਮ ਚਲਾਈ ਜਾਵੋ। ਪਰ ਐਸਕੋਰਟ ਹਾਸਪੀਟਲ ਦੇ ਹੀ chief Cardiolugish ਦੇ ਕਹਿਣ ਤੇ ਕਿ ਜੇ ਸਰਜਰੀ ਹੋ ਜਾਵੇ ਤਾਂ ਲਾਭ ਹੋ ਸਕਦਾ ਹੈ, 26 ਅਗਸਤ 1992 ਨੂੰ ਸਰਜਰੀ ਕਰ ਦਿਤੀ ਗਈ। ਬੱਸ ਤਿੰਨ ਮਹੀਨੇ ਬਾਅਦ ਤੋਂ ਹੀ ਕੁਦਰਤ ਦੇ ਵਿਰੁੱਧ ਸਰੀਰ ਨਾਲ ਕੀਤੀ ਗਈ ਕਾਰਵਾਈ ਨੇ ਆਪਣੇ ਰੰਗ ਦਿਖਾਉਣੇ ਆਰੰਭ ਕਰ ਦਿਤੇ। ਹਾਰਟ ਫੇਲ੍ਹ ਹੋ ਗਿਆ। ਦਿੱਲੀ ਹੀ ਸਾਂ। ਬੇਹੋਸ਼ੀ ਵਿਚ ਹੀ ਐਸਕੋਰਟ ਲੈ ਗਏ, ਬਚ ਗਿਆ। ਉਸ ਤੋਂ ਬਾਅਦ ਅੱਜ 15 ਸਾਲ ਤੱਕ ਦੀ ਕਹਾਣੀ ਜੇ ਲਿਖਾਂ ਤਾਂ ਆਪ ਡਰ ਹੀ ਜਾਵੋਗੇ। pace Maker ਡੇਢ ਸਾਲ ਹੀ ਚਲਿਆ, 1934 ਸਾਢੇ ਤਿੰਨ ਸਾਲ ਚੱਲੀ ਅਤੇ ਹੁਣ ਫੇਰ 1934 ਨਵਾਂ ਮਾਡਲ ਪਾਈ ਗਈ। ਦਿੱਲੀ, ਬੰਬੇ ਅਤੇ ਪੂਨਾ ਦੇ ਵੱਡੇ ਪ੍ਰਸਿੱਧ ਡਾਕਟਰਾਂ ਦੇ ਹਿਸਾਬ ਨਾਲ ਮੈਂ ਹੁਣ ਤੋਂ ਤਿੰਨ ਸਾਲ ਪਹਿਲਾਂ ਹੀ ਖਤਮ ਹੋ ਜਾਣਾ ਚਾਹੀਦਾ ਸਾਂ। ਹੈਰਾਨ ਹਨ ਕਿ ਇਹ ਰੋਗੀ ਕਿਵੇਂ ਜਿੰਦਾ ਹੈ ਅਜੇ ਵੀ। ਆਤਮ-ਮਾਰਗ ਦੇ ਪ੍ਰੇਮੀਓ, ਮੈਂ ਦੁਖ ਭੋਗਿਆ ਹੈ –

ਦੁਖ ਦਾਰੂ ਸੁਖ ਰੋਗ ਭਇਆ॥

ਮੈਂ ਜੀਵਨ ਸ਼ੈਲੀ ਵਿਚ ਬਦਲਾਵ ਲਿਆਂਦਾ ਹੈ ਅਤੇ ਅਨੁਭਵ ਕਰਕੇ ਹੀ ਆਪ ਸਭ ਦੇ ਭਲੇ ਵਾਸਤੇ ਇਹ ਲੇਖ ਆਰੰਭ ਕੀਤਾ ਹੈ ਕਿ ਆਪ ਇਸ ਭਿਆਨਕ ਰੋਗ ਤੋਂ ਬਚਾਵ

(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜ ।

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

SUBSCRIPTION (ਦੇਸ਼)

ਸਾਲਾਨਾ	ਜੀਵਨ ਕਾਲ	ਫੀ ਕਾਪੀ
200/-	2000/-	20/-
240/-	2040/-	

SUBSCRIPTION ਵਿਦੇਸ਼

	Annual	Life
U.S.A.	50 US$	500 US$
U.K.	30 £	300 £
Aus.	80 $	800 $
Europ	50 Euro	500 Euro

MEMBERSHIP FORM ✓ ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name .....

ਪਤਾ/Address .....

.....

.....

.....Pin Code.....

Phone..... E-mail :.....

ਮੈਂ.....ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.....ਮਿਤੀ.....ਰਾਹੀਂ ਭੇਜ ਰਿਹਾ ਹਾਂ।

ਦਸਖਤ.....

ATAM MARG MONTHLY MAGAZINE
Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India
Phone : 0160-2255002, 0160-2255009, Email : atammarg1@yahoo.co.in, www.ratwarasahib.org

ਕਰ ਸਕਦੇ ਹੋ ਅਤੇ ਲੱਗੇ ਹੋਏ ਹਿਰਦੇ ਰੋਗ ਤੋਂ ਮੁਕਤੀ ਪਾ ਸਕਦੇ ਹੋ। ਅਮਰੀਕਾ ਦੇ ਡਾ. ਆਰਨੀਸ਼ ਤੋਂ ਸਿਖਿਆ ਪ੍ਰਾਪਤ ਕਰਕੇ, Dr. Bimal Chhajer-M.D. ਭਾਰਤ ਵਿਚ 1995 ਤੋਂ SAAOL Heart Program ਚਲਾ ਰਿਹਾ ਹੈ। ਤਿੰਨ ਦਿਨ ਦਾ ਕੈਂਪ ਕਰਨਾ ਪੈਂਦਾ ਹੈ ਕੇਵਲ ਪੰਦਰਾਂ ਹਜ਼ਾਰ ਰੁਪੈ ਫੀਸ ਹੈ। ਮੈਂ 1997 ਵਿਚ ਮੇਰੀ ਸੁਪਤਨੀ ਨਾਲ ਇਹ ਕੈਂਪ ਕੀਤਾ ਸੀ। ਬਹੁਤ ਲਾਭ ਹੋਇਆ ਪਤੀ-ਪਤਨੀ ਦੋਵਾਂ ਨੂੰ ਹੀ ਜਾਣਾ ਪੈਂਦਾ ਹੈ ਭਾਵੇਂ ਇਕ ਹੀ ਰੋਗੀ ਹੋਵੇ। ਇਹ ਕੈਂਪ ਦਿੱਲੀ, ਬੰਬੇ, ਕਲੱਕਤਾ, ਚੇਨਈ, ਬੰਗਲੌਰ ਅਤੇ ਹੈਦਰਾਬਾਦ ਵਿਚ ਲਗਦਾ ਹੀ ਰਹਿੰਦਾ ਹੈ। ਪੁਸਤਕਾਂ ਅਤੇ ਵੀਸੀਡੀਜ਼ ਵੀ ਮਿਲਦੀਆਂ ਹਨ।

4. SAAOL Heart Program ਦੇ ਪੰਜ ਮੁੱਖ ਅੰਗ ਹਨ। ਸਾਰੇ ਅੰਗਾਂ ਬਾਰੇ ਮੈਂ ਮੋਟੀ-ਮੋਟੀ ਜਾਣਕਾਰੀ ਦੇ ਰਿਹਾ ਹਾਂ। ਅਗਲੇ ਲੇਖ ਵਿਚ ਹਰ ਇਕ ਅੰਗ ਨੂੰ ਵਿਸਤਾਰ ਪੂਰਵਕ ਵਰਨਣ ਕਰਨ ਦੀ ਕੋਸ਼ਿਸ਼ ਕਰਾਂਗਾ ਅਤੇ ਮੈਂ ਇਸ ਤੋਂ ਕੀ ਅਨੁਭਵ ਕੀਤਾ ਸੱਚ, ਪ੍ਰਤੱਖ ਆਪ ਜੀ ਦੇ ਲਾਭ ਵਾਸਤੇ ਭੇਟਾ ਕਰਾਂਗਾ। ਪੰਜ ਅੰਗ ਇਹ ਹਨ -

(ੳ) ਹਿਰਦੇ ਰੋਗ ਕੀ ਹੈ, ਕਿਉਂ ਲਗਦਾ ਹੈ, ਕਿਸਨੂੰ ਲਗਦਾ ਹੈ, ਰੋਗ ਦੀ ਕੀ ਪਹਿਚਾਣ ਹੈ, ਕਿਹੜੇ-ਕਿਹੜੇ ਟੈਸਟ ਕਰਾਉਣੇ ਪੈਂਦੇ ਹਨ। ਕੀ ਦਵਾਈਆਂ ਪਾ ਕੇ ਤਕਲੀਫ ਦਾ ਬਚਾਵ ਹੁੰਦਾ ਹੈ। ਹਾਰਟ ਸਰਜਰੀ, ਇੰਜੋਪਲਾਸਟੀ ਅਤੇ ਇੰਜੋਗ੍ਰਾਫੀ ਕੀ ਹਨ ਅਤੇ ਇਨ੍ਹਾਂ ਦੇ ਕੀ ਨੁਕਸਾਨ ਹਨ। ਸਾਰਾ ਵੇਰਵਾ ਸ਼ਕਲਾਂ ਸਹਿਤ ਸਮਝਾਇਆ ਜਾਵੇਗਾ। ਦੁਖਾਂ-ਰੋਗਾਂ ਤੋਂ ਛੁਟਕਾਰਾ ਪਾਉਣ ਲਈ ਪੂਰੀ-ਪੂਰੀ ਜਾਣਕਾਰੀ ਹੋਣਾ ਅਤੇ ਉਸਦਾ ਵਿਵਹਾਰਿਕ ਰੂਪ ਵਿਚ ਪਾਲਨ ਕਰਨਾ ਜ਼ਰੂਰੀ ਹੈ। ਗਿਆਨ ਅਤੇ ਆਚਰਣ ਇਕੋ ਸਿੱਕੇ ਦੇ ਦੋ ਪਾਸੇ ਹਨ। ਇਕ ਪੰਖ ਵਾਲਾ ਪੰਛੀ ਉਡ ਨਹੀਂ ਸਕਦਾ। ਇਕ ਲੱਤ ਨਾਲ ਚਲ ਨਹੀਂ ਸਕਦਾ। ਗੁਰਮਤਿ ਵਿਚ ਅੰਮ੍ਰਿਤ ਵੇਲੇ ਸਭ ਤੋਂ ਪਹਿਲਾਂ 'ਆਸਾ ਜੀ ਦੀ ਵਾਰ' ਦਾ ਹੀ ਕੀਰਤਨ ਹੁੰਦਾ ਹੈ ਜੋ ਕੁਦਰਤ ਦੇ ਕਾਨੂੰਨ ਅਤੇ ਸ਼ੀਲ-ਸਦਾਚਾਰ ਅਤੇ ਗਿਆਨ (ਅਨੁਭਵੀ) ਨਾਲ ਭਰਿਆ ਹੋਇਆ ਹੈ।

ਚਲਦਾ.....

(ਅ) ਸਰੀਰ ਦੇ ਹਰ ਅੰਗ ਵਾਸਤੇ ਪੋਸ਼ਟਿਕ ਅਤੇ

ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

ਐਤਵਾਰ - 04, 11, 18, 25, ਨਵੰਬਰ

ਸੰਗਰਾਂਦ - 16 ਨਵੰਬਰ, ਦਿਨ ਸ਼ੁਕਰਵਾਰ।

ਪੂਰਨਮਾਸ਼ੀ - 24 ਨਵੰਬਰ, ਦਿਨ ਸ਼ਨੀਵਾਰ।
(ਸਮਾਂ ਦੁਪਹਿਰ 1 ਵਜੇ ਤੋਂ ਸ਼ਾਮ 3.30 ਵਜੇ ਤੱਕ)

ਅੰਮ੍ਰਿਤ ਸੰਚਾਰ - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

ਨਿਰਮਲ ਡੇਰਾ ਹਿਰਦਾਪੁਰ ਖੇੜੀ - ਮਹੀਨੇ ਦੇ ਆਖਰੀ ਸ਼ਨਿੱਚਰਵਾਰ 24 ਨਵੰਬਰ 2007, ਸਮਾਂ ਦਿਨ ਦੇ - 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

	ਪੰਜਾਬੀ	ਹਿੰਦੀ
1. ਸੁਰਤਿ ਸਬਦਿ ਮਾਰਗ	50/	70/-
2. ਕਿਵ ਕੂੜੈ ਤੁਟੈ ਪਾਲਿ	40/-	35/-
3. ਬਾਤ ਅਗੰਮ ਕੀ -ਸੱਤ ਭਾਗਾਂ ਵਿਚ	155/-	235/-
4. ਕਿਵ ਸਚਿਆਰਾ ਹੋਈਐ -੧	30/-	35/-
5. ਕਿਵ ਸਚਿਆਰਾ ਹੋਈਐ -੨	60/-	65/-
6. ਕਿਵ ਸਚਿਆਰਾ ਹੋਈਐ - ੩	100/-	100/-
7. ਹੋਵੈ ਅਨੰਦੁ ਘਣਾ	25/-	30/-
8. ਚਉਥੈ ਪਹਰਿ ਸਬਾਹ ਕੈ	55/-	60/-
9. ਸੁਰਤਿਆਂ ਉਪਜੈ ਚਾਉ	40/-	40/-
10. ਬਾਬਾਣੀਆਂ ਕਹਾਣੀਆਂ	50/-	50/-
11. ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ	10/-	10/-
12. ਅੰਮ੍ਰਿਤ ਫੁਹਾਰ	10/-	10/-
13. ਅਗੰਮ ਅਗੋਚਰ ਦਾ ਮਾਰਗ	60/-	70/-
14. ਪੁਰਾਤਨ ਟੀਕਾ - ਜਪੁਜੀ ਸਾਹਿਬ	10/-	15/-
15. ਅਮਰ ਜੋਤਾਂ	15/-	15/-
16. ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ		70/-
18. ਅਮਰ ਗਾਥਾ	100/-	100/-
19. ਧਰਮ ਯੁਧ ਕੇ ਚਾਇ	50/-	
20. ਪਵਿਤਰ ਪੈਂਡਾ	25/-	
21. ਭਗਤ ਪ੍ਰਹਿਲਾਦ	10/-	10/-
22. ਵੈਸਾਖੀ	10/-	
23. ਰਾਜ ਯੋਗ	40/-	
24. ਸਾਜਨ ਚਲੇ ਪਿਆਰਿਆ	10/-	10/-
25. ਅਬਿਨਾਸੀ ਜੋਤ ਭਾਗ-1	90/-	
26. ਅਬਿਨਾਸੀ ਜੋਤ ਭਾਗ-2	90/-	
27. ਰੂਹਾਨੀ ਗੁਲਦਸਤਾ -1	60/-	
28. ਰੂਹਾਨੀ ਗੁਲਦਸਤਾ - 2	60/-	
29. ਸੰਤ ਤੁਮਾਰੇ ਤੁਮਰੇ ਪ੍ਰੀਤਮ	50/-	
30. ਅੰਮ੍ਰਿਤ ਬਚਨ ਸਾਧ ਕੀ ਬਾਣੀ	80/-	
31. ਗੁਰੂ ਅਮਰਦਾਸ ਪਰਸੀਐ	50/-	
32. ਭਗਵਤ ਗੀਤਾ.....।	100/-	
33. ਬਿਨ ਗੁਰ ਮੁਕਤਿ ਨ ਹੋਵਈ	10/-	
34. ਅਨੰਦਮਈ ਜੀਵਨ ਜਾਚ	50/-	
35. ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ	25/-	
36. ਅਨੁਭਵੀ ਪ੍ਰਵਚਨ	50/-	
37. ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ	35/-	
38. ਅੰਦਰਲੀ ਖੋਜ	130/-	
39. ਸ਼ਿਮਰਤ ਕਹਾਂ ਨਹੀਂ	135/-	
40. ਰੂਹਾਨੀ ਪ੍ਰਵਚਨ	35/-	

English Version		Price
1.	Baisakhi	Rs. 5/-
2.	How Rend The Veil of Untruth	Rs. 70/-
C.	Discourses on the Beyond-1	Rs 50/-
4.	Discourses on the Beyond -2	Rs. 50/-
5.	Discourses on the Beyond -3	Rs. 50/-
6.	Discourses on the Beyond -4	Rs. 60/-
7.	Discourses on the Beyond -5	Rs. 60/-
8.	The way to the imperceptible	Rs. 80/-
9.	The Lights Immortal	Rs. 20/-
10.	Transcendental Bliss	Rs. 70/-
11.	How to Know Thy Real Self-(Vol-1)	Rs. 80/-
12.	How to Know Thy Real Self-(Vol-2)	Rs. 80/-
13.	How to Know Thy Real Self-(Vol-3)	Rs. 110/-
14.	The Dawn of Khalsa Ideals	Rs. 10/-
15.	A Glimpse of His Holiness - Baba ji	Rs. 5/-

ਆਤਮ ਮਾਰਗ ਉਪਦੇਸ਼





1 ਨਵੰਬਰ, 2007. ਤੋਂ ਸੁਰੂ ਹੋ ਰਿਹਾ ਹੈ

TIME TV

ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਗੁ.ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਾਲਿਆਂ
ਦੇ ਆਤਮ ਮਾਰਗ ਕੀਰਤਨ ਉਪਦੇਸ਼ ਅਤੇ ਰੂਹਾਨੀ ਪ੍ਰਬਚਨਾਂ ਦਾ ਸਿੱਧਾ ਪ੍ਰਸਾਰਣ

ਟਾਈਮ ਟੀ.ਵੀ.

ਟਾਈਮ ਟੀ.ਵੀ. ਚੈਨਲ ਤੇ ਡੀ.ਡੀ.ਪਲੱਸ ਡੀ.ਟੀ. ਐਚ. ਡਿੱਸ਼ ਤੇ

1 ਨਵੰਬਰ, 2007 ਤੋਂ

ਸਮਾਂ : ਹਰ ਰੋਜ ਸ਼ਾਮ 6.15 ਤੋਂ 6.45 ਵਜੇ ਤੱਕ ਸੁਰੂ ਹੋ ਰਿਹਾ ਹੈ।

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਪ ਜੀ ਡੀ.ਡੀ.ਪਲੱਸ ਅਤੇ ਡੀ.ਟੀ. ਐਚ. ਡਿੱਸ਼ ਰਾਹੀਂ
ਸਿੱਧਾ ਪ੍ਰਸਾਰਣ ਟਾਈਮ ਟੀ.ਵੀ. ਚੈਨਲ ਪਲੇਟਫਾਰਮ ਤੇ ਵੇਖੋ।

Mobile
09417214385
09417214378
09472814385
Website:
www.ratwarasahibmedia.org
E mail:
avideolab@yahoo.com



ਆਤਮ ਮਾਰਗ
ਕੇਬਲ ਟੀ.ਵੀ. ਨੈਟਵਰਕ

ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰਸਟ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ ਸਿਧਾਤਾਂ ਨੂੰ ਸੌਖੀ ਬੋਲੀ ਵਿੱਚ ਮਹਾਂਪੁਰਖਾਂ ਦੇ ਕਮਾਏ ਹੋਏ ਸ਼ਬਦ ਕੀਰਤਨ ਅਤੇ ਰੂਹਾਨੀ ਪ੍ਰਬਚਨਾਂ ਦੀਆਂ ਵੀਡੀਓ ਫਿਲਮਾਂ ਆਪ ਜੀ ਤੱਕ ਕੇਬਲ ਟੀ.ਵੀ. ਨੈਟਵਰਕ ਰਾਹੀਂ ਆਤਮ ਮਾਰਗ ਚੈਨਲ ਪਿਛਲੇ 2 ਸਾਲ ਤੋਂ ਦਿਖਾਇਆ ਜਾ ਰਿਹਾ ਹੈ।



ਇਹ ਆਤਮ ਮਾਰਗ ਟੀ.ਵੀ. ਚੈਨਲ ਤੁਹਾਡੇ ਆਪਣੇ ਪਿੰਡਾਂ ਅਤੇ ਸ਼ਹਿਰ ਵਿੱਚ 24 ਘੰਟੇ ਜਿਵੇ ਮੁਲਾਂਪੁਰ ਗਰੀਬਦਾਸ, ਚੰਡੀਗੜ੍ਹ, ਬਨੂੰੜ, ਰਾਜਪੁਰਾ, ਪਟਿਆਲਾ, ਸਰਹੰਦ, ਗੋਬਿੰਦਗੜ, ਮੋਰਿੰਡਾ, ਚਮਕੌਰ ਸਾਹਿਬ, ਕੁਰਾਲੀ, ਰੋਪੜ-1, ਰੋਪੜ-2, ਕੀਰਤਪੁਰ ਸਾਹਿਬ, ਗੁ.ਰਤਵਾੜਾ ਸਾਹਿਬ ਦੇ ਇਲਾਕਿਆਂ ਵਿੱਚ ਕੇਬਲ ਟੀ. ਵੀ. ਨੇਟਵਰਕਾਂ ਤੇ ਪਿਛਲੇ ੨ ਸਾਲ ਤੋਂ ਚੱਲ ਰਿਹਾ ਹੈ।

ਸਾਧ ਸੰਗਤ ਨੂੰ ਬੇਨਤੀ ਹੈ ਕਿ ਆਪ ਜੀ ਕੀਰਤਨ ਪ੍ਰਬਚਨਾਂ ਦੇ ਲਾਹੇ ਪ੍ਰਾਪਤ ਕਰੋ ਤੇ ਹੋਰਾਂ ਨੂੰ ਵੀ ਦੱਸੋ ਜੀ॥

ਵੱਲੋਂ:- ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੇਰੀਟੇਬਲ ਟਰੱਸਟ ਗੁ.ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ